# ਰੂਹਾਨੀ ਰਾਹ

(ਕਾਵਿ-ਸੰਗ੍ਰਹਿ)

**ਏਸੇ ਕਲਮ ਤੋਂ :**

1. ਧਰਮ ਤੇ ਵਿਰਸੇ ਦੀ ਖ਼ੁਸ਼ਬੋ
2. ਸੱਚ ਦੀ ਲੋਅ
3. ਅਨਮੋਲ ਅਨੁਭਵ ਮਿੱਠੀਆਂ ਯਾਦਾਂ
4. ਅਰਸ਼ੀ ਕਿਰਨਾਂ
5. ਲੋਕ ਪਰਲੋਕ

# ਰੂਹਾਨੀ ਰਾਹ

(ਕਾਵਿ-ਸੰਗ੍ਰਹਿ)

**ਤ੍ਰਿਲੋਕ ਸਿੰਘ 'ਅਰਸ਼ੀ'**

International Publishers
of Indian and Foreign Languages

**Representation Offices**
• 596 Street, Madera, California-93638
• 8 Automatic Rd, Unit 2C, Brampton L6S 3N5, Canada

*Poetry / Sikh Religion*

ISBN : 978-93-5068-320-0
Price : 300/-

**Roohani Raah**

*by*

**Tirlok Singh Arshi**

509, Sector 54, Ajitgarh, Mohali-160045
Ph : 0172-4600080
&
6967 Dumfries Street, E-53 Avenue, V5 P-3C 1
Vancouver-B.C. Canada
Phone. 604-330-4568

2013
Lokgeet Parkashan
S.C.O. 26-27, Sector 34 A, Chandigarh-160022
Ph.0172-5077427, 5077428
email : lokgeetparkashan@gmail.com
website : www.unistarbooks.com
Punjabi Bhawan, Ludhiana
Printed & bound at Unistar Books Pvt. Ltd.
301, Industrial Area, Phase-9,
S.A.S. Nagar, Mohali-Chandigarh (India)
Mob: 98154-71219

*© 2013*
*Produced and bound in India*

*All rights reserved*
*This book is sold subject to the condition that it shall not, by way of trade or otherwise, be lent, resold, hired out, or otherwise circulated without the publisher's prior written consent in any form of binding or cover other than that in which it is published and without a similar condition including this condition being imposed on the subsequent purchaser and without limiting the rights under copyright reserved above, no part of this publication may be reproduced, stored in or introduced into a retrieval system, or transmitted in any form or by any means(electronic, mechanical, photocopying, recording or otherwise), without the prior written permission of both the copyright owner and the above-mentioned publisher of this book.*

# ਸ਼ੁਕਰ...ਸ਼ੁਕਰ...ਸ਼ੁਕਰ...ਸ਼ੁਕਰਾਨਾ

ਸ਼ਬਦ ਗੁਰੂ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਰਗੁਣ ਸਰੂਪ, ਜ਼ਾਹਰਾ ਜ਼ਹੂਰ, ਹਾਜ਼ਰਾ ਹਜ਼ੂਰ, ਸਰਬ ਕਲਾ ਭਰਪੂਰ, ਜਾਗਦੀ ਜੋਤ, ਸਰਬ ਵਿਆਪਕ, ਪ੍ਰਤੱਖ ਤੇ ਪ੍ਰਗਟ ਰੂਪ ਵਿੱਚ ਪੂਰਨ ਤੇ ਸੱਚੇ ਸਤਿਗੁਰੂ ਦੇ ਪਾਵਨ ਚਰਨਾਂ ਵਿੱਚ, ਮਨ ਬਚਨ ਤੇ ਕਰਮ ਤੋਂ ਸਮਰਪਣ ਹੋ ਕੇ ਬਾਅਦਬ ਲੱਖ-ਲੱਖ ਵਾਰ ਸ਼ੁਕਰਾਨਾ ਤੇ ਧੰਨਵਾਦ ਹੈ। ਜਿਨ੍ਹਾਂ ਨੇ ਵੱਡੀ ਰਹਿਮਤ ਕਰਕੇ '**ਅਗਨਿ ਸਾਗਰ ਬੂਡਤ ਸੰਸਾਰਾ॥ ਨਾਨਕ ਬਾਂਹ ਪਕਰਿ ਸਤਿਗੁਰਿ ਨਿਸਤਾਰਾ॥**' ਦੀ ਕਲਾ ਵਰਤਾਕੇ, ਦਾਸਰੇ ਨੂੰ ਆਪਣੇ ਪਾਵਨ ਚਰਨਾਂ ਵਿੱਚ ਬੈਠਣ, ਸਨਮੁਖ ਹੋਕੇ ਦਰਸ਼ਨ ਦੀਦਾਰੇ ਕਰਨ, ਪਵਿੱਤਰ ਬਾਣੀ ਨੂੰ ਪੜ੍ਹਣ, ਸੁਣਨ ਤੇ ਵਿਚਾਰਨ ਦੀ ਵੱਡੀ ਕਿਰਪਾਲਤਾ ਕੀਤੀ ਹੈ। ਤਨ ਤੇ ਮਨ ਦੀਆਂ ਤੰਦਰੁਸਤੀਆਂ ਤੇ ਸੋਝੀਆਂ ਬਖਸ਼ੀਆਂ ਹਨ। ਜੀਵਨ ਹਾਲਾਤ ਸੁਖਾਵੇਂ ਤੇ ਸੁਹਾਵਣੇ ਕੀਤੇ ਹਨ। ਪਰਿਵਾਰਕ ਤੇ ਸੰਸਾਰਿਕ ਸੁੱਖ ਸੁਵਿਧਾਵਾਂ ਪ੍ਰਦਾਨੀਆਂ ਹਨ ਅਤੇ ਦਾਸਰੇ ਨੂੰ ਪਰਵਿਰਤੀ ਵਿੱਚੋਂ ਕੱਢ ਕੇ ਆਪਣੀ ਨਿਰਵਿਰਤੀ ਵਿੱਚ ਜੋੜਿਆ ਤੇ ਮਿਹਰਾਂ ਭਰਿਆ ਹੱਥ ਸਿਰ ਤੇ ਰੱਖਿਆ ਹੈ। ਇਸ ਅਪਾਰ ਬਖਸ਼ਿਸ਼ ਲਈ ਹਿਰਦਾ ਆਪ ਮੁਹਾਰੇ ਬੋਲ ਤੇ ਸ਼ੁਕਰਾ ਰਿਹਾ ਹੈ।

**"ਜਾ ਤੂੰ ਮੇਰੈ ਵਲਿ ਹੈ ਤਾ ਕਿਆ ਮੁਹਛੰਦਾ॥**
**ਤੁਧੁ ਸਭੁ ਕਿਛੁ ਮੈਨੋ ਸਉਪਿਆ ਜਾ ਤੇਰਾ ਬੰਦਾ॥**
**ਲਖਮੀ ਤੋਟਿ ਨ ਆਵਈ ਖਾਇ ਖਰਚਿ ਰਹੰਦਾ॥**
**ਲਖ ਚਉਰਾਸੀਹ ਮੇਦਨੀ ਸਭ ਸੇਵ ਕਰੰਦਾ॥**
**ਏਹ ਵੈਰੀ ਮਿਤ੍ਰ ਸਭਿ ਕੀਤਿਆ ਨਹ ਮੰਗਹਿ ਮੰਦਾ॥**
**ਲੇਖਾ ਕੋਇ ਨ ਪੁਛਈ ਜਾ ਹਰਿ ਬਖਸੰਦਾ॥**
**ਅਨੰਦ ਭਇਆ ਸੁਖ ਪਾਇਆ ਮਿਲਿ ਗੁਰ ਗੋਵਿੰਦਾ॥**
**ਸਭੇ ਕਾਜ ਸਵਾਰੀਐ ਜਾ ਤੁਧੁ ਭਾਵੰਦਾ॥"**

**(ਪੰਨਾ 1096 ਗੁ. ਗ੍ਰੰ. ਸਾ.)**

ਜਿਸ ਲਈ ਲੱਖ ਸ਼ੁਕਰ ਹੈ....ਲੱਖ ਸ਼ੁਕਰ ਹੈ....ਲੱਖ ਸ਼ੁਕਰ ਹੈ।

**ਤ੍ਰਿਲੋਕ ਸਿੰਘ 'ਅਰਸ਼ੀ'**

# ਤਤਕਰਾ


| | |
|---|---|
| * ਕਾਵਿ ਰਚਨਾ ਬਾਰੇ ਕੁੱਝ ਸ਼ਬਦ ਆਪਣੇ ਵੱਲੋਂ | 9 |
| 1. ਰਾਹ ਰੂਹਾਨੀ ਨਿਰਮਲ ਪੈਂਡਾ | 15 |
| 2. ਆਤਮ ਚਿੰਤਨ | 17 |
| 3. ਲਿਵ ਧਾਤ ਦੋ ਰਾਹ ਹਨ | 19 |
| 4. ਧਰਮ | 21 |
| 5. ਸੁਰਤੀ ਬਿਰਤੀ | 23 |
| 6. ਇਕ ਸੁਨੇਹਾ (ਗੀਤ) | 25 |
| 7. ਜੀਵਨ ਨੂੰ ਸਫਲ ਬਣਾਉਣ ਲਈ (ਗਜ਼ਲ) | 27 |
| 8. ਜੋ ਤੁਰਦੇ ਓਹੀ ਪੁੱਜਦੇ ਹਨ (ਗਜ਼ਲ) | 28 |
| 9. ਟੀਚੇ ਤੱਕ ਪੁੱਜਣਾ | 29 |
| 10. ਹੇ ਮਿਹਰਾਂ ਵਾਲੇ ਅਰਸ਼ੀ ਸਾਈਆਂ (ਗੀਤ) | 31 |
| 11. ਮੈਂ ਨਹੀਂ ਹੈ ਕੇਵਲ ਓਹੀ | 33 |
| 12. ਦ੍ਰਿੜ ਸੰਕਲਪ ਪੱਕੇ ਇਰਾਦੇ | 35 |
| 13. ਸਿੱਖੀ ਸਿਖਿਆ ਗੁਰ ਵੀਚਾਰ | 36 |
| 14. ਜੀਵਨ ਜੁਗਤੀ | 38 |
| 15. ਸਾਵਧਾਨ ਚੇਤੰਨੇ ਹੋਣ ਲਈ | 41 |
| 16. ਜੀਵਨ ਮਨੋਰਥ (ਗਜ਼ਲ) | 43 |
| 17. ਜੀਵਨ ਅਮੁੱਲੀ ਦਾਤ ਹੈ | 44 |
| 18. ਸੱਚ ਘਸਵੱਟੀ ਚੜ੍ਹਨ ਲਈ (ਗਜ਼ਲ) | 46 |
| 19. ਮਨ ਨੂੰ ਮਾਰਨਾਂ ਜਨਮ ਸਵਾਰਨਾਂ | 47 |
| 20. ਅਨੋਖੀ ਝੱਲਕੀ (ਗਜ਼ਲ) | 49 |
| 21. ਜੈਸਾ ਸੋਚੇ ਵੈਸਾ ਹੋਵੇ | 50 |
| 22. ਸੁਰਤਾਲ ਹੋ ਗਈ ਜ਼ਿੰਦਗੀ (ਗਜ਼ਲ) | 52 |
| 23. ਜੀਵਨ ਧਾਰਾ | 53 |
| 24. ਜੀਵਨ ਸੁਹੇਲਾ ਹੋ ਗਿਆ (ਗਜ਼ਲ) | 55 |
| 25. ਭਾਵ ਭਿੰਨੀ ਅਰਜੋਈ | 56 |
| 26. ਜੀਵਨ ਯਾਤਰਾ (ਗਜ਼ਲ) | 58 |
| 27. ਅਨੁਭਵ ਤੇ ਅਨੁਮਾਨ ਜੀਵਨ ਦੇ | 59 |
| 28. ਸੱਚ ਦੀ ਹਸਤੀ (ਗਜ਼ਲ) | 61 |
| 29. ਇਹ ਜੱਗ ਕਾਲਖ ਦੀ ਹੈ ਕੋਠੜੀ | 62 |
| 30. ਰੱਬੀ ਰਹਿਮਤ (ਗਜ਼ਲ) | 64 |

31. ਪਰਿਵਰਤਣ-ਤਬਦੀਲੀ 65
32. ਮਾਲਕ ਦਾ ਸ਼ੁਕਰ ਗੁਜ਼ਾਰ ਰਹੇ ਹਾਂ (ਗਜ਼ਲ) 67
33. ਸਿਮਰਨ ਕਰਨਾ-ਯਾਦ ਕਰਨਾ 68
34. ਜੀਵਨ ਸਫ਼ਰ (ਗਜ਼ਲ) 70
35. ਬੰਦੇ ਖੋਜ ਦਿਲ ਹਰ ਰੋਜ਼ 71
36. ਇਕ ਸੂਫੀ ਗੀਤ (ਗੀਤ) 73
37. ਅਸੀਂ ਗੁਰਚਰਨਾਂ ਵਿੱਚ ਰਹਿੰਦਾ ਹਾਂ 76
38. ਝਲਕ ਸਾਈਂ ਦੀ (ਵਿਸਮਾਦੀ ਗੀਤ) 79
39. ਰੂਹਾਨੀ ਰਾਹ ਤੇ ਤੁਰਦਿਆਂ (ਗਜ਼ਲ) 80
40. ਹੈ ਅਮਲਾਂ ਨਾਲ ਬਣਦੀ ਜ਼ਿੰਦਗੀ 82
41. ਇਹ ਧਰਤੀ ਤਾਂ ਧਰਮ ਸਾਲ ਹੈ (ਗਜ਼ਲ) 84
42. ਸਵੈ ਪੜਚੋਲ 85
43. ਜੀਵਨ ਅਜਾਈ ਹੈ ਜਾ ਰਿਹਾ (ਗਜ਼ਲ) 87
44. ਰੱਬੀ ਰਜ਼ਾ ਵਿੱਚ ਰਹਿਣਾਂ 88
45. ਇਕ ਨੂਰੀ ਝਲਕਾਰਾ (ਗਜ਼ਲ) 90
46. ਇਕ ਨਿੱਜੀ ਅਨੁਭਵ ਅਹਿਸਾਸ 91
47. ਬੰਦੇ ਦੀਆਂ ਪਰੇਸ਼ਾਨੀਆਂ (ਗਜ਼ਲ) 93
48. ਨਾਕਾਰਾਤਮਕ ਸੋਚਣੀ 94
49. ਸਾਕਾਰਾਤਮਕ ਸੋਚਣੀ 96
50. ਮਨੁੱਖੀ ਮਨ (ਸੂਫੀ ਗੀਤ) 97
51. ਅਸੀਂ ਸਾਰੇ ਹੀ ਹਾਂ ਯਾਤਰੀ 99
52. ਹੁਣ ਪਿੱਛੇ ਮੁੜ ਨਹੀਂ ਵੇਖਣਾਂ (ਗਜ਼ਲ) 101
53. ਮੈਂ ਸ਼ਾਇਰ ਨਹੀਂ ਹਾਂ 102
54. ਦਿਲੀ ਖਾਹਿਸ਼ (ਸੋਰਠੇ) 104
55. ਗਰਜਾਂ ਲਈ ਰੱਬ ਨੂੰ ਚਿਤਵਨਾਂ 106
56. ਜੀਵਨ ਦਾ ਸੱਚ 108
57. ਹਉਮੈ ਰੋਗ 110
58. ਕਮਲ ਵਾਂਗ ਨਿਰਲੇਪ ਜੀਵਨ 111
59. ਹਾਲਾਤ ਸੁਖਾਵੇਂ ਸੁਖ ਸ਼ਾਂਤੀਆਂ 113
60. ਮਾਨਵੀ ਜ਼ਿੰਦਗੀ (ਗੀਤ) 115
61. ਨਰਕ ਸੁਰਗ 116
62. ਕੈਸਾ ਜਮਾਨਾ ਹੈ ਆ ਗਿਆ (ਗਜ਼ਲ) 118
63. ਪਦਾਰਥਵਾਦੀ ਰੁਚੀਆਂ 119

64. ਇਕ ਓਅੰਕਾਰ (ੴ) ਇੱਕੋ ਰੱਬ 121
65. ੴ ਸਤਿਗੁਰ ਪ੍ਰਸਾਦਿ-ਬੀਜ ਮੰਤਰ 123
66. ਸ਼ਬਦ ਗੁਰੂ-ਗੁਰੂ ਗਰੰਥ ਸਾਹਿਬ ਜੀ 126
67. ਸ਼ਬਦ ਗੁਰ ਪੀਰਾ 128
68. ਬਾਣੀ ਗੁਰੂ ਗੁਰੂ ਹੈ ਬਾਣੀ 131
69. ਇੱਕ ਜੋਦੜੀ (ਸੂਫੀ ਗੀਤ) 133
70. ਆਓ ਸਿੱਖ ਬਣ ਜਾਈਏ 135
71. ਦਸ਼ਮੇਸ਼ ਸੰਦੇਸ਼ 137
72. ਜੇ ਭੁੱਲੀ ਜੇ ਚੁੱਕੀ ਸਾਂਈ (ਗਜ਼ਲ) 139
73. ਜੇ ਸੱਤ ਸੰਤੋਖ ਹੋਵੇ ਅਰਦਾਸ 140
74. ਸਿੱਖੀ ਦਾ ਜਜਬਾ ਜਲਾਲ (ਗਜ਼ਲ) 142
75. ਓ ਸਿੱਖੀ ਦਿਆ ਵਾਰਸਾ! 143
76. ਪੱਕਾ ਸਾਥੀ ਸੱਚਾ ਸੱਜਣ 146
77. ਰੂ-ਬ-ਰੂ.....ਆਹਮਣੇ ਸਾਹਮਣੇ (ਗੀਤ) 148
78. ਅਨੁਭਵ ਪ੍ਰਕਾਸ਼ 150
79. ਰਾਹ ਰੂਹਾਨੀ ਤੇ ਤੁਰਨ ਵਾਲੇ 152
80. ਆਪਣੀ ਪਰਖ ਪੜਚੋਲ ਕਰਨੀ 154
81. ਯਾਦਾਂ ਅੰਦਰ ਲੀਨ ਹੋ ਜਾਣਾਂ 156
82. ਰੱਬੀ ਰਜਾ ਵਿੱਚ ਵੱਸਣਾਂ 158
83. ਇਹ ਜ਼ਿੰਦਗੀ ਇਕ ਸਫ਼ਰ ਹੈ (ਗਜ਼ਲ) 160
84. ਪਿੱਛਲੇ ਜਨਮਾਂ ਦੇ ਸੰਸਕਾਰ 161
85. ਮਾਨਵੀ ਜੀਵਨ 163
86. ਮਾਦਕ ਰੁਚੀਆਂ 166
87. ਇਕ ਸਾਦਗੀ ਸੂਫੀਆਨਾ ਜੋਦੜੀ 167
88. ਅਚਣ ਅਚੇਤੀ ਚੁਪ ਚੁਪੀਤੇ 168
89. ਸਾਦਕ ਤੇ ਸਾਕਤ ਸੰਵਾਦ (ਗਜ਼ਲ) 170
90. ਅਗੋਂ ਦੇ ਜੇ ਚੇਤੀਐ 171
91. ਜਿਸ ਤੇ ਤੇਰੀ ਮਿਹਰ (ਸੂਫੀ ਗੀਤ) 174
92. ਹੇ ਅਰਸ਼ੀ ਪ੍ਰੀਤਮਾਂ ਬਾਬਾ ਨਾਨਕਾ! 176
93. ਇੱਕ ਅਦਰਸ਼ਕ ਰਹਿਣੀ ਬਹਿਣੀ 178
94. ਅਮਨ ਲਈ ਚਾਹਨਾਂ (ਗੀਤ) 180
95. ਹੇ ਅਰਸ਼ੀ ਦਾਤਾ! ਵਰਦਾਨ ਦਿਓ 181
96. ਮਿਹਰਬਾਨ ਸਾਹਿਬ ਮਿਹਰਬਾਨ 183

# *ਕਾਵਿ ਰਚਨਾਂ ਬਾਰੇ ਕੁਝ ਸ਼ਬਦ ਆਪਣੇ ਵੱਲੋਂ

ਇਸ ਛੇਵੇਂ ਕਾਵਿ ਸੰਗ੍ਰਹਿ 'ਰੂਹਾਨੀ ਰਾਹ' ਤੋਂ ਪਹਿਲਾਂ ਦਾਸਰੇ ਵੱਲੋਂ (1) ਧਰਮ ਤੇ ਵਿਰਸੇ ਦੀ ਖੁਸ਼ਬੋ (2) ਸੱਚ ਦੀ ਲੋਅ (3) ਅਨਮੋਲ ਅਨੁਭਵ ਮਿਠੀਆਂ ਯਾਦਾਂ (4) ਅਰਸ਼ੀ ਕਿਰਨਾਂ ਤੇ (5) ਲੋਕ ਪਰਲੋਕ, ਪੰਜ ਪ੍ਰੇਰਨਾਮਈ ਕਾਵਿ ਪੁਸਤਕਾਂ ਲਿਖੀਆਂ ਗਈਆਂ ਹਨ। ਇਨ੍ਹਾਂ ਸਾਰੀਆਂ ਰਚਨਾਵਾਂ ਦਾ ਮੰਤਵ ਤੇ ਮਨੋਰਥ ਕੇਵਲ ਮਨੁੱਖੀ ਜੀਵਨ ਨੂੰ ਸੋਧਨਾਂ, ਸਵਾਰਨਾਂ ਤੇ ਆਪਣੇ ਮੂਲ ਨੂੰ ਜਾਨਣਾਂ ਪਹਿਚਾਨਣਾਂ ਹੈ। ਚੌਰਾਸੀ ਲੱਖ ਜੂਨੀਆਂ ਵਿਚੋਂ ਗੁਜਰਨ ਤੇ ਭੁਗਤਣ ਤੋਂ ਬਾਅਦ ਕਿਸੇ ਵੱਡੀ ਰੱਬੀ ਰਹਿਮਤ ਸਦਕਾ ਮਨੁੱਖੀ ਜੀਵਨ ਪ੍ਰਾਪਤ ਹੋਂਦਾ ਹੈ। ਇਸ ਦੁਰਲੱਭ, ਅਮੁੱਲੇ, ਅਦੁਤੀ ਤੇ ਮਸਾਂ ਮਿਲੇ ਜੀਵਨ ਨੂੰ ਜੇਕਰ ਹੁਣ ਸੂਝਬੂਝ, ਸੋਚ ਸਮਝਕੇ ਤੇ ਚੇਤੰਨ ਹੋ ਕੇ ਨਾਂ ਵਰਤਿਆ ਤੇ ਸੰਭਾਲਿਆ ਗਿਆ ਤਾਂ ਗੁਰਬਾਣੀ ਦੇ ਕਥਨ ਅਨੁਸਾਰ '**ਲਖ ਚਉਰਾਸੀਹ ਜੋਨਿ ਭ੍ਰਮਿ ਆਇਓ ॥ ਅਬਕੇ ਛੁਟਕੇ ਠਉਰ ਨ ਠਾਇਓ ॥**' ਵਾਲੀ ਗਲ ਹੋ ਜਾਵੇਗੀ।

ਇਸ ਲਈ ਹਰ ਮਨੁੱਖੀ ਜੀਵਨ ਲਈ ਇਹ ਅਤਿ ਜਰੂਰੀ ਹੈ ਕਿ ਉਹ ਇਸ ਮਿਲੇ ਸੁਨਹਿਰੀ ਅਵਸਰ ਨੂੰ ਗੁਰੂ ਨਾਨਕ ਸਾਹਿਬ ਜੀ ਵੱਲੋਂ ਸਾਵਧਾਨੀ ਲਈ ਆਖੇ ਗਏ ਇਨ੍ਹਾਂ ਬੋਲਾਂ '**ਅਗੋਂ ਦੇ ਜੇ ਚੇਤੀਐ ਤਾਂ ਕਾਇਤੁ ਮਿਲੈ ਸਜਾਇ ॥**' ਵੱਲ ਆਪਣਾ ਪੂਰਾ ਧਿਆਨ ਦੇਵੇ। ਸਾਡਾ ਇਹ ਮਨੁੱਖੀ ਜੀਵਨ ਕਰਮ ਜੂਨੀ ਕਹਾਉਂਦਾ ਹੈ। ਬਾਕੀ ਸਭ ਜੂਨੀਆਂ ਭੋਗ ਜੂਨੀਆਂ ਹਨ। ਉਨ੍ਹਾਂ ਵਿਚ ਮਿਲਿਆ ਜੀਵਨ ਭੋਗਣਾਂ ਤੇ ਕੱਟਣਾਂ ਪੈਂਦਾ ਹੈ ਕਿਉਂਕਿ ਕੁੱਝ ਸੋਚਣ ਵਿਚਾਰਨ ਤੇ ਕਰਨ ਦੀ ਸਮਰੱਥਾ ਹੀ ਨਹੀਂ ਹੋਂਦੀ। ਪਰ ਮਨੁੱਖੀ ਜੀਵਨ ਵਿੱਚ ਕੀਤੇ ਹਰ ਇੱਕ ਕਰਮ ਦਾ ਫਲ ਮਿਲਦਾ ਹੈ। ਇਸ ਜੀਵਨ ਵਿੱਚ ਸੋਚਣ ਵਿਚਾਰਨ ਤੇ ਕਰ ਸਕਣ ਦੀ ਸਮਰੱਥਾ ਹੈ। ਮਾਨਵੀ ਜੀਵਨ ਵਿੱਚ ਦੁੱਖ-ਸੁੱਖ, ਨਰਕ-ਸੁਰਗ, ਜਨਮ-ਮਰਨ ਸਭ ਕੀਤੇ ਗਏ ਕਰਮਾਂ ਤੇ ਹੀ ਆਧਾਰਤ ਹੁੰਦੇ ਹਨ। ਇਸ ਸੱਚ ਨੂੰ ਗੁਰੂ ਨਾਨਕ ਦੇਵ ਜੀ ਨੇ ਆਪਣੀ ਬਾਣੀ 'ਜਪੁਜੀ' ਵਿਚ ਸਪਸ਼ਟ ਕੀਤਾ ਹੈ।

'**ਪੁੰਨੀ ਪਾਪੀ ਆਖਣ ਨਾਹਿ ॥ ਕਰਿਕਰਿ ਕਰਣਾ ਲਿਖਿ ਲੈ ਜਾਹੁ ॥**
**ਆਪੇ ਬੀਜਿ ਆਪੇ ਹੀ ਖਾਹੁ ॥ ਨਾਨਕ ਹੁਕਮੀ ਆਵਹੁ ਜਾਹੁ ॥**'

ਸਾਡੇ ਇਸ ਮਾਨਵੀ ਜੀਵਨ ਵਿੱਚ, ਜੀਵਨ ਸੰਬਧੀ ਹਰ ਫੈਸਲਾ ਸਾਡੇ ਵੱਲੋਂ ਕੀਤੇ ਗਏ ਕਰਮਾਂ ਤੇ ਹੋਣਾਂ ਲਾਜ਼ਮੀ ਹੈ। ਇਸ ਲਈ ਸਾਡੀ ਕਰਨੀ ਦੀ ਬੜੀ ਵੱਡੀ ਮਹੱਤਤਾ ਹੈ। ਐਪਰ ਆਪਣੇ ਇਸ ਜੀਵਨ ਵਿੱਚ, ਅਸੀਂ ਆਪਣੇ ਪਿਛਲੇ ਕੀਤੇ ਪਾਪ ਕਰਮਾਂ ਕਰਕੇ, ਪਿਛਲੀਆਂ ਜੂਨੀਆਂ ਦੇ ਸੰਸਕਾਰਾਂ ਕਰਕੇ ਅਤੇ ਇਸ ਜਨਮ ਵਿੱਚ ਮਿਲੇ ਵਾਤਾਵਰਨ ਭਾਵ ਸੰਗਤ ਤੇ ਸੰਪਰਕ ਕਰਕੇ ਜਾਂ ਮੱਦ ਮਾਇਆ ਦੇ

ਪ੍ਰਭਾਵ ਕਰਕੇ ਆਪਣੇ ਨਵੇਂ ਕਰਮ ਤੇ ਕਰਨੀ ਦੀ ਅਹਿਮੀਅਤ ਤੋਂ ਅਵੇਸਲੇ ਤੇ ਅਣਜਾਣ ਬਣੇ ਰਹਿੰਦੇ ਹਾਂ। ਆਪਣੀ ਕਰਨੀ ਵੱਲ ਉੱਕਾ ਹੀ ਧਿਆਨ ਨਹੀਂ ਦਿੰਦੇ ਅਤੇ ਜੀਵਨ ਅਗਿਆਨਤਾ ਵਿੱਚ ਹੀ ਗੁਜਰੀ ਜਾਂਦਾ ਹੈ।

ਸਾਡੀ ਕਰਨੀ ਤੇ ਕਰਮਾਂ ਦਾ ਕਰਤਾ ਸਾਡਾ ਮਨ ਹੈ। ਜਿਹੋ ਜਿਹੇ ਫੁਰਨੇ ਫੁਰਦਾ ਹੈ, ਸੋਚਦਾ ਹੈ, ਘੜਦਾ ਹੈ ਅਸੀਂ ਓਵੇਂ ਹੀ ਕਰਮ ਕਮਾਂਦੇ ਹਾਂ। ਮਨ ਮਾਇਆ ਦਾ ਪੁੱਤਲਾ ਹੈ। ਮਾਇਆ ਦੇ ਪ੍ਰਭਾਵ ਅਧੀਨ ਮਾਇਕ ਰੁਚੀਆਂ ਦਾ ਧਾਰਨੀ ਹੈ। ਧਨ ਪਦਾਰਥ ਇਕੱਠੇ ਕਰਨ, ਵੱਡਾ ਬਨਣ ਤੇ ਅੰਬਾਰ ਲਾਣ ਵਿੱਚ ਰੁੱਝਿਆ ਰਹਿੰਦਾ ਹੈ। ਰਜੋਗੁਣੀ ਤੇ ਤਮੋਗੁਣੀ ਪਰਵਿਰਤੀ ਕਾਰਨ ਲੁੱਟਣ, ਖੋਹਣ ਤੇ ਜੋੜਨ ਦੀ ਤ੍ਰਿਸ਼ਨਾਂ ਪ੍ਰਬਲ ਹੋ ਜਾਂਦੀ ਹੈ। ਇਸ ਤਰਾਂ ਦੁਰਾਚਾਰੀ ਤੇ ਪਾਪੀ ਬਣ ਜਾਂਦਾ ਹੈ। ਉਸ ਨੂੰ ਭੁੱਲ ਜਾਂਦਾ ਹੈ ਕਿ '**ਪਾਪਾ ਬਾਝਹੁ ਹੋਵੈ ਨਾਹੀ ਮੁਇਆ ਸਾਥਿ ਨ ਜਾਈ॥ ਜਿਸਨੋ ਆਪਿ ਖੁਆਏ ਕਰਤਾ ਖੁਸਿ ਲਏ ਚੰਗਿਆਈ॥**' ਇਹ ਪਾਪ ਦੀ ਕਮਾਈ ਇਕ ਤਿਨਕੇ ਜਿੰਨੀ ਵੀ ਨਾਲ ਨਹੀਂ ਜਾਣੀ ਪਰ ਇਸ ਦਾ ਲੇਖਾ ਦੇਣਾਂ ਪੈਣਾਂ ਹੈ। ਤਨ ਤੇ ਮਨ ਇਨ੍ਹਾਂ ਵਿਕਾਰਾਂ, ਪਾਪ ਕਰਮਾਂ ਕਰਕੇ ਰੋਗੀ ਹੋ ਜਾਂਦੇ ਹਨ। ਜੀਵਨ ਦੁੱਖੀ ਤੇ ਨਰਕਮਈ ਬਣ ਜਾਂਦਾ ਹੈ। ਆਖਰ ਜੀਵਨ ਦਾ ਅੰਤ ਹੋ ਜਾਂਦਾ ਹੈ। ਕੀਤੇ ਕਰਮਾਂ ਦੇ ਭੁਗਤਾਣ ਲਈ ਚੌਰਾਸੀ ਦਾ ਚੱਕਰ ਗਲ ਪੈ ਜਾਂਦਾ ਹੈ।

ਜੀਵਨ ਦੇ ਇਸ ਗੁੱਝੇ ਤੇ ਗੁੰਝਲਦਾਰ ਭੇਦ ਨੂੰ ਸਤਿਗੁਰ ਜੀ ਨੇ ਗੁਰਬਾਣੀ ਵਿੱਚ ਇਸ ਤਰ੍ਹਾਂ ਖੋਲ੍ਹਿਆ ਤੇ ਸਪੱਸ਼ਟ ਕੀਤਾ ਹੈ।

"**ਲਿਵ ਧਾਤੁ ਦੁਇ ਰਾਹ ਹੈ ਹੁਕਮੀਕਾਰ ਕਮਾਇ॥**
**ਧਾਤੁ ਮਿਲੈ ਫੁਨਿ ਧਾਤੁ ਕਉ ਸਿਫਤੀ ਸਿਫਤਿਸਮਾਇ॥**"

ਦੱਸਿਆ ਗਿਆ ਹੈ ਕਿ ਸੰਸਾਰ ਵਿੱਚ ਜੀਵਨ ਗੁਜਾਰਨ ਲਈ ਦੋ ਹੀ ਢੰਗ ਹਨ, ਦੋ ਰਾਹ ਹਨ। ਇੱਕ ਰਸਤਾ ਲਿਵ ਦਾ (ਲੀਣ ਹੋਣ ਦਾ ਸ਼ਾਂਤ ਹੋਣ ਦਾ) ਹੈ ਅਤੇ ਦੂਜਾ ਰਸਤਾ ਧਾਤ ਦਾ (ਧਾਵਣ ਦਾ, ਭੱਕਟਣ ਦਾ ਤੇ ਦੌੜਨ ਦਾ) ਹੈ। ਆਦਿ ਕਾਲ ਤੋਂ ਇਨ੍ਹਾਂ ਦੋ ਰਸਤਿਆਂ ਤੇ ਹੀ ਸੰਸਾਰ ਚਲ ਰਿਹਾ ਹੈ :

(**ੳ**) **ਲਿਵ** : ਇਹ ਰਸਤਾ ਲਿਵਲੀਣ ਹੋਣ ਦਾ ਹੈ। ਇਹ ਨਿਰਵਿਰਤੀ ਮਾਰਗ ਹੈ। ਰੂਹਾਨੀ ਰਾਹ ਹੈ। ਧਰਮ ਦੀ ਪਉੜੀ ਹੈ। ਸਹਿਜ ਮਾਰਗ ਹੈ ਤੇ ਕਰਤਾਰੀ ਰਾਹ ਹੈ। ਪਰ ਇਸ ਮਾਰਗ ਤੇ ਕੋਈ ਵਿਰਲਾ ਸੂਰਮਾ ਹੀ ਚਲਦਾ ਹੈ। ਇਹ ਬਹੁਤ ਕਠਿਨ ਮਾਰਗ ਹੈ। ਇਸ ਰਾਹ ਦੇ ਪਾਂਧੀ ਨੂੰ ਮਨ, ਬਚਨ ਤੇ ਕਰਮ ਕਰਕੇ ਅਸਲੋਂ ਨਿਰਮਾਨ, ਅਸਲੋਂ ਨਿਰਮਲ, ਅਸਲੋਂ ਖਾਲਸ ਤੇ ਪੂਰਾ ਸਮਰਪਿਤ ਰੱਬੀ ਰੂਪ ਹੋਣਾ ਪੈਂਦਾਹੈ। ਇਹ ਖੰਡੇਧਾਰ ਗਲੀ ਅਤਿ ਭੀੜੀ ਕਹੀ ਜਾਂਦੀ ਹੈ।

(**ਅ**) **ਧਾਤ** : ਇਹ ਆਮ ਦੁਨਿਆਵੀ ਰਾਹ ਹੈ। ਦੌੜ-ਭੱਜ ਤੇ ਖਜਲ ਖਵਾਰੀ ਵਾਲਾ ਰਸਤਾ ਹੈ। ਇਹੀ ਪਰਵਿਰਤੀ ਦਾ ਮਾਰਗ ਹੈ। ਮਿਰਤ ਮੰਡਲ ਹੈ। ਵੱਖ-ਵੱਖ ਜੂਨਾਂ ਵਿਚ ਭੱਟਕਣਾਂ ਪੈਂਦਾ ਹੈ। ਚੌਰਾਸੀ ਦਾ ਰਾਹ ਹੈ। ਬੜਾ ਭੀੜ ਭੱੜਕਾ ਹੈ ਅਤੇ ਬੜਾ ਲੰਬਾ ਤੇ ਡੂੰਘਾ ਪੈਂਡਾ ਹੈ। ਇੱਕ ਚੱਕਰਵਿਊ ਵਾਂਗ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੰਦਰ ਇਸ ਲਿਵ ਤੇ ਧਾਤ ਬਾਰੇ ਬਾਰਬਾਰ ਵੇਰਵੇ ਸਹਿਤ ਦੱਸਿਆ ਗਿਆ ਹੈ ਅਤੇ ਬੜੇ ਤਾੜਵੇਂ ਸ਼ਬਦਾਂ ਰਾਹੀਂ ਮਨੁੱਖ ਨੂੰ ਸਾਵਧਾਨ ਤੇ ਚੌਕੰਨਾ ਕੀਤਾ ਗਿਆ ਹੈ ਤਾਂ ਜੋ ਉਹ ਆਪਣੀ ਜੀਵਨ ਕਿਰਿਆ ਨੂੰ ਸਵਾਰ ਸਕੇ।

ਪੁਸਤਕ 'ਰੂਹਾਨੀ ਰਾਹ' ਦੇ ਬਾਹਰਲੇ ਟਾਈਟਲ ਪੰਨੇ ਤੇ ਇਸ ਉਲੱਝਣ ਤੇ ਸਮੱਸਿਆ ਨੂੰ ਸਮਝਣ ਤੇ ਸਪੱਸ਼ਟ ਕਰਨ ਲਈ, ਇਸ ਸੂਖਮ ਨੂੰ ਸਥੂਲ ਵਿੱਚ ਪ੍ਰਗਟਾਣ ਲਈ, ਇਨ੍ਹਾਂ ਦੋਹਾਂ ਰਾਹਾਂ ਦੇ ਅੰਤਰ ਨੂੰ ਦਰਸਾਣ ਲਈ, ਲਿਵ ਤੇ ਧਾਤ ਦੋਹਾਂ ਰਾਹਾਂ ਨੂੰ ਵੱਖ-ਵੱਖ ਰੰਗਾਂ ਅਤੇ ਅਕ੍ਰਿਤੀਆਂ ਵਿੱਚ ਦੱਸਣ ਦਾ ਯਤਨ ਕੀਤਾ ਗਿਆ ਹੈ। ਤਾਂ ਜੋ ਜਗਿਆਸੂ ਪਾਠਕ ਇਸ ਗੁੰਝਲ ਨੂੰ ਸਮਝ ਤੇ ਸੁਲਝਾ ਸਕੇ। ਪੁਸਤਕ ਦੇ ਪਿਛਲੇ ਪਾਸੇ ਵਾਲੇ ਪੰਨੇ ਤੇ ਵੀ ਪੁਸਤਕ ਦਾ ਤਤਸਾਰ ਦੋ ਰੁਬਾਈਆਂ ਰਾਹੀਂ ਦੱਸਣ ਦਾ ਯਤਨ ਕੀਤਾ ਗਿਆ ਹੈ। ਹੁਣ ਇਹ ਪਾਠਕ ਜੀ ਦੀ ਮਰਜੀ ਤੇ ਹੈ ਕਿ ਪੁਸਤਕ ਵਿੱਚਲੀਆਂ ਰਚਨਾਵਾਂ ਨੂੰ ਧਿਆਨ ਨਾਲ, ਟਿਕ ਕੇ ਪੜਕੇ ਵੀ ਉਸਨੇ ਦੁਨੀਆਂਦਾਰੀ ਕਰਨੀ ਹੈ ਅਤੇ ਜੂਨਾਂ ਵਿੱਚ ਭੱਟਕਣਾਂ ਹੈ ਜਾਂ ਲਿਵ ਤੇ ਧਰਮ ਦੇ ਰਾਹੀ ਰੂਹਾਨੀ ਰਾਹ ਤੇ ਚਲਕੇ ਆਤਮ-ਪਰਮਾਤਮ ਮੰਡਲ ਵਿੱਚ ਪੁੱਜਣਾਂ ਹੈ।

ਮੇਰੀਆਂ ਸਾਰੀਆਂ ਛੇਆਂ ਪੁਸਤਕਾਂ ਦੀਆਂ ਕਵਿਤਾਵਾਂ, ਗੀਤ ਤੇ ਗਜਲਾਂ ਅਧਿਆਤਮਵਾਦੀ ਤੇ ਸਮਾਜਕ ਸੁਧਾਰਵਾਦੀ ਹਨ। ਇਨ੍ਹਾਂ ਵਿੱਚ ਕੋਈ ਵਿਚਾਰ ਮਨੋਕਲਪਿਤ, ਮਾਦਕਤਾਵਾਦੀ ਜਾਂ ਪਦਾਰਥਵਾਦੀ ਰੁਚੀਆਂ ਨੂੰ ਉਕਸਾਹਨ, ਉਤਸਾਹਨ ਜਾਂ ਪ੍ਰੋਤਸਾਹਨ ਵਾਲਾ ਨਹੀਂ। ਨਾਂ ਹੀ ਰਚਨਾਵਾਂ ਨੂੰ ਕਾਮਕ ਸ਼ਬਦਾਂ ਰਾਹੀਂ ਰਸੀਲਾ ਤੇ ਚਸਕੀਲਾ ਬਨਾਣ ਦੀ ਚੇਸਟਾ ਕੀਤੀ ਗਈ ਹੈ। ਇਹ ਰਚਨਾਵਾਂ ਕੇਵਲ ਦਿਲ ਬਹਿਲਾਣ ਜਾਂ ਸਮਾਂ ਟਪਾਣ ਲਈ ਵੀ ਨਹੀਂ ਹਨ ਸਗੋਂ ਇਕਾਂਤ ਵਿੱਚ ਟਿੱਕ ਕੇ, ਵਿਚਾਰਕੇ ਪੜਕੇ ਜੀਵਨ ਨੂੰ ਸਵਾਰਨ, ਸ਼ਿੰਗਾਰਨ ਤੇ ਸੁਧਾਰਨ ਦੇ ਮੰਤਵ ਨਾਲ ਲਿਖੀਆਂ ਹਨ। '**ਆਪੁ ਸਵਾਰਹਿ ਮੈਂ ਮਿਲਹਿ, ਮੈਂ ਮਿਲਿਆ ਸੁਖ ਹੋਇ।**' ਇਹ ਗੁਰ ਆਸ਼ਾ ਹੀ ਇਨ੍ਹਾਂ ਪੁਸਤਕਾਂ ਦਾ ਪ੍ਰਯੋਜਨ ਹੈ। ਅਸਲ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਚਰਨਾਂ ਵਿੱਚ ਬੈਠ ਕੇ ਸਹਿਜ ਨਾਲ, ਟਿੱਕ ਕੇ ਸਹਿਜ ਪਾਠ ਕਰਦੇ, ਸੁਣਦੇ ਤੇ ਵਿਚਾਰਦੇ ਸਮੇਂ, ਜੀਵਨ ਲਈ ਮਿਲੀਆਂ ਸੇਧਾਂ, ਪ੍ਰੇਰਨਾਵਾਂ ਤੇ ਸਿੱਖਿਆਵਾਂ ਨੂੰ ਹਮੇਸ਼ਾ ਲਈ ਅਪਨਾਣ ਤੇ ਧਾਰਨ ਕਰਨ ਦੇ ਮੰਤਵ ਨਾਲ ਉਪਜੀਆਂ ਭਾਵਨਾਵਾਂ ਹੀ ਕਵਿਤਾਵਾਂ, ਗੀਤ ਤੇ ਗਜਲਾਂ ਦੇ ਰੂਪ ਧਾਰ ਖਲੋਤੀਆਂ ਹਨ। ਮੈਂ ਕੋਈ ਰਵੈਤੀ ਸ਼ਾਇਰ ਨਹੀਂ ਹਾਂ। ਸਤਿਗੁਰ ਦੀ ਕਿਰਪਾ ਸਦਕਾ ਹੀ ਰੂਹਾਨੀ ਭਾਵਨਾਵਾਂ ਚਸਮੇਂ ਦੇ ਪਾਣੀ ਵਾਂਗ ਸੁਰ ਤੇ ਤਾਲ ਵਿੱਚ ਲੈ ਬੱਧ ਹੋ ਕੇ ਆਪਣੀ ਰਵਾਨੀ ਤੇ ਵੇਗ ਵਿਚ ਵਹਿ ਤੁਰੀਆਂ ਹਨ। ਇਨ੍ਹਾਂ ਵਿਚ ਵਿਸ਼ਾ ਵਸਤੂ, ਸੋਝੀ, ਸ਼ੈਲੀ ਤੇ ਮੀਟਰ ਆਦਿ ਸਾਰਾ ਕੁੱਝ ਹੀ ਗੁਰਾਂ ਦਾ ਹੈ। ਮੇਰਾ ਤਾਂ ਇਨ੍ਹਾਂ ਵਿਚ ਕੁੱਝ ਵੀ ਨਹੀਂ। ਮੈਂ ਤਾਂ ਕੇਵਲ ਗੁਰ ਉਪਦੇਸ਼ ਤੇ ਹੁਕਮ ਨੂੰ ਆਪਣਾ ਰਿਹਾ ਹਾਂ। '**ਪ੍ਰਥਮੇ ਮਨੁ ਪ੍ਰਬੋਧੈ ਆਪਨਾ ਪਾਛੈ ਅਵਰ ਰੀਝਾਵੈਂ॥**' ਇਹ ਪੁਸਤਕਾਂ ਮੈਂ ਆਪਣੀ ਹਉਮੈਂ ਪ੍ਰਗਟਾਣ ਜਾਂ ਵਾਪਾਰੀਕਰਨ ਲਈ

ਨਹੀਂ ਲਿਖੀਆਂ ਬਲਕਿ ਜਗਿਆਸੂ ਪਾਠਕ ਆਤਮਾਵਾਂ ਦੀਆਂ ਸੁਭ ਇਛਾਵਾਂ ਲੈਣ, ਜੀਵਨ ਸਵਾਰਨ ਤੇ ਜੀਵਨ ਕਲਿਆਣ ਲਈ ਲਿਖੀਆਂ ਗਈਆਂ ਹਨ।

ਜੀਵਨ ਨੂੰ ਸਵਾਰਨ ਲਈ ਧਰਮ ਦੀ ਪਉੜੀ ਅਤਿ ਜ਼ਰੂਰੀ ਹੈ। ਪਰ ਦੁਨੀਆਂਦਾਰਾਂ ਨੇ ਧਰਮ ਨੂੰ ਮਜਹਬਾਂ ਵਿੱਚ ਰਲਗੱਡ ਕਰਕੇ ਧਰਮ ਦਾ ਅਕਸ ਹੀ ਵਿਗਾੜ ਰੱਖਿਆ ਹੈ। ਅਸਲ ਵਿੱਚ ਵੱਖ-ਵੱਖ ਮਜ੍ਹਬ ਜਿਵੇਂ ਹਿੰਦੂਮਤ, ਬੁਧਮਤ, ਸਿਖਮਤ, ਇਸਲਾਮਮਤ, ਈਸਾਈਮਤ ਤੇ ਯਹੂਦੀਮਤ, ਧਰਮ ਨਹੀਂ ਹਨ ਬਲਕਿ ਵੱਖ-ਵੱਖ ਵਿਚਾਰਧਾਰਾਵਾਂ, ਗਰੁੱਪ, ਧੜੇ ਜਾਂ ਵੱਖ-ਵੱਖ ਰਾਹ ਹਨ ਜੋ ਧਰਮ ਵੱਲ ਜਾਂਦੇ ਹਨ। ਰਸਤੇ, ਧੜੇ ਜਾਂ ਵਿਚਾਰ ਧਰਮ ਨਹੀਂ ਹੋਂਦੇ। ਧਰਮ ਇੱਕ ਦੈਵੀ ਕਾਨੂੰਨ ਹੈ, ਰੱਬੀ ਮਰਿਯਾਦਾ ਹੈ, ਹੁਕਮ ਹੈ, ਰਜ਼ਾ ਹੈ, ਭਾਣਾਂ ਹੈ ਤੇ ਇੱਕ ਹੱਦ ਬੰਦੀ ਹੈ। ਜਿਵੇਂ ਪਰਮਾਤਮਾ ਇੱਕ ਹੈ, ਸਰਬ ਸਾਂਝਾ ਤੇ ਰਮਿਆਂ ਹੋਇਆ ਹੈ ਤਿਵੇਂ ਹੀ ਧਰਮ ਵੀ ਸਾਰੇ ਹੀ ਬ੍ਰਹਿਮੰਡ ਵਿੱਚ ਸਾਂਝਾ ਤੇ ਇਕੋ ਹੈ। ਇਸ ਦਾ ਵਰਨਣ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਜਪੁਜੀ ਸਾਹਿਬ ਵਿੱਚ 'ਧਰਮ ਖੰਡ' ਦੇ ਪ੍ਰਕਰਣ ਵਿਚ ਕੀਤਾ ਹੈ। ਧਰਮ ਹੀ ਲਿਵ ਦਾ ਨਿਰਵਿਰਤੀ ਮਾਰਗ ਹੈ। ਮਨੁੱਖੀ ਜੀਵਨ ਨੇ ਮਜਹਬ ਦੀ ਰਾਹੀ ਧਰਮ ਵਿੱਚ ਦਾਖਲ ਹੋ ਕੇ, ਰੂਹਾਨੀ ਰਾਹ ਤੇ ਤੁਰਕੇ ਆਪਣੀ ਮੰਜ਼ਿਲ ਸਚਖੰਡ ਤੱਕ ਪੁੱਜਣਾਂ ਹੈ।

ਧਰਮ ਦੀ ਰਾਹ ਤੇ ਤੁਰਨ ਲਈ ਮਨ ਦਾ ਸੁਧਰਨਾਂ ਤੇ ਬੀਬਾ ਬਨਣਾਂ ਬਹੁਤ ਜ਼ਰੂਰੀ ਹੈ। ਮਨ ਸਾਡੇ ਕਰਮਾਂ ਤੇ ਜੀਵਨ ਦਾ ਕਰਤਾ ਧਰਤਾ ਤੇ ਮੁੱਖੀ ਹੈ। ਇਹ ਮਾਇਆ ਦਾ ਪੁੱਤਲਾ ਬੜਾ ਚੰਚਲ ਤੇ ਅਥੱਰਾ ਹੈ। ਨਾਕਾਰਾਤਮਕ ਤੇ ਵਿਕਾਰਤਮਕ ਰੁਚੀਆਂ ਦਾ ਧਾਰਨੀ ਅਤੇ ਨਵੀਆਂ ਤੇ ਨੀਵੀਆਂ ਘੁਤਕਲਾਂ ਫੁਰਦਾ ਰਹਿੰਦਾ ਹੈ। ਮਾਦਿਕ ਵਾਸ਼ਨਾਵਾਂ, ਜੀਭ ਤੇ ਇੰਦਰੀ ਦੇ ਰਸਾਂ ਕਸਾਂ ਤੇ ਚਸਕਿਆਂ, ਵਿੱਚ ਉਲਝਾਈ ਤੇ ਫਸਾਈ ਰੱਖਦਾ ਹੈ। ਜਿਸ ਕਾਰਨ ਮਨੁੱਖੀ ਜੀਵਨ ਦੁੱਖਦਾਈ ਤੇ ਧਾਤ-ਧਾਵਨੀ ਦੇ ਰਾਹੇ ਵੱਖ-ਵੱਖ ਜੂਨਾਂ ਵਿੱਚ ਭੱਟਕਦਾ ਤੇ ਰੁਲਦਾ ਰਹਿੰਦਾ ਹੈ। ਇਸ ਲਈ ਮਨ ਤੇ ਕਾਬੂ ਪਾਣਾਂ ਤੇ ਇਸ ਨੂੰ ਸਵਾਰਨਾਂ ਬਹੁਤ ਜ਼ਰੂਰੀ ਹੈ। ਮਨ ਇੱਕ ਸੂਖਮ ਸ਼ਕਤੀ ਹੈ। ਇਸ ਨੂੰ ਨੱਥ ਸਕਨਾਂ ਕੋਈ ਸੌਖਾ ਨਹੀਂ। ਕੇਵਲ ਧਰਮ ਹੀ ਇੱਕ ਅਜਿਹੀ ਪ੍ਰਭਲ ਸ਼ਕਤੀ ਹੈ ਜੋ ਇਸ ਅੱਥਰੇ ਤੇ ਚੰਚਲ ਮਨ ਤੇ ਕਾਬੂ ਪਾ ਸਕਣ ਦੇ ਸਮਰੱਥ ਹੈ। ਦੈਵਵਸ ਜਦੋਂ ਕਿਸੇ ਮਾਨਵ ਦੇ ਚੰਗੇ ਪੂਰਬਲੇ ਕਰਮ ਜਾਗ ਪੈਂਦੇ ਹਨ। ਕਿਸੇ ਰੱਬੀ ਰਹਿਮਤ ਨਾਲ, ਕਿਸੇ ਸੱਤ ਪੁਰਖ ਦੀ ਸੰਗਤ ਕਾਰਨ ਮਾਨਵ ਮਨ ਧਰਮ ਦੇ ਦਾਇਰੇ ਵਿਚ ਆ ਜਾਂਦਾ ਹੈ ਤਾਂ ਇਹ ਚੰਚਲ ਮਨ ਵੀ ਗੁਰਾਂ ਦੀ ਕਿਰਪਾ ਨਾਲ, ਗੁਰੂ ਨਾਨਕ ਦੀ ਪੰਜਵੀ ਜੋਤ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਕਥਨ ਅਨੁਸਾਰ '**ਮਨੁ ਬਸਿ ਆਵੈ ਨਾਨਕਾ ਜੇ ਪੂਰਨ ਕਿਰਪਾ ਹੋਇ ॥**' ਵੱਸ ਵਿੱਚ ਆ ਜਾਂਦਾ ਹੈ। ਬੀਬਾ ਬਣ ਜਾਂਦਾ ਹੈ।

ਅਜੋਕੇ ਪਦਾਰਥਵਾਦੀ ਜੁਗ ਵਿੱਚ ਜਿੱਥੇ ਹਰ ਪਾਸੇ ਪਦਾਰਥ ਦਾ ਬੋਲਬਾਲਾ ਤੇ ਮਾਇਆ ਦਾ ਪਸਾਰਾ ਹੈ। ਮਾਇਆ ਦੇ ਚੁੰਗਲ ਵਿਚੋਂ ਮਨ ਨੂੰ ਕੱਢਣਾਂ ਤੇ ਧਰਮ ਪਰਾਇਣ ਕਰਨਾਂ ਹੈ ਤਾਂ ਬਹੁਤ ਹੀ ਕਠਿਨ ਪਰ ਅਸੰਭਵ ਨਹੀਂ। ਜੇਕਰ ਮਨ ਵਿੱਚ

ਕੋਈ ਪੱਕੀ ਲੱਗਣ ਲੱਗ ਜਾਵੇ, ਇਰਾਦਾ ਦ੍ਰਿੜ ਹੋ ਜਾਵੇ ਅਤੇ ਸੱਚੇ ਸਤਿਗੁਰਾਂ ਦਾ ਪੱਲਾ ਘੁੱਟਕੇ ਫੜ ਲਈਏ ਤਾਂ ਯਕੀਨਨ ਹੀ ਸਫਲ ਹੋ ਸਕਦੇ ਹਾਂ। ਇਸ ਪ੍ਰਤੀ ਵੀ ਸਤਿਗੁਰ ਜੀ ਦੇ ਆਪਣੇ ਅੰਮ੍ਰਿਤ ਬਚਨ ਹਨ।

**"ਕਹੈ ਨਾਨਕ ਗੁਰ ਪਰਸਾਦੀ ਜਿਨਾ ਲਿਵ ਲਾਗੀ**
**ਤਿਨੀ ਵਿਚੇ ਮਾਇਆ ਪਾਇਆ ॥"** **(ਅਨੰਦ ਸਾਹਿਬ)**

ਰੂਹਾਨੀ ਰਾਹ ਦਾ ਦਾਇਰਾ, ਵਿਸ਼ਾ ਵਸਤੂ, ਸੰਕਲਪ, ਇਰਾਦਾ ਤੇ ਭਾਵਨਾਵਾਂ ਨੂੰ ਸੰਖੇਪ ਵਿੱਚ ਇਕ ਛੋਟੀ ਜਿਹੀ ਕਾਵਿ-ਟੁਕੜੀ ਰਾਹੀਂ ਤੱਤਸਾਰ ਵਜੋਂ ਪੇਸ਼ ਕਰ ਰਿਹਾ ਹਾਂ।

## ਜੀਵਨ ਲਈ ਦੋ ਰਾਹ

ਹੈ ਗੋਰਖ ਧੰਧੇ ਵਰਗੀ ਦੁਨੀਆਂ, ਭੀੜ ਭੜੱਕਾ ਵੀ ਅੰਤਾਂ ਦਾ॥
ਸਮਝ ਨਹੀਂ ਆਉਂਦੀ ਕਿਧਰੇ ਜਾਈਏ, ਹੈ ਸ਼ੋਰ ਸ਼ੜੱਪਾ ਵੀ ਅੰਤਾ ਦਾ॥

ਆਦਮ ਦੀ ਦੁਬਿਧਾ ਦੂਰ ਕਰਨ ਲਈ, ਉਸਨੂੰ ਸਿੱਧੇ ਰਾਹੇ ਪਾਣ ਲਈ॥
ਹੈ ਗੁਰੂ ਨਾਨਕ ਦਿੱਤੀ ਅਗਵਾਈ, ਦੋ ਚਿੱਤੇ ਮਾਨਵ ਨੂੰ ਸਮਝਾਣ ਲਈ॥

**"ਲਿਵ ਧਾਤੁ ਦੁਇ ਰਾਹ ਹੈ ਹੁਕਮੀ ਕਾਰ ਕਮਾਇ॥**
**ਧਾਤੁ ਮਿਲੈ ਫੁਨਿ ਧਾਤੁ ਕਉ ਸਿਫਤੀ ਸਿਫਤਿ ਸਮਾਇ॥"**

ਇਹ ਦੋ ਹੀ ਰਸਤੇ ਹਨ ਦੁਨੀਆਂ ਦੇ, ਇਸ ਜੀਵਨ ਤਾਂਈ ਗੁਜਾਰਨ ਖਾਤਰ॥
ਇੱਕ ਹੈ ਲਿਵ ਤੇ ਦੂਜਾ ਧਾਤ ਦਾ, (ਖੁਦ) ਰੁਲ ਜਾਣ ਜਾਂ ਉਭਾਰਨ ਖਾਤਰ॥

ਪਰ ਲਿਵ ਦੀ ਰਾਹੇ ਵਿਰਲੇ ਤੁਰਦੇ, ਹਨ ਬਹੁਤੇ ਬਣਦੇ ਧਾਤ ਦੇ ਰਾਹੀ॥
ਬਣ ਜਾਂਦੀ ਹੈ ਧਾਤ ਚੌਰਾਸੀ, ਪੈ ਜਾਂਦੀ ਬਣ ਗਲ ਵਿਚ ਫਾਹੀ।।

ਹੈ ਧਾਤ ਧਰਾਤਲ ਦੁਨੀਆਂਦਾਰੀ, ਭਰੀ ਹੈ ਅੰਦਰ ਲੋਕਾਚਾਰੀ॥
ਮੱਦ ਮਾਇਆ ਨੇ ਜਾਲ ਵਿਛਾਇਆ, ਹੈ ਹੋਂਦੀ ਰਹਿੰਦੀ ਬਦਬਦਕਾਰੀ॥

ਹੈ ਮੁੜਮੁੜ ਜੰਮਣਾਂ ਮਰਨਾਂ ਪੈਂਦਾ, ਪੈਣ ਹੰਡਾਣੀਆਂ ਤ੍ਰਿਗਦ ਜੂਨੀਆਂ॥
ਨਹੀਂ ਆਉਂਦੀ ਵਾਰੀ ਮਾਨਵ ਜੂਨ ਦੀ, ਨਹੀਂ ਮੁਕਦੀਆਂ ਹੋਰ ਜੂਨੀਆਂ॥

ਜਿਨਾਂ ਤੇ ਨਜ਼ਰ ਸਵੱਲੀ ਰੱਬਦੀ, ਹਨ ਉਹੀ ਰਾਹ ਰੂਹਾਨੀ ਤੁਰਦੇ॥
ਹੋ ਜਾਂਦੀ ਜਿਨ੍ਹਾਂ ਤੇ ਰਹਿਮਤ ਗੁਰਾਂ ਦੀ, ਹਨ ਓਹੀ ਗੁਰ ਚਰਨਾਂ ਨਾਲ ਜੁੜਦੇ॥

ਆ ਜਾਂਦੀ ਪਰਤੀਤ ਜਿਨ੍ਹਾਂ ਨੂੰ, ਉਹ ਨਹੀਂ ਮੁੜ ਦੁਬਿਧਾ ਵਿੱਚ ਪੈਂਦੇ॥
ਹੈ ਜਿਨਾਂ ਦਾ ਨਿਸਚਾ ਪੱਕਾ ਹੋਂਦਾ, ਉਹ ਭਰਮ ਭੁਲੇਖੇ ਵਿੱਚ ਨਹੀਂ ਰਹਿੰਦੇ॥

ਇਹ ਰਾਹ ਰੂਹਾਨੀ ਨਿਰਮਲ ਪੈਂਡਾ, ਹੈ ਸੁਰਤੀ ਨਾਲ ਮੁਕਾਈਦਾ॥
ਹੋਕੇ ਪਾਵਨ ਨਿਰਮਲ ਖਾਲਸ, ਘਰ ਸੁਰਖੁਰੂ ਹੋ ਕੇ ਜਾਈਦਾ॥

ਹੈ ਏਹੀ ਟੀਚਾ ਇਸ ਜੀਵਨ ਦਾ, ਏਹੀ ਮੰਜਿਲ ਹੈ ਜੀਵਨ ਦੀ॥
ਏਸੇ ਫੇਰੀ ਵਿੱਚ ਹੀ 'ਅਰਸ਼ੀ', ਬ੍ਰਹਮਵਿਲੀਣ ਹੋਣ ਥੀਵਣ ਦੀ॥

ਸਾਰਾ ਮਨੋਰਥ ਤੇ ਆਸ਼ਾ ਮਨੁੱਖੀ ਮਨ ਨੂੰ ਸੋਧਣ, ਸਵਾਰਨ ਤੇ ਸੁਧਾਰਨ ਦਾ ਹੈ। ਜੇ ਮਨ ਸਵਰ ਜਾਵੇ ਤਾਂ ਜੀਵਨ ਆਪੇ ਹੀ ਸਵਰ ਜਾਵੇਗਾ। ਸਤਿਗੁਰ ਦਾ ਓਟ ਆਸਰਾ ਲੈ ਕੇ ਯਤਨ ਤਾਂ ਸਾਨੂੰ ਖੁਦ ਨੂੰ ਹੀ ਕਰਨਾਂ ਪੈਣਾਂ ਹੈ। ਜਿਵੇਂ ਕਿਸੇ ਦੇ ਖਾਦਿਆਂ ਨਹੀਂ ਰੱਜੀਦਾ। ਕਿਸੇ ਦੇ ਆਖਿਆਂ ਜਾਂ ਗਲਾਂ ਨਾਲ ਕੁੱਝ ਨਹੀਂ ਸੌਰਦਾ। ਅਮਲੀ ਜੀਵਨ ਵਿੱਚ ਹੀ ਸਫਲਤਾ ਹੋ ਸਕਦੀ ਹੈ। ਜੀਵਨ ਸੁਧਰ ਸਕਦਾ ਹੈ।

ਆਸ ਕਰਦਾ ਹਾਂ ਕਿ ਜਗਿਆਸੂ ਪਾਠਕਜਨ ਇਸ ਪੁਸਤਕ 'ਰੂਹਾਨੀ ਰਾਹ' ਵਿਚਲੀਆਂ ਲਿਖੀਆਂ ਗਈਆਂ ਸੁਧਾਰਵਾਦੀ ਰੁਚੀਆਂ ਦੀਆਂ ਕਵਿਤਾਵਾਂ, ਗੀਤਾਂ ਤੇ ਗਜ਼ਲਾਂ ਨੂੰ ਇਕਾਗਰਤਾ ਨਾਲ ਪੂਰਾ ਪੜਕੇ ਤੇ ਵਿਚਾਰਕੇ ਆਤਮ ਅਨੰਦ ਮਾਨਣਗੇ ਅਤੇ ਦਾਸਰੇ ਵੱਲੋਂ ਕੀਤੇ ਗਏ ਇਸ ਨਿਮਾਣੇ ਯਤਨ ਦਾ ਪੂਰਾ ਲਾਭ ਉਠਾਉਣਗੇ। ਇਹੋ ਮੇਰੀ ਦਿਲੀ ਕਾਮਨਾ ਹੈ। ਹੋ ਗਈ ਕਿਸੇ ਭੁੱਲ ਲਈ ਖਿਮਾਂ ਦਾ ਜਾਚਕ ਹਾਂ।

ਸ਼ੁੱਭ ਭਾਵਨਾਵਾਂ ਸਾਹਿਤ।

ਦਾਸਰਾ,

**ਤ੍ਰਿਲੋਕ ਸਿੰਘ 'ਅਰਸ਼ੀ'**
509 ਸੈਕਟਰ 54
ਅਜੀਤਗੜ੍ਹ (ਮੁਹਾਲੀ) 160055
ਪੰਜਾਬ (ਭਾਰਤ)
ਫੋਨ 0172-4600080

## ਰਾਹ ਰੂਹਾਨੀ ਨਿਰਮਲ ਪੈਂਡਾ

ਰਾਹ ਰੂਹਾਨੀ ਨਿਰਮਲ ਪੈਂਡਾ, ਮਨ ਸੁਰਤੀ ਨਾਲ ਕਮਾਈ ਦਾ॥
ਮਦ ਮਾਇਆ ਪਰਵਿਰਤੀ ਤੱਜਕੇ, ਨਿਰਵਿਰਤੀ ਵਿੱਚ ਸਮਾਈ ਦਾ॥

ਪਰਵਿਰਤੀ ਹੈ ਦੁਨੀਆਂਦਾਰੀ, ਨਿਰਵਿਰਤੀ ਪਾਸਾ ਹੈ ਨਿਰੰਕਾਰੀ॥
ਇੱਕ ਪਾਸੇ ਹੈ ਭੱਟਕਣ ਤੜੱਪਣ, ਦੂਜੇ ਬੰਨੇ ਸ਼ਾਂਤ ਖੁਮਾਰੀ॥

ਹੈ ਦੁਨੀਆਂਦਾਰੀ ਨਿਰੀ ਮਕਾਰੀ, ਭੁੱਖ ਭੱਟਕਣਾਂ ਦੁੱਖ ਬੀਮਾਰੀ॥
ਪੁਰ ਪੁਰ ਬੇਚੈਨੀ ਬੇਸਬਰੀ, ਭੁਗਤ ਭੁਗਤ ਕੇ ਹੋਏ ਖੁਆਰੀ॥

ਇੱਛਾ ਖਾਹਿਸ਼ਾਂ ਰਹਿਣ ਸਤਾਂਦੀਆਂ, ਹੋੜ ਲੱਗ ਜਾਂਦੀ ਹੋਰ ਹੋਰ ਦੀ॥
ਲੋਭ ਲਾਲਸਾ ਜਾਂਦੀ ਫੈਲਦੀ, ਤ੍ਰਿਸ਼ਨਾਂ ਵੱਧਦੀ ਹੋਰ ਹੋਰ ਦੀ॥

ਮ੍ਰਿਗ ਤਿਸ਼ਨਾਂ ਬਣ ਜਾਂਦੀ ਮਾਇਆ, ਰਹੇ ਭੱਟਕਾਂਦੀ ਤੇ ਤੜਪਾਂਦੀ॥
ਹੱਥ ਨਹੀਂ ਆਉਂਦੀ ਇਹ ਪਰਛਾਈ, ਰਹੇ ਤਰਸਾਂਦੀ ਤੇ ਭਰਮਾਂਦੀ॥

ਭਾਂਤ ਭਾਂਤ ਦੇ ਰੂਪ ਬਣਾ ਕੇ, ਕਈ ਮਨਮੋਹਣੇ ਜਾਲ ਵਛਾਂਦੀ॥
ਇਸ ਮਾਇਆ ਜਾਲ 'ਚੋਂ ਬਚਨਾ ਮੁਸ਼ਕਲ, ਮਿਕਨਾ ਤੀਸੀ ਖਿੱਚ ਵਧਾਂਦੀ॥

ਫਿਰ ਮੋਹ ਮਾਦਕਤਾ ਵਿੱਚ ਫਸਾਕੇ, ਹੈ ਰਹਿੰਦੀ ਮਾਇਆ ਖੇਲ ਖੇਲਦੀ॥
ਵਿਕਾਰਾਂ ਦੇ ਚੱਸਕੇ ਲਾਕੇ, ਰਹੇ ਮਾਯਾਵੀ ਮੇਲ ਮੇਲਦੀ॥

ਲਿਬੜ ਹੈ ਜਾਂਦਾ ਦੁਸ਼ਕਰਮਾਂ ਵਿੱਚ, ਜਦ ਬੰਦਾ ਬਣ ਜਾਏ ਨਿਰਾ ਵਿਕਾਰੀ॥
ਵਿਗੜ ਹੈ ਜਾਂਦੀ ਸੋਚ ਤੇ ਕਰਨੀ, ਬਣ ਜਾਂਦਾ ਜੀਵਨ ਬਦਕਾਰੀ॥

ਫਿਰ ਮਾੜੇ ਫੁਰਨੇ ਰਹਿੰਦਾ ਸੋਚਦਾ, ਮੰਦੇ ਕਰਮ ਕਮਾਂਦਾ ਜਾਂਦਾ॥
ਪਾਪਾਂ ਦੀ ਪੰਡ ਬੰਨੀ ਜਾਂਦਾ, ਪਾਪ ਤੇ ਪਾਪ ਕਮਾਂਦਾ ਜਾਂਦਾ॥

ਫਿਰ ਮੁੱਕ ਜਾਂਦੀ ਦੌੜ ਜੀਵਨ ਦੀ, ਜੋ ਹੋਂਦੀ ਛੋਟੀ ਅਸਲੋਂ ਥੋੜੀ॥
ਹੈ ਪਏ ਜਾਂਦੀ ਗਲ ਚੌਰਾਸੀ, ਕੋਈ ਹੋ ਨਹੀਂ ਸਕਦੀ ਚਾਰਾ ਜੋਰੀ॥

ਇਸ ਚੱਕਰਵਿਊ 'ਚੋਂ ਬਾਹਰ ਜਾਣ ਲਈ, ਕਿਸੇ ਵੱਡੇ ਉਪਰਾਲੇ ਦੀ ਲੋੜ ਹੈ॥
ਨਿਰਵਿਰਤੀ ਦੀ ਚਰਨੀ ਢਹਿਣ ਲਈ, ਕਿਸੇ ਵੱਡੇ ਰਖਵਾਲੇ ਦੀ ਲੋੜ ਹੈ॥

**'ਅੱਗੋਂ ਦੇ ਜੇ ਚੇਤੀਐ, ਤਾਂ ਕਾਇਤੁ ਮਿਲੈ ਸਜਾਇ॥''**
ਸੋਚ ਲਈਏ ਪਹਿਲੋਂ ਹੀ ਜੇਕਰ, ਫਿਰ ਪਿੱਛੋਂ ਕਾਹਨੂੰ ਪਛਤਾਇ॥

ਆਓ ਵਰਤਮਾਨ ਨੂੰ ਹੁਣੇ ਵਰਤ ਕੇ, ਜੀਵਨ ਫੇਰੀ ਸਫਲ ਬਣਾਈਏ॥
ਮਨ ਬਿਰਤੀ ਤੇ ਕਾਬੂ ਪਾਕੇ, 'ਅਰਸ਼ੀ' ਜੀਵਨ ਮੁਕਤੀ ਪਾਈਏ॥

ਹੈ ਦੁਨੀਆਦਾਰੀ ਕਰਕੇ ਵੇਖ ਲਈ, ਫਲ ਕੀਤੀ ਦੇ ਭੋਗ ਲਏ ਨੇ॥
ਹੁਣ ਹੀ ਆਤਮ ਚਿੰਤਨ ਕਰੀਏ, ਦੁਖ ਜਨਮਾਂ ਦੇ ਭੋਗ ਲਏ ਨੇ॥

ਹੈ ਆਤਮ ਚਿੰਤਨ ਰਾਹ ਰੂਹਾਨੀ, ਇਸ ਅਗਨ ਸਾਗਰ ਨੂੰ ਪਾਰ ਕਰਨ ਲਈ॥
'ਅਰਸ਼ੀ' ਜੀਵਨ ਮੁਕਤੀ ਪਾਣ ਲਈ, ਇਸ ਭਵਸਾਗਰ ਨੂੰ ਸੌਖਿਆਂ ਤਰਨ ਲਈ॥

**''ਜੋ ਘਰੁ ਛਡਿ ਗਵਾਵਣਾਂ, ਸੋ ਲਗਾ ਮਨ ਮਾਹਿ॥''**
**ਜਿਥੈ ਜਾਇ ਤੁਧੁ ਵਰਤਣਾਂ, ਤਿਸਕੀ ਚਿੰਤਾ ਨਾਹਿ॥**
**(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਪੰਨਾ 43)**

* * *

# ਆਤਮ ਚਿੰਤਨ

ਪਸ਼ੂਆਂ ਵਾਂਗੂ ਪੇਟ ਭਰਨਾਂ ਹੀ, ਹੈ ਨਹੀਂ ਮਨੋਰਥ ਇਸ ਜੀਵਨ ਦਾ॥
ਪਸ਼ੂਆਂ ਵਾਂਗ ਜੀਵਨ ਨੂੰ ਭੋਗਣਾਂ, ਵੀ ਨਹੀਂ ਮਨੋਰਥ ਇਸ ਜੀਵਨ ਦਾ॥

ਕਈ ਭੋਗ ਭੋਗ ਕੇ ਤ੍ਰਿਗਦ ਜੂਨੀਆਂ, ਮਸਾਂ ਹੈ ਮਿਲਿਆ ਮਾਨਵ ਜੀਵਨ॥
ਭੱਟਕ ਭੱਟਕ ਕੇ ਵਿਚ ਚੌਰਾਸੀਆਂ, ਮਸਾਂ ਹੈ ਪਾਇਆ ਪਾਵਨ ਜੀਵਨ॥

ਹੁਣ ਇਸਨੂੰ ਨਹੀਂ ਅਜਾਈਂ ਕਰਨਾਂ, ਨਹੀਂ ਗਵਾਣਾਂ ਭੋਹ ਦੇ ਭਾੜੇ॥
ਐਵੇਂ ਨਹੀਂ ਵਿਅਰਥ ਕਰ ਦੇਣਾਂ, ਨਹੀਂ ਕਰ ਦੇਣਾਂ ਵਾਂਗ ਉਜਾੜੇ॥

ਹੈ ਬੜਾ ਅਮੋਲਕ ਡਾਢਾ ਦੁਰਲੱਭ, ਇਹ ਮਾਨਵ ਚੋਲਾ ਜੀਵਨ ਬੰਦੇ ਦਾ॥
ਮੁੜ ਮੁੜਕੇ ਫਿਰ ਹੱਥ ਨਹੀਂ ਆਣਾਂ, ਹੈ ਬੜਾ ਗਨੀਮਤ ਜੀਵਨ ਬੰਦੇ ਦਾ॥

ਕਿਸੇ ਡੂੰਘੀ ਸੋਚ ਵਿਚਾਰ ਦੀ ਲੋੜ ਹੈ, ਮਾਨਵ ਜੀਵਨ ਸਫਲ ਕਰਨ ਲਈ॥
ਸਾਵਧਾਨੀ ਵਰਤਣ ਦੀ ਲੋੜ ਹੈ, ਭਵਸਾਗਰ ਨੂੰ ਸੌਖਿਆਂ ਤਰਨ ਲਈ॥

ਹਨ ਜੀਵਨ ਲਈ ਦੋ ਹੀ ਰਸਤੇ, ਬਾਬੇ ਨਾਨਕ ਨੇ ਜੋ ਦੱਸੇ॥
ਇੱਕ ਹੈ ਲਿਵ ਤੇ ਦੂਜਾ ਧਾਤ ਦਾ, ਪਿਆ ਸਾਰਾ ਜਗਤ ਇਨ੍ਹਾਂ ਤੇ ਵੱਸੇ॥

**''ਲਿਵ ਧਾਤੁ ਦੁਇ ਰਾਹ ਹੈ, ਹੁਕਮੀ ਕਾਰ ਕਮਾਇ॥**
**ਧਾਤੁ ਮਿਲੈ ਫੁਨਿ ਧਾਤੁ ਕਉ, ਸਿਫਤੀ ਸਿਫਤਿ ਸਮਾਇ॥''**

ਹੈ ਲਿਵ ਦਾ ਰਸਤਾ ਰਾਹ ਰੂਹਾਨੀ, ਧਰਮ ਦਾ ਮਾਰਗ ਹੈ ਨਿਰਵਿਰਤੀ॥
ਪਰ ਧਾਤ ਧਾਵਨੀ ਹੋਂਦੀ ਭੱਟਕਣਾਂ, ਹੈ ਪਗਡੰਡੀ ਇਹ ਪਰਵਿਰਤੀ॥

ਹੈ ਲਿਵ ਦਾ ਰਸਤਾ ਸਿੱਧਾ ਮਾਰਗ, ਪਰ ਇਸਤੇ ਤੁਰਨਾਂ ਕੋਈ ਸੌਖਾ ਨਹੀਂ॥
ਇਹ ਖੰਡੇਧਾਰ ਗਲੀ ਅਤਿਭੀੜੀ, ਕੋਈ ਇਸ ਤੇ ਤੁਰਨਾਂ ਸੌਖਾ ਨਹੀਂ॥

ਹਨ ਵਿਰਲੇ ਇਸ ਰਸਤੇ ਤੇ ਤੁਰਦੇ, ਬਹੁਤੇ ਬਣ ਜਾਂਦੇ ਸੰਸਾਰੀ॥
ਸੰਸਾਰੀ ਹੈ ਦੁਨੀਆਂਦਾਰੀ, ਜਿਸ ਵਿੱਚ ਵੱਡੀ ਹੈ ਦੁਸ਼ਵਾਰੀ॥

ਇਹ ਰਸਤਾ ਹੈ ਟੇਢਾ ਮੇਢਾ, ਮਾਤ ਲੋਕ ਵਿੱਚ ਪਵੇ ਭੱਟਕਣਾਂ॥
ਮੁੜ ਮੁੜ ਜੰਮਣਾਂ ਮੁੜ ਮੁੜ ਮਰਨਾਂ, ਮੁੜ ਮੁੜਕੇ ਜੂਨਾਂ ਵਿਚ ਲੱਟਕਣਾਂ॥

ਚੌਰਾਸੀ ਦਾ ਚੱਕਰ ਨਹੀਂ ਮੁੱਕਦਾ, ਹਨ ਪੈਂਦੇ ਕੀਤੇ ਕਰਮ ਹੰਢਾਣੇ॥
ਤ੍ਰਿਗਦ ਜੂਨੀਆਂ ਨਹੀਂ ਮੁੱਕਦੀਆਂ, ਮੁੜ ਮੁੜ ਪੈਂਦੇ ਗੇੜੇ ਲਾਣੇ॥

ਇਸ ਜਿੱਲਣ 'ਚੋਂ ਨਿਕਲਣਾਂ ਔਖਾ, ਬਣ ਜਾਂਦਾ ਮਾਯਾਵੀ ਜਾਲ ਹੈ॥
ਕੋਈ ਵਿਰਲਾ ਹੈ ਬੱਚ ਨਿਕਲਦਾ, ਹੋਂਦਾ ਜਿਸਤੇ ਪ੍ਰਭੂ ਦਿਆਲ ਹੈ॥

**'ਜਾ ਕਉ ਭਏ ਕਿਰਪਾਲ ਪ੍ਰਭ, ਹਰਿ ਹਰਿ ਸੇਈ ਜਪਾਤ॥**
**ਨਾਨਕ ਪ੍ਰੀਤਿ ਲਗੀ ਤਿਨ ਰਾਮ ਸਿਉ, ਭੇਟਤ ਸਾਧ ਸੰਗਾਤ॥'**

ਕੁੰਭੀ ਨਰਕ ਬਣ ਜਾਏ ਚੌਰਾਸੀ, ਮੁੜ ਮੁੜ ਪੈਂਦੇ ਰੂਪ ਵਟਾਣੇ॥
ਦੁੱਖਾਂ ਦਰਦਾਂ ਵਿੱਚ ਜਿਉਣਾਂ, ਹਨ ਪੈਂਦੇ ਕੀਤੇ ਕਰਮ ਹੰਢਾਣੇ॥

ਇਸ ਚੱਕਰਵਿਊ ਨੂੰ ਤੋੜਨਾਂ ਔਖਾ, ਹੈ ਟੁੱਟਦਾ ਜਦ ਕਰਮ ਜਾਗਦੇ॥
ਹੈ ਲੰਬਾ ਪੈਂਡਾ ਕੱਟਣਾਂ ਪੈਂਦਾ, ਮੁੱਕਦੇ ਪੰਧ ਜਦ ਕਰਮ ਜਾਗਦੇ॥

ਹੈ ਕੋਈ ਰਹਿਬਰ ਜਦ ਮਿਲ ਜਾਂਦਾ, ਹੈ ਫੇਰ ਹੀ ਹੋਂਦੀ ਬੰਦ ਖਲਾਸੀ॥
ਪੂਰਬ ਕਰਮ ਜਦੋਂ ਹਨ ਜਾਗਦੇ, ਮਾਯੂਸੀ ਜਿੰਦੜੀ ਜਾਏ ਹੁਲਾਸੀ॥

ਫਿਰ ਪਰਵਿਰਤੀ ਪਾਸੇ ਧੱਕ ਕੇ, ਨਿਰਵਿਰਤੀ ਹੈ ਗਲੇ ਲਗਾਂਦੀ॥
ਆਪੇ ਸੁੱਤੀ ਸੁਰਤੀ ਜਾਗੇ, ਜੀਵਨ ਕਲੀ ਆਪੇ ਖਿਲ ਜਾਂਦੀ॥

ਰਾਹ ਰੂਹਾਨੀ ਨਿਰਮਲ ਪੈਂਡਾ, ਹੈ ਸੁਰਤੀ ਨਾਲ ਕਮਾਈਦਾ॥
ਕੋਈ ਅੰਦਰ ਲੱਗਣ ਲਗਾਣੀ ਪੈਂਦੀ, ਹੈ ਤਾਂਹੀ ਮਰਤਬਾ ਪਾਈਦਾ॥

ਹੈ ਏਹੀ ਤਾਂ ਚਿੰਤਨ ਕਰਨਾਂ, ਕਿਹੜਾ ਰਸਤਾ ਹੈ ਅਪਨਾਣਾਂ॥
ਚੌਰਾਸੀ ਦੇ ਚੱਕਰਾਂ ਵਿੱਚੋਂ, ਹੈ 'ਅਰਸ਼ੀ' ਜੀਵਨ ਕਿਵੇਂ ਬਚਾਣਾਂ॥

* * *

## ਲਿਵ ਧਾਤ ਦੋ ਰਾਹ ਹਨ

**ਲਿਵ ਧਾਤੁ ਦੁਇ ਰਾਹ ਹੈ, ਹੁਕਮੀ ਕਾਰ ਕਮਾਇ॥**
**ਮਾਨਵ ਕਰਮ ਕਮਾਵਣੇ, ਜੋ ਖਟੇ ਸੋ ਖਾਇ॥**
**(ਅੰਗ 87 ਗੁ ਗ੍ਰੰ: ਸ:)**

ਦੋ ਹੀ ਰਸਤੇ ਹਨ ਸੰਸਾਰ ਦੇ, ਪਈ ਜਿਨਾਂ ਤੇ ਚਲਦੀ ਕੁੱਲ ਲੁਕਾਈ।
ਇੱਕ ਹੈ ਰਸਤਾ ਦੁਨੀਆਂਦਾਰੀ, ਦੂਜੇ ਰਾਹ ਨੂੰ ਕਹਿਣ ਖੁਦਾਈ॥

ਦੋਵੇਂ ਰਾਹ ਹਨ ਵੱਖੋ-ਵੱਖਰੇ, ਇੱਕ ਹੈ ਲਿਵ ਤੇ ਦੂਜਾ ਧਾਤ ਦਾ॥
ਧਾਤ ਧਰਾਤਲ ਹੋਂਦੀ ਭੱਟਕਣਾਂ, ਖਤਰਾ ਬਣ ਜਾਂਦਾ ਹਰ ਬਾਤ ਦਾ॥

ਲਿਵ ਹੈ ਚੁੱਕਦੀ ਸੁਰਤੀ ਉੱਚੀ, ਲੀਣ ਚਾ ਕਰਦੀ ਨਿਰੰਕਾਰ ਨਾਲ॥
ਧਾਤ ਧਰਾਤਲ ਤੇ ਹੈ ਸੁੱਟਦੀ, ਲਿਪਤ ਹੀ ਕਰ ਦੇਂਦੀ ਸੰਸਾਰ ਨਾਲ॥

ਧਾਤ ਹੈ ਨਿਰੀ ਮਾਯਾਵੀ ਭੱਟਕਣਾਂ, ਸਾਕਤਵਾਦੀ ਸੋਚ ਪਦਾਰਥੀ॥
ਹੋੜ ਪਦਾਰਥ ਦੀ ਲੱਗ ਜਾਂਦੀ, ਬਣ ਖੁਦੀ ਤਕੱਬਰ ਰੁਚੀ ਸਵਾਰਥੀ।

ਜਿਵੇਂ ਦੀ ਮਨ ਦੀ ਰੁਚੀ ਹੈ ਬਣਦੀ, ਫਿਰ ਬੰਦਾ ਤਿਵੇਂ ਹੀ ਕਰਮ ਕਮਾਂਦਾ॥
ਖੁੱਭ ਹੈ ਜਾਂਦਾ ਵਿਚ ਪਦਾਰਥਾਂ, ਬਾਹਰ ਆਣਾਂ ਅਉਖਾ ਹੋ ਜਾਂਦਾ॥

ਫੱਸ ਜਾਂਦਾ ਵਿਚ ਜਾਲ ਮਾਯਾਵੀ, ਰਹੇ ਤੜੱਪਦਾ ਛੁੱਟ ਨਹੀਂ ਸਕਦਾ॥
ਘਿਰ ਹੈ ਜਾਂਦਾ ਵਿਚ ਵਿਕਾਰਾਂ, ਹੱਟ ਨਹੀਂ ਸਕਦਾ ਹੁੱਟ ਨਹੀਂ ਸਕਦਾ॥

ਪਿਆ ਪਾਪੀ ਬਣ ਪਾਪ ਕਮਾਂਦਾ॥ ਪਾਪਾਂ ਦੀ ਪੰਡ ਬੰਨੀ ਜਾਂਦਾ॥
ਰਹੇ ਪਾਪਾਂ ਦੇ ਦੰਡ ਭੋਗਦਾ॥ ਫਿਰ ਅੰਤ ਨਹੀਂ ਹੋਂਦਾ ਏਸ ਰੋਗਦਾ॥

ਕਰਮ ਚੱਕਰ ਹੈ ਫਿਰ ਚਲ ਪੈਂਦਾ, ਕਰਮਾਂ ਦੇ ਫਲ ਖਾਈ ਜਾਂਦਾ॥
ਰਹੇ ਭੁਗੱਤਦਾ ਅਤੇ ਭੋਗਦਾ, ਅਗੋਂ ਹੋਰ ਕਮਾਈ ਜਾਂਦਾ॥

ਜੰਮਦਾ ਰਹਿੰਦਾ ਮਰਦਾ ਰਹਿੰਦਾ, ਜੂਨਾਂ ਅੰਦਰ ਰਹੇ ਭੱਟਕਦਾ।।
ਚੌਰਾਸੀ ਦੇ ਚੱਕਰਾਂ ਵਿੱਚ ਪੈਕੇ, ਜਨਮ ਮਰਨ ਵਿੱਚ ਰਹੇ ਲੱਟਕਦਾ॥

ਪਰ ਜਦ ਪੂਰਬ ਕਰਮ ਹਨ ਜਾਗਦੇ, ਮਿਲ ਪੈਂਦਾ ਕੋਈ ਜੀਵਨ ਦਰਦੀ॥
ਰਾਹ ਰੂਹਾਨੀ ਤੇ ਚਾ ਪਾਂਦਾ, ਖਾਕੇ ਤਰਸ ਕਰਦਾ ਹਮਦਰਦੀ॥

ਜੋ ਜੀਵਨ ਕਾਂਟਾ ਮੋੜ ਹੈ ਦੇਂਦਾ, ਹੈ ਪਾ ਦੇਂਦਾ ਸਿੱਧੇ ਰਾਹੇ॥
ਦਲਦਲ ਵਿੱਚੋਂ ਕੱਢ ਹੈ ਦੇਂਦਾ, ਧੋ ਪੂੰਝ ਕੇ ਗਲੇ ਲਗਾਏ॥

ਦੱਸ ਹੈ ਦੇਂਦਾ ਰਾਹ ਧਰਮ ਦਾ, ਮਨਮੁੱਖ ਨੂੰ ਗੁਰਮੁੱਖ ਚਾ ਕਰਦਾ॥
ਕੋਈ ਅੰਦਰ ਲੱਗਣ ਲਗਾ ਹੈ ਦੇਂਦਾ, ਜਦ ਰਹਿਮਤ ਦਾ ਹੱਥ ਸਿਰਤੇ ਧਰਦਾ॥

ਪਰਵਿਰਤੀ ਦੇ ਚੁੰਗਲਾਂ 'ਚੋਂ ਕੱਢਕੇ, ਨਿਰਵਿਰਤੀ ਦੀ ਸਰਨੀ ਪਾਂਦਾ॥
ਫਿਰ ਆਪੇ ਰਹਿਮਤ ਐਸੀ ਕਰਦਾ, ਸੱਚ ਹੈ ਅੰਦਰ ਹੀ ਵੱਸ ਜਾਂਦਾ॥

ਲੱਗ ਜਾਂਦੀ ਜਦ ਲੱਗਣ ਹੈ ਸੱਚੀ, ਫਿਰ ਮਾਇਆ ਆਪੇ ਛੱਡਦੀ ਖਹਿੜਾ॥
ਫਿਰ ਪਰਵਿਰਤੀ ਨਹੀਂ ਸਤਾਂਦੀ, ਸੱਤ ਸੁਹਾਣ ਬਣੇ ਮਨ ਵਿਹੜਾ॥

ਕਿਸੇ ਮਿਹਨਤ ਨਾਲ ਨਹੀਂ ਲਿਵ ਲੱਗਦੀ, ਹੈ ਲੱਗਦੀ ਇਹ ਰਹਿਮਤ ਨਾਲ ਹੀ॥
ਫਿਰ ਆਪ ਕਮਾਈ ਕਰਨੀ ਪੈਂਦੀ, ਮਿਲੇ ਮਰਤਬਾ ਰਹਿਮਤ ਨਾਲ ਹੀ॥

ਬਿਨਾਂ ਲੱਗਣ ਨਹੀਂ ਟਿੱਕਦੀ ਸੁਰਤੀ, ਬਿਨਾ ਲੱਗਣ ਨਹੀਂ ਮੰਜ਼ਿਲ ਲੱਭਦੀ॥
ਬਿਨਾਂ ਲਗਣ ਨਹੀਂ ਜੁਗਤੀ ਮਿਲਦੀ, ਹੈ ਨਾਂ ਹੀ ਮਿਲਦੀ ਰਹਿਮਤ ਰੱਬ ਦੀ॥

ਹੈ ਲਿਵ ਦਾ ਰਸਤਾ ਜਦ ਪੱਕ ਜਾਂਦਾ, ਧਾਤ ਦਾ ਰਾਹ ਆਪੇ ਹੀ ਛੁੱਟਦਾ॥
ਲੱਗ ਜਾਂਦੀ ਜਦ ਲੱਗਣ ਹੈ ਅੰਦਰ, ਪਰਵਿਰਤੀ ਦਾ ਨਾਤਾ ਹੀ ਟੁੱਟਦਾ॥

ਕਦੇ ਹੀ ਮੌਕਾ ਹੱਥ ਹੈ ਆਉਂਦਾ, 'ਅਰਸ਼ੀ' ਆਪਣਾ ਜਨਮ ਸਵਾਰ॥
ਰਾਹ ਰੂਹਾਨੀ ਨੂੰ ਆਪਣਾ ਲੈ, ਜੋ ਜਾਂਦਾ ਸਿਧਾ ਵਲ ਕਰਤਾਰ॥

ਹਨ ਮੰਜ਼ਿਲ ਤੇ ਉਹੀ ਪੁੱਜਦੇ, ਜੋ ਪਿੱਛੇ ਮੁੜਕੇ ਨਹੀਂ ਵੇਖਦੇ॥
ਮਗਨ ਹੋ ਜਾਂਦੇ ਹਨ ਲਗਣ ਵਿੱਚ, ਨਾਂ ਹੀ ਰੁਕਦੇ ਨਹੀਂ ਪ੍ਰੇਖਦੇ॥

**''ਆਘਾ ਕੂ ਤ੍ਰਾਘਿ, ਪਿਛਾ ਫੇਰ ਨਾ ਮੁਹਡੜਾ॥**
**ਨਾਨਕ ਸਿਝਿ ਇਵੇਹਾ ਵਾਰ, ਬਹੁੜਿ ਨਾ ਹੋਵਈ ਜਨਮੜਾ॥''**

* * *

# ਧਰਮ

ਧਰਮ ਹੈ ਹੋਂਦਾ ਰਾਹ ਰੂਹਾਨੀ, ਧਰਮ ਹੈ ਹੋਂਦਾ ਰੱਬੀ ਕਾਇਦਾ॥
ਰੱਬੀ ਭਾਣਾਂ, ਹੁਕਮ ਰੱਬ ਦਾ, ਧਰਮ ਹੈ ਹੋਂਦੀ ਇੱਕ ਮਰਿਯਾਦਾ॥

ਹੋਂਦਾ ਧਰਮ ਹੈ ਫਰਜ ਪਾਲਣਾਂ॥ ਆਪਣੇ ਵਿਰਸੇ ਤਾਂਈ ਸੰਭਾਲਣਾਂ॥
ਆਪਣੇ ਮੁੱਢ ਮੂਲ ਨੂੰ ਜਾਨਣਾਂ॥ ਆਪਣੇ ਖੁਦ ਨੂੰ ਖੁਦ ਪਹਿਚਾਨਣਾਂ॥

ਜੋ ਧਾਰਨ ਕਰ ਲੈਂਦੇ ਮਰਿਯਾਦਾ, ਹਨ ਉਹੀ ਤਾਂ ਧਰਮੀ ਬਣ ਜਾਂਦੇ॥
ਆਪਣੀ ਸੀਮਾਂ ਅੰਦਰ ਵੱਸਦੇ, ਕਰਮ ਕਮਾਂਦੇ ਧਰਮ ਨਿਭਾਂਦੇ॥

ਧਰਮ ਨਹੀਂ ਹੋਂਦਾ ਭੇਖ ਦਿਖਾਵਾ॥ ਧਰਮ ਨਹੀਂ ਹੋਂਦਾ ਕੋਈ ਪ੍ਰਗਟਾਵਾ॥
ਧਰਮ ਤਾਂ ਨਿਰਮਲ ਕਰਮ ਹੈ ਹੋਂਦਾ॥ ਜਿਸ ਵਿਚ ਭੁਲੇਖਾ ਭਰਮ ਨਹੀਂ ਹੋਂਦਾ।

ਉੱਚੀ ਸੁੱਚੀ ਨਿਰਮਲ ਕਰਨੀ, ਹੈ ਹੋਂਦੀ ਮਨ ਨੂੰ ਨਿਰਮਲ ਕਰਨ ਲਈ॥
ਮਨ ਨੂੰ ਸੋਧਣ ਤੇ ਸਾਧਣ ਲਈ, ਹੈ ਹੋਂਦੀ ਮਨ ਦੀ ਦੁਬਿਧਾ ਹਰਨ ਲਈ।

ਧਰਮ ਹੈ ਪਾਵਨ ਰਾਹ ਦੁਨੀਆਂ ਦਾ, ਨਿਰਵਿਰਤੀ ਹੈ ਰਸਤਾ ਕਰਤਾਰ ਦਾ॥
ਧਰਮ ਕਾਨੂੰਨ ਹੈ ਉਸ ਕਰਤੇ ਦਾ, ਧਰਮ ਅਸੂਲ ਹੈ ਸਿਰਜਨਹਾਰ ਦਾ॥

ਹੈ ਸਾਰੀ ਕਾਇਨਾਤ ਵਿਚ ਰਮਿਆਂ, ਹੈ ਸਾਰੀ ਕਾਇਨਾਤ ਦਾ ਸਾਂਝਾ॥
ਜੋ ਸਾਰੀ ਸਰਿਸਟੀ ਨੇ ਹੈ ਧਾਰਿਆਂ, ਹੈ ਕੇਵਲ ਮਾਨਵ ਇਸਤੋਂ ਵਾਂਝਾ॥

ਹੈ ਮਾਨਵ ਨੇ ਇਸਨੂੰ ਉਲਝਾਇਆ॥ ਮਜਹਬਾਂ ਦਾ ਚਾ ਚੋਲਾ ਪਾਇਆ॥
ਹਨ ਮਜਹਬ ਤਾਂ ਕੇਵਲ ਹੋਂਦੇ ਰਸਤੇ॥ ਰਸਤੇ ਵੀ ਜੋ ਕੀਤੇ ਖਸਤੇ॥

ਧਰਮ ਨੂੰ ਮਜ਼ਬਾਂ ਵਿੱਚ ਮਿਲਾਇਆ॥ ਫਰਜ ਨੂੰ ਬੌਣਾਂ ਕਰ ਦਿਖਲਾਇਆ॥
ਧਰਮ ਤੇ ਮਜ਼ਬਾਂ ਵਿੱਚ ਅੰਤਰ ਹੈ॥ ਨਹੀਂ ਇੱਕੋ ਜੇਹੀ ਕੋਈ ਬੰਤਰ ਹੈ॥

ਇਹ ਮਜਹਬ ਤਾਂ ਹੋਂਦੇ ਵੱਖਰੇ ਮੱਤ ਨੇ॥ ਵੱਖਰੀ ਸੋਚ ਵੱਖਰੇ ਪੱਥ ਨੇ॥
ਹਨ ਭਾਵੇਂ ਰਾਹ ਧਰਮ ਵਲ ਜਾਂਦੇ॥ ਪਰ ਰਸਤੇ ਤਾਂ ਨਹੀਂ ਧਰਮ ਬਣ ਜਾਂਦੇ॥

ਕਈ ਬਣ ਗਏ ਵੱਖਰੇ ਵੱਖਰੇ ਟੋਲੇ॥ ਵੱਖਰੇ ਵੱਖਰੇ ਘੜ ਲਏ ਬੋਲੇ॥
ਵੱਖਰੇ ਸ਼ਰ੍ਹਾ ਕਾਨੂੰਨ ਬਣ ਲੈ॥ ਵੱਖਰੇ ਵੱਖਰੇ ਲੇਬਲ ਲਾ ਲੈ॥

ਪਏ ਆਪਣੇ ਰਾਹਾਂ ਨੂੰ ਵਡਿਆਂਦੇ॥ ਬਣ ਬਣ ਦੀਨੀ ਪਏ ਅਖਵਾਂਦੇ॥
ਰਹਿਣ ਖਹਿਬੜਦੇ ਆਪਸ ਵਿੱਚ ਹੀ॥ ਰਹਿਣ ਝਗੜਦੇ ਨਿਤ ਨਿਤ ਹੀ॥

ਪਏ ਮਜਹਬਾਂ ਵਾਲੇ ਲੜ ਲੜ ਮਰਦੇ॥ ਪਰ ਹਨ ਬਦਨਾਮ ਧਰਮ ਨੂੰ ਕਰਦੇ॥
ਧਰਮ ਇਨ੍ਹਾਂ ਨੇ ਧਾਰਿਆ ਹੀ ਨਹੀਂ। ਧਰਮ ਦਾ ਪੱਖ ਵਿਚਾਰਿਆ ਹੀ ਨਹੀਂ॥

ਇਹ ਹਿੰਦੂ ਸਿੱਖ ਮੁਸਲਮ ਈਸਾਈ॥ ਇਹ ਸਾਰੇ ਹੀ ਮਜਹਬ ਹਨ ਭਾਈ॥
ਹਨ ਭਾਵੇਂ ਰਾਹ ਧਰਮ ਵੱਲ ਜਾਂਦੇ॥ ਪਰ ਰਸਤੇ ਨਹੀਂ ਧਰਮ ਬਣ ਜਾਂਦੇ॥

ਧਰਮ ਇਨ੍ਹਾਂ ਤੋਂ ਬਹੁਤ ਉੱਤੇ ਹੈ, ਇਹ ਹਨ ਧਰਮ ਦੀਆਂ ਸਾਖਾਵਾਂ॥
ਧਰਮ ਹੈ ਸਾਂਝਾ ਪਾਕ ਪਵਿੱਤਰ, ਇਹ ਤਾਂ ਹਨ ਕੇਵਲ ਭਾਵਨਾਵਾਂ॥

ਰਾਹਾਂ ਖਾਤਰ ਹੀ ਪਏ ਲੜਦੇ, ਆਪਣੇ ਰਸਤੇ ਹੀ ਵਡਿਆਂਦੇ॥
ਮੰਜ਼ਲ ਵਲੀ ਨਹੀ ਵੇਖਦੇ, ਆਪਣੀ ਹਉਮੈ ਰਹਿਣ ਵਧਾਂਦੇ॥

ਧਰਮ ਤਾਂ ਧੁਰਾ ਹੈ ਸੰਸਾਰ ਦਾ॥ ਧਰਮ ਹੈ ਪਾਵਨ ਰਾਹ ਕਰਤਾਰ ਦਾ॥
ਧਰਮ ਨਹੀਂ ਲੜਨਾਂ ਕਦੇ ਸਿਖਾਂਦਾ॥ ਧਰਮ ਕਿਸੇ ਨੂੰ ਨਹੀਂ ਬਹਿਕਾਂਦਾ॥

ਧਰਮ ਨਹੀਂ ਦਸਦਾ ਕੋਈ ਵਿਤਕਰਾ, ਧਰਮ ਹੈ 'ਅਰਸ਼ੀ' ਪਿਆਰ ਵਧਾਂਦਾ॥
ਹੈ ਸਭ ਨੂੰ ਗਲਵਕੜੀ ਵਿੱਚ ਲੈਂਦਾ, ਸਭ ਨੂੰ ਮਾਲਕ ਨਾਲ ਮਿਲਾਂਦਾ॥

**''ਸਰਬ ਧਰਮ ਮਹਿ ਸ੍ਰੇਸ਼ਟ ਧਰਮ॥ ਹਰਿ ਕੋ ਨਾਮੁ ਜੀਪ ਨਿਰਮਲ ਕਰਮ॥**
**ਕਰਮ ਕਰਤ ਹੋਵੈ ਨਿਹਕਰਮ॥ ਤਿਸੁ ਬੈਸਨੋ ਕਾ ਨਿਰਮਲ ਧਰਮ॥''** (**ਸੁਖਮਨੀ**)

ਆਓ ਸਾਰੇ ਧਰਮੀ ਬਣ ਜਾਈਏ, ਇਹ ਮਜ਼੍ਹਬਾਂ ਵਾਲੇ ਪਾੜੇ ਮੇਟੀਏ॥
**'ਏਕ ਪਿਤਾ ਏਕਸਕੇ ਹਮ ਬਾਰਿਕ'**, ਆਓ ਇਕੋ ਦਰ ਤੇ ਲੇਟੀਏ॥

* * *

## ਸੁਰਤੀ ਬਿਰਤੀ

**'ਜਿਤ ਲਾਗੋ ਮਨ ਬਾਸਨਾ, ਅੰਤ ਸਾਈ ਪ੍ਰਗਟਾਨੀ॥'**
ਲੱਗ ਹੈ ਜਾਂਦੀ ਜਿੱਧਰ ਬਿਰਤੀ, ਓਵੇਂ ਜੀਵਨ ਬਣੇ ਕਹਾਨੀ॥

ਹੋਂਦੀ ਆਖਰੀ ਵੇਲੇ ਜਿੱਧਰ ਸੁਰਤੀ, ਓਧਰ ਹੀ ਹੈ ਪੈਂਦਾ ਜਾਣਾਂ॥
ਆਖਰੀ ਵੇਲੇ ਦੀ ਜੋ ਵਾਸਨਾਂ, ਉਸਨੇ ਓਧਰ ਹੀ ਲੈ ਜਾਣਾਂ॥

ਇਹ ਸੁਰਤੀ ਲਾਇਆਂ ਤੋਂ ਨਹੀਂ ਲੱਗਦੀ, ਹੈ ਲੱਗਦੀ ਜਿੱਧਰ ਲੱਗੀ ਹੋਂਦੀ॥
ਹੈ ਮਨ ਅੰਦਰ ਜੋ ਵੱਸਿਆ ਹੋਂਦਾ, ਆਪੇ ਓਧਰ ਉੱਭਰ ਖਲੋਂਦੀ॥

ਹੈ ਜਿਨਾਂ ਤੇ ਹੋਂਦੀ ਰਹਿਮਤ ਰੱਬਦੀ, ਹਨ ਓਹੀ ਰਾਹ ਰੂਹਾਨੀ ਫੜਦੇ॥
ਹੈ ਰਹਿਮਤ ਨਾਲ ਇਹ ਮਿਲਦੀ ਸੋਝੀ, ਹਨ ਰਹਿਮਤ ਨਾਲ ਹੀ ਖੁਲਦੇ ਪੜਦੇ॥

**'ਜਾ ਕਉ ਭਏ ਕਿਰਪਾਲ ਪ੍ਰਭ, ਹਰਿ ਹਰਿ ਸੇਈ ਜਪਾਤ॥**
**ਨਾਨਕ ਪ੍ਰੀਤਲਗੀ ਤਿਨ ਰਾਮ ਸਿਉ, ਭੇਟਤ ਸਾਧ ਸੰਗਾਤ॥'**

ਪਰ ਜੇ ਫੱਸ ਗਈ ਸੁਰਤੀ ਇਸ ਜੱਗ ਅੰਦਰ, ਫਿਰ ਪੈਣੇ ਚੱਕਰ ਏਥੇ ਲਾਣੇ॥
ਜੇ ਜੁੜ ਗਈ ਕਰਤਾਰ ਪ੍ਰਭੂ ਨਾਲ, ਫਿਰ ਅਰਸ਼ਾਂ ਅੰਦਰ ਮਿਲਣ ਟਿਕਾਣੇ॥

**''ਲਿਵ ਧਾਤੁ ਦੁਇ ਰਾਹ ਹੈ, ਹੁਕਮੀ ਕਾਰ ਕਮਾਇ॥**
**ਧਾਤੁ ਮਿਲੈ ਫੁਨਿ ਧਾਤੁ ਕਉ, ਸਿਫਤੀ ਸਿਫਤਿ ਸਮਾਇ॥**

**ਜਿਨਾਂ ਅੰਦਰਿ ਦੂਜਾ ਭਾਉ ਹੈ, ਤਿਨਾ ਗੁਰਮੁਖਿ ਪ੍ਰੀਤਿ ਨ ਹੋਇ॥**
**ਨਾਨਕ ਧਾਤੁ ਲਿਵੈ ਜੋੜ ਨ ਆਵਈ, ਜੇ ਲੋਚੈ ਸਭ ਕੋਇ॥''**

ਇਸ ਸੁਰਤੀ ਨੂੰ ਸੋਧਣ ਦੀ ਲੋੜ ਹੈ॥ ਮਨ ਨੂੰ ਪ੍ਰਬੋਧਨ ਦੀ ਲੋੜ ਹੈ॥
**'ਜੇਹੀ ਸੁਰਤਿ ਤੇਹਾ ਤਿਨ ਰਾਹੁ॥'** ਜੈਸੀ ਭਾਵਨਾਂ ਤੈਸਾ ਭਾਉ॥

ਰਹਿਮਤ ਹੋ ਜਾਵੇ ਜੇ ਰੱਬ ਦੀ, ਲਿਵ ਦਾ ਰਸਤਾ ਜੇ ਮਿਲ ਜਾਵੇ॥
ਹੋ ਜਾਵੇ ਬਖਸ਼ਿਸ਼ ਕਰਤਾਰ ਦੀ, ਧਾਤ ਧਰਾਤਲ ਵੀ ਭੁੱਲ ਜਾਵੇ॥

ਇਕਦਮ ਸੁਰਤੀ ਨਹੀਂ ਲੱਗ ਜਾਂਦੀ, ਹੈ ਇਹ ਤਾਂ ਪੈਂਦੀ ਵਾਦੀ ਪਾਣੀ॥
ਹੈ ਪਹਿਲਾਂ ਜੁਗਤੀ ਲੱਭਣੀ ਪੈਂਦੀ, ਫੇਰ ਉਹ ਜੁਗਤੀ ਪਵੇ ਕਮਾਣੀ॥

ਹੈ ਰਸਤਾ ਪਹਿਲੋਂ ਪੁਛਣਾਂ ਪੈਂਦਾ, ਫਿਰ ਤੁਰਨਾਂ ਪੈਂਦਾ ਹੈ ਆਪੇ ਹੀ॥
ਹੈ ਬੜਾ ਚੌਕੰਨਾ ਹੋਣਾਂ ਪੈਂਦਾ, ਫਿਰ ਜੁੜਨਾਂ ਪੈਂਦਾ ਹੈ ਆਪੇ ਹੀ॥

ਕੋਈ ਅੰਦਰ ਲਗਣ ਲਗਾਣੀ ਪੈਂਦੀ, ਮੰਤਵ ਟੀਚਾ ਮਿੱਥਣਾਂ ਪੈਂਦਾ॥
ਹੈ ਆਸ ਉਮੀਦ ਜਗਾਣੀ ਪੈਂਦੀ, ਕੋਈ ਢੰਗ ਤਰੀਕਾ ਸਿੱਖਣਾਂ ਪੈਂਦਾ॥

ਇਹ ਆਖਰੀ ਵੇਲੇ ਨਹੀਂ ਹੋ ਸਕਦਾ, ਇਹ ਪਹਿਲੋਂ ਹੀ ਕਰਨ ਦੀ ਲੋੜ ਹੈ॥
ਪਿਆਸ ਲੱਗਣ ਤੇ ਖੂਹ ਨਹੀਂ ਪੁੱਟੀਦਾ, ਇਹ ਸਭ ਪਹਿਲੋਂ ਕਰਨ ਦੀ ਲੋੜ ਹੈ॥

ਹਾਂ ਜੋ ਕੁੱਝ ਪਹਿਲਾਂ ਕਰਦੇ ਰਹਿੰਦੇ, ਹੈ ਬਿਰਤੀ ਓਵੇਂ ਹੀ ਬਣ ਜਾਂਦੀ॥
ਇਹ ਪਹਿਲਾਂ ਜਿੱਧਰ ਲੱਗੀ ਹੈ ਹੋਂਦੀ, ਆਖਰ ਓਧਰ ਹੀ ਮੁੜ ਜਾਂਦੀ॥

ਜੇ ਫੱਸੀ ਹੀ ਰਹੀ ਵਿਕਾਰਾਂ ਅੰਦਰ, ਦੁਨੀਆਂਦਾਰੀ ਵਿੱਚ ਰਹੀ ਰੁੱਝੀ॥
ਮਾਯਾਵੀ ਝਲਕਾਰਾਂ ਅੰਦਰ, ਬਦਕਾਰੀ ਵਿੱਚ ਰਹੀ ਜੇ ਖੁੱਭੀ॥

ਆਖਰੀ ਵੇਲੇ ਕਿਵੇਂ ਬਦਲੇਗੀ, ਕਿਵੇਂ ਪਲਟੇਗੀ ਜੀਵਨ ਸ਼ੈਲੀ॥
ਬਦਲ ਨਹੀਂ ਸਕਦੀ ਪੈ ਗਈ ਆਦਤ, ਕਿੰਜ ਸੁਧਰੇਗਾ ਪੱਕਾ ਵੈਲੀ॥

**''ਜੋ ਘਰ ਛਡ ਗਵਾਵਣਾ, ਸੋ ਲਗਾ ਮਨ ਮਾਹਿ॥**
**ਜਿਥੇ ਜਾਏ ਤੁਧ ਵਰਤਨਾਂ, ਤਿਸਕੀ ਚਿੰਤਾ ਨਾਹਿ॥''**

ਅਜੇ ਵੀ ਹੋਇਆ ਨਹੀਂ ਕਵੇਲਾ, ਹੋ ਸਕਦਾ ਹੈ ਅਜੇ ਵੀ ਹੀਲਾ॥
ਹੋ ਸਕਦਾ ਹੈ ਕੋਈ ਉਪਰਾਲਾ, ਬਣ ਸਕਦਾ ਹੈ ਕੋਈ ਵਸੀਲਾ॥

ਹੋ ਜਾਵੇ ਜੇ ਰਹਿਮਤ ਰੱਬ ਦੀ, ਰਾਹ ਰੂਹਾਨੀ ਲੱਭ ਸਕਦਾ ਹੈ॥
ਆਪੇ 'ਅਰਸ਼ੀ' ਪਲਟੇ ਕਾਇਆਂ, ਕੋਈ ਨੂਰ ਨੂਰਾਨੀ ਜੱਗ ਸਕਦਾ ਹੈ॥

* * *

# ਇੱਕ ਸੁਨੇਹਾ (ਗੀਤ)

ਢਲ ਚਲੀ ਹੈ ਜਿੰਦਗੀ, ਜੀਵਨ ਦਾ ਸੂਰਜ ਢਲ ਗਿਆ,
ਅਸਤ ਹੋਵਣ ਤੋਂ ਪਹਿਲਾਂ, ਆਓ ਇਸਨੂੰ ਵਾਚੀਏ॥
ਸਨ ਸੈਟ ਹੈ ਹੋਵਣ ਵਾਲਾ, ਹੈ ਤੇਜ ਇਸ ਦਾ ਘਟ ਗਿਆ,
ਅਸਤ ਹੋਵਣ ਤੋਂ ਪਹਿਲਾਂ, ਆਓ ਇਸਨੂੰ ਜਾਚੀਏ॥

ਆਓ ਜੀਵਨ ਜਰਾ ਪ੍ਰੇਖੀਏ, ਕੁਝ ਪਰਖੀਏ ਕੁਝ ਘੋਖੀਏ,
ਆਵਣ ਵਾਲੇ ਸਮੇਂ ਲਈ, ਆਓ ਕੋਈ ਵਿਉਂਤ ਵਿਚਾਰੀਏ॥
ਇਸ ਵਰਤਮਾਨ ਨੂੰ ਵਰਤਕੇ, ਕੁਝ ਘਾਲ ਕਮਾਈ ਕਰ ਲਈਏ,
ਭਵਸਾਗਰ ਸੌਖਿਆਂ ਤਰਨਲਈ, ਆਓ ਕੋਈ ਧਾਰਨਾਂ ਧਾਰੀਏ॥

ਜੋ ਗੁਜਰ ਗਈ ਸੋ ਗੁਜਰ ਗਈ, ਰਹਿੰਦੀ ਨੂੰ ਆਓ ਸੰਭਾਲੀਏ,
ਛੱਡ ਦੇਈਏ ਸ਼ੇਖੀਆਂ ਸ਼ੋਖੀਆਂ, ਕੁਝ ਅੰਦਰ ਝਾਤੀਆਂ ਮਾਰੀਏ॥
ਨਹੀਂ ਮੌਕਾ ਲੱਭਣਾਂ ਫੇਰ ਇਹ, ਹੋ ਗਈ ਜੇ ਹੁਣ ਵੀ ਦੇਰ ਜੇ,
ਲੰਘ ਗਿਆ ਸਮਾਂ ਨਹੀਂ ਪਰਤਣਾਂ, ਆਓ ਆਪਾ ਆਪ ਸਵਾਰੀਏ॥

ਸਭ ਭੁੱਲ ਕੇ ਦੁਨੀਆਂ ਦਾਰੀਆਂ, ਸਭ ਛੱਡਕੇ ਲੋਕਾ ਚਾਰੀਆਂ,
ਨਿਹਕਪਟ ਨਿਮਾਣੇ ਹੋ ਕੇ, ਆਓ ਨਿਰਮਲ ਕਰਮ ਕਮਾ ਲਈਏ॥
ਸਭ ਛੱਡੀਏ ਹੇਰਾ ਫੇਰੀਆਂ, ਭੁੱਲ ਜਾਈਏ ਮੇਰਾਂ ਤੇਰੀਆਂ,
ਬਣ ਭਾਈ ਸਾਂਝਾ ਪਾਲੀਏ, ਆਓ ਜੀਵਨ ਮਰਤਬਾ ਪਾਲਈਏ।

ਹੈ ਵੇਲਾ ਲੇਖਾ ਕਰਨ ਦਾ, ਆਪਣਾ ਹੀ ਲਿਖਿਆ ਪੜ੍ਹਨ ਦਾ,
ਅਗਲੇ ਸਫਰ ਤੁਰਨ ਤੋਂ ਪਹਿਲਾਂ, ਆਓ ਮੰਜ਼ਿਲ ਤਾਂਈ ਚਿਤਾਰੀਏ॥
ਪਹਿਲੋਂ ਹੀ ਰਸਤਾ ਸਮਝੀਏ, ਪਹਿਲੋਂ ਹੀ ਰਾਹ ਨੂੰ ਜਾਣੀਏਂ,
ਪਿੱਛੋਂ ਨਾ ਪਏ ਪਛਤਾਵਣਾਂ, ਇਹ ਸਿਰ ਤੋਂ ਬੋਝ ਉਤਾਰੀਏ॥

ਬਚਪਨ ਜੁਆਨੀ ਲੰਘ ਗਏ, ਹਨ ਹੋ ਪੁਰਾਣੇ ਅੰਗ ਗਏ,
ਆ ਗਈ ਅਵਸਥਾ ਆਖਰੀ, ਜਿਸਨੂੰ ਬੁਢੇਪਾ ਆਖਦੇ॥
ਹੈ ਅੱਗਾ ਨੇੜੇ ਆ ਗਿਆ, ਹੁਣ ਪਿੱਛਾ ਰਹਿ ਗਿਆ ਦੂਰ ਹੈ,
ਨਹੀਂ ਸਮਾਂ ਅਵੇਸਲੇ ਹੋਣਾ ਦਾ, ਹੋ ਜਾਣਾਂ ਸਪੁਰਦੇ ਖਾਕ ਦੇ॥

ਰੁਕਸਦ ਹੋਵਣ ਤੋਂ ਪਹਿਲਾਂ ਹੀ, ਕਰ ਲਈਏ ਕੁੱਝ ਤਿਆਰੀਆਂ।।
'ਅਰਸ਼ੀ' ਚਲਣ ਤੋਂ ਪਹਿਲਾਂ ਹੀ, ਲੈ ਲਈਏ ਕਿਤੋਂ ਰਾਹਦਾਰੀਆਂ॥
ਰੇ ਰੇ ਅਗੇ ਕਹੇ ਨਾ ਕੋਈ, ਕੋਈ ਐਸੀ ਜੁਗਤ ਕਮਾ ਲਈਏ॥
ਸੋਧ ਲਈਏ ਆਪਣੇ ਆਪੇ ਨੂੰ, ਕੋਈ ਐਸੀ ਬਣਤ ਬਣਾ ਲਈਏ॥

**''ਜੋਬਨ ਗਇਆ ਬਿਤੀਤਿ, ਜਰ ਮਲਿ ਬੈਠੀਆ॥**
**ਕਰ ਕੰਪਹਿ ਸਿਰੁ ਡੋਲ, ਨੈਣ ਨ ਡੀਠਿਆ॥**
**ਪ੍ਰਾਣੀ ਤੂੰ ਆਇਆ, ਲਾਹਾ ਲੈਣਿ॥**
**ਲਗਾ ਕਿਤ ਕੁਫਕੜੇ, ਸਭ ਮੁਕਦੀ ਚਲੀ ਰੈਣਿ॥''**
**(ਸ੍ਰੀ ਗੁਰੂ ਗਰੰਥ ਸਾਹਿਬ)**

* * *

## ਜੀਵਨ ਨੂੰ ਸਫਲ ਬਨਾਣ ਲਈ (ਗਜ਼ਲ)

ਨਹੀਂ ਸੁਪਨਿਆਂ ਵਿੱਚ ਵੱਸਣਾਂ, ਰਹਿਣਾਂ ਨਹੀਂ ਦਲੀਲਾਂ ਕਰਦਿਆਂ,
ਹੈ ਵਰਤਮਾਣ ਨੂੰ ਵਰਤਣਾਂ, ਜੀਵਨ ਨੂੰ ਸਫਲ ਬਨਾਣ ਲਈ॥

ਛੱਡ ਦੇਣੀ ਆਪਣੀ ਮੱਤ ਹੈ, ਧਾਰਨ ਕਰਨ ਲਈ ਗੁਰਮੱਤ ਨੂੰ,
ਹੈ ਹਉਮੈਂ ਹੰਗਤਾ ਮਾਰਨੀ, ਜੀਵਨ ਦੇ ਅਮਲ ਕਮਾਣ ਲਈ॥

ਘੜ ਲੈਣੀ ਨਵੀਂ ਹੈ ਜਿੰਦਗੀ, ਮਾਲਕ ਦੀ ਕਰਕੇ ਬੰਦਗੀ,
ਸਭ ਅਮਲ ਕਮਾਕੇ ਵੇਖਣੇ, ਜੀਵਨ ਨੂੰ ਹਡੀਂ ਹੰਢਾਣ ਲਈ॥

ਤੁਰਨਾ ਹੈ ਰਾਹ ਰੂਹਾਨੀਤੇ, ਲੈ ਆਸਰਾ ਗੁਰਬਾਣੀ ਦਾ,
ਬਾਣੀ ਗੁਰ ਗਿਆਨ ਹੈ ਚਾਨਣ ਹੈ, ਅਧਿਆਤਮ ਰਾਹ ਰੁਸ਼ਨਾਣ ਲਈ॥

ਧਰਮ ਹੋਂਦਾ ਮਨ ਨੂੰ ਸੋਧਣ ਲਈ, ਮਨ ਧੋਵਣ ਲਈ ਪ੍ਰਬੋਧਨ ਲਈ,
ਮਨ ਹੀ ਤਾਂ ਕਰਤਾ ਧਰਤਾ ਹੈ, ਹੈ ਕਾਰਨ ਕਰਮ ਕਮਾਣ ਲਈ॥

ਆ ਜਾਵੇ ਮਨ ਜੇ ਕਾਬੂ ਵਿੱਚ, ਫਿਰ ਮਾੜੇ ਫੁਰਨੇ ਫੁਰਦਾ ਨਹੀਂ,
ਫਿਰ ਮਾੜੇ ਕਾਰੇ ਹੋਂਦੇ ਨਹੀਂ, ਜੋ ਕਾਰਨ ਬਨਣ ਪਛਤਾਣ ਲਈ॥

ਪਿਛੋਂ ਪਛਤਾਣ ਤੋਂ ਚੰਗਾ ਹੈ, ਜੇ ਪਹਿਲੋਂ ਹੀ ਕੁਝ ਸੋਚ ਲਈਏ,
ਹੈ ਕਰਮਜੂਨੀ ਮਿਲੀ ਬੰਦੇ ਨੂੰ, ਸਮਾਂ ਮਿਲਿਆ ਕਰਮ ਕਮਾਣ ਲਈ॥

ਕਿਸੇ ਵਿੱਚ ਝਮੇਲੇ ਪੈਣਾਂ ਨਹੀਂ, ਕਿਸੇ ਵਿੱਚ ਭੁਲੇਖੇ ਰਹਿਣਾਂ ਨਹੀਂ,
ਇਸ ਵਾਰੀ ਬਾਜੀ ਜਿਤੱਣੀ ਹੈ, ਹੋ ਸੁਰਖਰੂ ਅਗੇ ਜਾਣ ਲਈ॥

ਜੋ ਕਰਨਾਂ ਹੁਣੇ ਹੀ ਕਰਨਾ ਹੈ, ਇਹ ਵੇਲਾ ਮੁੜ ਹੱਥ ਆਣਾਂ ਨਹੀਂ,
ਹੋਣਾ ਪੈਣਾਂ ਹੁਣੇ ਚੌਕੰਨਿਆ ਹੈ, 'ਅਰਸ਼ੀ' ਜੀਵਨ ਮਰਤਬਾ ਪਾਣ ਲਈ॥

* * *

## ਜੋ ਤੁਰਦੇ ਓਹੀ ਹਨ ਪੁੱਜਦੇ (ਗਜ਼ਲ)

ਜੋ ਤੁਰਦੇ ਓਹੀ ਹਨ ਪੁੱਜਦੇ, ਉਸ ਪੁੱਜਣਾਂ ਕੀ ਜੋ ਤੁਰਿਆ ਨਹੀਂ॥
ਕੀ ਮੰਜ਼ਿਲ ਉਸਨੇ ਮਾਰ ਨੀ, ਕਦੇ ਫੁਰਨਾ ਜਿਸਨੂੰ ਫੁਰਿਆ ਨਹੀਂ॥

ਪਏ ਰਹਿਣ ਸੁੱਤੇ ਜੋ ਜਾਗਣ ਨਾਂ, ਹਨ ਉੱਜੜ ਜਾਂਦੇ ਖੇਤ ਉਹਨਾਂ ਦੇ,
ਐਪਰ ਜਿਹੜੇ ਰਹਿਣ ਚੌਕੰਨੇ, ਪੱਤਾ ਵੀ ਕਦੇ ਭੁਰਿਆ ਨਹੀਂ॥

ਜੋ ਬੈਠ ਕਿਨਾਰੇ ਰਹਿਣ ਝਾਕਦੇ, ਨਹੀਂ ਸਾਗਰ ਵਿਚ ਟੁੱਬੀ ਮਾਰਦੇ,
ਕਿਥੋਂ ਮੋਤੀ ਮਿਲਣ ਉਹਨਾਂ ਨੂੰ, ਜੋ ਪਾਣੀ ਅੰਦਰ ਵੜਿਆ ਨਹੀਂ॥

ਰਹਿਣ ਦਲੀਲਾਂ ਕਰਦੇ ਜਿਹੜੇ, ਹਨ ਡੁੱਬੇ ਰਹਿੰਦੇ ਸੋਚਾਂ ਅੰਦਰ,
ਕਤਰਾਂਦੇ ਰਹਿੰਦੇ ਕੰਮ ਕਰਨ ਤੋਂ, ਕਦੇ ਚਾਅ ਜਿਨ੍ਹਾਂ ਨੂੰ ਚੜਿਆ ਨਹੀਂ॥

ਖੁਦ ਕੀਤੇ ਬਿਨ ਕੁੱਝ ਨਹੀਂ ਮਿਲਦਾ, ਹੈ ਜੀਵਨ ਆਪ ਬਨਾਣਾਂ ਪੈਂਦਾ,
ਅਮਲ ਤੇ ਕਰਨੀ ਪਵੇ ਕਮਾਣੀ, ਕਦੇ ਬਿਨਾਂ ਕਮਾਏ ਸਾਰਿਆ ਨਹੀਂ॥

ਗਲਾਂ ਨਾਲ ਨਹੀਂ ਕੁੱਝ ਸੌਰਦਾ, ਹੋ ਮਗਣ ਹੈ ਲਗਣ ਲਗਾਣੀ ਪੈਂਦੀ,
ਕਰ ਤਨ ਮਨ ਅਰਪਣ ਹੋ ਸਮਰਪਣ, ਵਿਚ ਸ਼ਰਧਾ ਜੇਕਰ ਉੜਿਆ ਨਹੀਂ॥

ਪਏ ਸੱਚ ਦੀ ਰਾਹੇ ਕਲਿਆਂ ਤੁਰਨਾਂ, ਸੰਗੀ ਸਾਥੀ ਕੋਈ ਨਾਲ ਨਹੀਂ,
ਫਿਰ ਕਿਵੇਂ ਜਿਤੇਗੀ ਜੀਵਨ ਬਾਜੀ, ਜੇ ਰਾਹ ਰੂਹਾਨੀ ਫੜਿਆ ਨਹੀਂ॥

ਰਾਹ ਰੂਹਾਨੀ ਨਿਰਮਲ ਪੈਂਡਾ, ਹੈ ਸੁਰਤੀ ਨਾਲ ਕਮਾਣਾਂ ਪੈਂਦਾ,
ਹੈ ਹੋਣਾ ਪੈਂਦਾ ਦੀਨ ਮਸਕੀਨ ਵੀ, ਬਿਨ ਸ਼ਰਧਾ ਪਿਆਰ ਕੋਈ ਜੁੜਿਆ ਨਹੀਂ॥

ਤੂੰ ਹੋਜਾ 'ਅਰਸ਼ੀ' ਨਿਮਰ ਨਿਮਾਣਾਂ, ਜੇ ਏਸੇ ਵਾਰੀ ਮਰਤਬਾ ਪਾਣਾਂ,
ਫੇਰ ਇਹ ਵੇਲਾ ਹੱਥ ਨਹੀਂ ਆਣਾਂ, ਜੇ ਰੰਗ ਰੂਹਾਨੀ ਚੜਿਆ ਨਹੀ॥

**''ਪ੍ਰਥਮੇ ਮਨੁ ਪ੍ਰਬੋਧੈ ਆਪਣਾ, ਪਾਛੈ ਅਵਰ ਰੀਝਾਵੈ॥**
**ਰਾਮ ਨਾਮ ਜਪੁ ਹਿਰਦੈ ਜਾਪੇ, ਮੁਖ ਤੇ ਸਗਲ ਸੁਨਾਵੈ॥''**
(ਅੰਗ 381 ਗੁ: ਗ੍ਰੰ: ਸਾ:)

* * *

# ਟੀਚੇ ਤੱਕ ਪੁੱਜਣਾਂ

ਹੌਲੇ ਹੌਲੇ ਤੁਰਦੇ ਤੁਰਦੇ, ਹੈ ਟੀਚੇ ਤੱਕ ਪੁੱਜ ਜਾਈਦਾ॥
ਲੱਗੀ ਹੋਵੇ ਲਗਣ ਜੇ ਅੰਦਰ, ਹੈ ਤਾਂ ਹੀ ਮਰਤਬਾ ਪਾਈਦਾ॥

ਪੂਰਾ ਕਰਨਾ ਮਿਸ਼ਨ ਹੈ ਆਪਣਾਂ, ਹੈ ਠਾਣ ਲਿਆ ਜਿਸਨੇ ਮਨ ਅੰਦਰ॥
ਪਿੱਛੇ ਮੁੜਕੇ ਨਹੀਂ ਵੇਖਣਾਂ, ਹੈ ਧਾਰ ਲਿਆ ਜਿਸਨੇ ਮਨ ਅੰਦਰ॥

ਕਰਨਾ ਨਹੀਂ ਦਿਖਾਵਾ ਕੋਈ, ਨਾਂ ਕੋਈ ਬਹਾਨੇ ਬਾਜ਼ੀਆਂ॥
ਹੈ ਆਪਣੀ ਲਗਣ 'ਚ ਲੱਗੇ ਰਹਿਣਾਂ, ਕਰਨੀਆਂ ਨਹੀਂ ਜਮਾਨੇ ਸਾਜੀਆਂ॥

ਮਨ ਵਿੱਚ ਰਖਣਾਂ ਇਕੋ ਨਿਸ਼ਾਨਾਂ, ਹੋਰ ਕੁੱਝ ਵੀ ਨਹੀਂ ਹੈ ਸੋਚਣਾਂ॥
ਸਭ ਕੁੱਝ ਨਜ਼ਰ ਅੰਦਾਜ ਹੈ ਕਰਨਾਂ, ਹੈ ਰਖਣੀ ਕੇਵਲ ਇੱਕੋ ਲੋਚਣਾਂ॥

ਜਿਹੜੇ ਧਾਰ ਲੈਂਦੇ ਨੇ ਏਦਾਂ, ਹਨ ਓਹੀਂ 'ਅਰਸ਼ੀ' ਮੰਜ਼ਿਲ ਮਾਰਦੇ॥
ਹਨ ਕਰ ਲੈਂਦੇ ਜੋ ਪੱਕੇ ਇਰਾਦੇ, ਹਨ ਉਹੀ ਪੁੱਜਦੇ ਕੰਢੇ ਪਾਰਦੇ॥

ਪਾਰ ਤਾਂ ਹਰ ਕੋਈ ਜਾਣਾਂ ਚਹੁੰਦੈ, ਪਰ ਦੁਬਦਾਵਾਂ ਹਨ ਘੇਰ ਲੈਂਦੀਆਂ॥
ਇਕ ਬੇੜੀ ਵਿਚ ਜੋ ਨਹੀਂ ਬਹਿੰਦੇ, ਸਫਲਤਾਵਾਂ ਮੂੰਹ ਫੇਰ ਲੈਂਦੀਆਂ॥

ਜੇ ਇਕੋ ਪਾਸੇ ਹੀ ਤੁਰਦੇ ਜਾਈਏ, ਹੈ ਤਾਂ ਹੀ ਸਫਰ ਮੁਕਾਈ ਦਾ॥
ਬਦਲਦੇ ਰਹੀਏ ਜੇ ਵਾਟਾਂ ਹੀ, ਫਿਰ ਨਹੀਂ ਮੰਜ਼ਿਲ ਨੂੰ ਪਾਈਦਾ॥

ਜੁਗਤੀ ਬਿਨਾਂ ਨਹੀਂ ਮਿਲਦੀ ਮੁਕਤੀ, ਹੈ ਪੈਂਦਾ ਕੋਈ ਢੰਗ ਅਪਨਾਣਾਂ॥
ਗੁਰੂ ਬਿਨਾਂ ਕਦੇ ਗਤ ਨਹੀਂ ਹੋਂਦੀ, ਹੈ ਪੈਂਦਾ ਲਾਜ਼ਮੀ ਗੁਰੂ ਬਨਾਣਾਂ॥

ਹੈ ਜੀਵਨ ਨੂੰ ਪੈਂਦਾ ਢਾਲਣਾਂ, ਕਿਸੇ ਕਾਇਦੇ ਨਿਯਮ ਅਸੂਲ ਦੇ ਅੰਦਰ॥
ਪੈਂਦੇ ਹਨ ਖੁਦ ਅਮਲ ਕਮਾਣੇ, ਬੱਝਕੇ ਕਿਸੇ ਅਸੂਲ ਦੇ ਅੰਦਰ॥

ਥੋੜ ਚਿਰਾ ਹੈ ਜੀਵਨ ਇਹ ਮਾਨਵੀ, ਹੈ ਬਹੁਤ ਹੀ ਸੰਭਲ ਕੇ ਵਰਤਣ ਲਈ॥
ਹੈ ਬੜਾ ਚੌਕੰਨਾ ਹੋਣਾਂ ਪੈਂਦਾ, ਸੁਖਸਾਂਦੀ ਘਰ ਪਰਤਣ ਦੇ ਲਈ॥

ਜੋ ਸਾਧ ਲੈਂਦੇ ਹਨ ਇਸ ਜੀਵਨ ਨੂੰ, ਹਨ ਬਣਦੇ ਉਹ ਆਦਰਸ਼ੀ ਬੰਦੇ॥
ਹੋਰਨਾਂ ਲਈ ਪ੍ਰੇਰਨਾਂ ਬਣਦੇ, ਹਨ ਬਣ ਜਾਂਦੇ ਆਕਰਸ਼ੀ ਬੰਦੇ॥

ਵਰਤਮਾਨ ਨੂੰ ਵਰਤ ਕੇ ਜਿਹੜੇ, ਜੀਵਨ ਜੋਤ ਜਗਾ ਲੈਂਦੇ ਨੇ॥
ਉਹ ਜੀਵਨ ਨੂੰ ਰੁਸ਼ਨਾ ਲੈਂਦੇ ਨੇ, ਜੀਵਨ ਮੁਕਤੀ ਪਾ ਲੈਂਦੇ ਨੇ॥

ਪੁਜ ਜਾਂਦੇ ਹਨ ਟੀਚੇ ਤੀਕਰ, ਮਕਸਦ ਪੂਰਾ ਕਰ ਲੈਂਦੇ ਨੇ॥
ਚੰਗੇ ਅਮਲ ਕਮਾਕੇ 'ਅਰਸ਼ੀ' ਜਨਮ ਸਰੂਰਾ ਕਰ ਲੈਂਦੇ ਨੇ॥

**''ਭਈ ਪਰਾਪਤਿਮਾਨੁਖ ਦੇ ਹੁਰੀਆ॥ ਗੋਬਿੰਦ ਮਿਲਣਕੀ ਇਹੁ ਤੇਰੀ ਬਰੀਆ॥**
**ਅਵਰਿ ਕਾਜ ਤੇਰੈ ਕਿਤੇ ਨਾ ਕਾਮ॥ ਮਿਲੁ ਸਾਧ ਸੰਗਤਿ ਭਜੁ ਕੇਵਲ ਨਾਮ॥''**

* * *

## ਹੇ ਮਿਹਰਾਂ ਵਾਲੇ ਅਰਸ਼ੀ ਸਾਈਆਂ (ਗੀਤ)

ਹੇ ਮਿਹਰਾਂ ਵਾਲੇ ਅਰਸ਼ੀ ਸਾਈਆਂ!
ਮੈਂ ਅਖੀਆਂ ਆਮਦ ਵਿੱਚ ਵਿਛਾਈਆਂ॥
ਕਰ ਕਿਰਪਾ ਵੱਸੋ ਮੇਰੇ ਹਿਰਦੇ,
ਕਦੋਂ ਦੀਆਂ ਆਸਾਂ ਹਨ ਲਾਈਆਂ॥

ਬੂੰਦ ਨਹੀਂ ਜਾਣ ਸਕਦੀ ਸਾਗਰ ਨੂੰ,
ਇਹ ਉਸ ਦੀ ਵਿੱਚ ਹੀ ਨਹੀਂ ਸਮਰੱਥਾ॥
ਪਾਰਾਵਾਰ ਹੀ ਨਹੀਂ ਪਾ ਸਕਦੀ,
ਇਹ ਉਸਦੀ ਵਿੱਚ ਹੀ ਨਹੀਂ ਸਮਰੱਥਾ॥

ਤੇਰੀ ਮਰਜੀ ਬਿਨ ਕੋਈ ਜੀਵ ਆਤਮਾ,
ਨਹੀਂ ਨਾਲ ਤੇਰੇ ਮਿਲਜੁਲ ਰਲ ਸਕਦੀ॥
ਹਿਲ ਨਹੀਂ ਸਕਦਾ ਕੋਈ ਪੱਤਾ ਵੀ,
ਕੋਈ ਕੋਮਲ ਕਲੀ ਕਿਵੇਂ ਖਿਲ ਸਕਦੀ॥

ਹੈ ਤੇਰੀ ਮਰਜ਼ੀ ਹੀ ਫਲਦਾਤੀ,
ਨਹੀਂ ਉਸ ਤੋਂ ਬਿਨਾਂ ਕੁੱਝ ਵੀ ਹੋ ਸਕਦਾ॥
ਮਿਲਣਾਂ ਵਿਛੜਨਾਂ ਹੈ ਹੱਥ ਤੇਰੇ,
ਮਿਹਰ ਬਿਨਾਂ ਨਹੀਂ ਮਿਲਿਆ ਜਾ ਸਕਦਾ॥

**'ਕਿਰਪਾ ਕਰਹੁ ਦੀਨ ਕੇ ਦਾਤੇ**
**ਮੇਰਾ ਗੁਣ ਅਵਗੁਣ ਨਾ ਬੀਚਾਰਹੁ ਕੋਈ॥**
**ਮਾਟੀ ਕਾ ਕਿਆ ਧੋਪੈ ਸੁਆਮੀ**
**ਮਾਨਸ ਕੀ ਗਤਿ ਏਹੀ॥'** (ਅੰਗ 882)

ਜੇ ਨਜ਼ਰ ਸਵੱਲੀ ਹੋ ਜਾਏ ਤੇਰੀ,
ਫਿਰ ਮੁੱਕ ਜਾਵਣ ਸਭ ਬਲਾਈਆਂ॥
ਕਰ ਕਿਰਪਾ ਵਸੋ ਮੇਰੇ ਹਿਰਦੇ,
ਹੇ ਜਗ ਦਾਤਾ! ਮਾਲਕਾ ਸਾਈਆਂ॥

ਜਿਸਨੂੰ ਹੋਏਂ ਦਿਆਲ ਤੂੰ ਸੁਆਮੀ,
ਸੋਈ ਚਿਤਵੇ ਤੁਝੇ ਚਿਤਾਰੇ॥
ਸੋਝੀ ਸਮਝ ਹੈਂ ਜਿਸਨੂੰ ਬਖਸ਼ਦਾ,
ਹੈ ਓਹੀ ਸਮਝਦਾ ਤੇਰੇ ਇਸ਼ਾਰੇ॥

**''ਜਾ ਕਉ ਭਏ ਕਿਰਪਾਲ ਪ੍ਰਭ
ਹਰਿ ਹਰਿ ਸੇਈ ਜਪਾਤ॥
ਨਾਨਕ ਪ੍ਰੀਤਿ ਲਗੀ ਤਿਨ ਰਾਮ ਸਿਉ
ਭੇਟਤ ਸਾਧ ਸੰਗਾਤ॥''**

ਹੈ ਜਿਸਤੇ ਰਹਿਮਤ ਹੋਂਦੀ ਤੇਰੀ,
ਉਸੇ ਨੂੰ ਆਪਣੇ ਲੜ ਲਾਵੇਂ॥
ਹੈ ਜਿਸਤੇ ਬਖਸ਼ਿਸ਼ ਹੋਂਦੀ ਤੇਰੀ,
ਰਾਹ ਰੂਹਾਨੀ, ਓਸੇ ਨੂੰ ਪਾਵੇਂ॥

ਤੇਰੀ ਰਜ਼ਾ ਬਿਨ ਕੁੱਝ ਨਹੀਂ ਹੋਂਦਾ,
ਹਨ ਜੀਵ ਵਿਚਾਰੇ ਵਾਂਗ ਪੁੱਤਲੀਆਂ॥
ਕੋਈ ਪੁੱਤਲੀ ਦੀ ਨਹੀਂ ਹੋਂਦੀ ਹਸਤੀ,
ਪਈ ਉੱਡਦੀ ਦਿਸਦੀ ਵਾਂਗ ਤਿੱਤਲੀਆਂ॥

ਜਿਵੇਂ ਨਚਾਵੇਂ ਤਿਵੇਂ ਪਈ ਨੱਚੇ,
ਪੁੱਤਲੀ ਖੁਦ ਕੁੱਝ ਨਹੀਂ ਕਰ ਸਕਦੀ॥
ਹੈ ਉਹ ਤਾਂ ਕੇਵਲ ਕਾਠ ਦੀ ਪੁੱਤਲੀ,
ਨਹੀਂ ਕਰ ਸੱਕਣ ਦਾ ਦਮ ਭਰ ਸਕਦੀ।

**''ਤਰਸੁ ਪਾਇਆ ਮਿਹਰਾਮਤਿ ਹੋਈ
ਸਤਿਗੁਰੁ ਸਜਣੁ ਮਿਲਿਆ॥
ਨਾਨਕ ਨਾਮੁ ਮਿਲੈ ਤਾਂ ਜੀਵਾਂ
ਤਨੁ ਮਨੁ ਥੀਵੈ ਹਰਿਆ।''
(ਅੰਗ 1429 ਗੁ: ਗ੍ਰੰ: ਸਾ:)**

* * *

# ਮੈਂ ਨਹੀਂ ਹੈ ਕੇਵਲ ਓਹੀ

ਦੂਰ ਹੈ ਹੋ ਗਿਆ ਮਨ ਦਾ ਸਹਿੰਸਾ, ਹੈ ਕਰਤਾ ਮੇਰੇ ਅੰਦਰ ਰਹਿੰਦਾ॥
ਰਗ ਰਗ ਵਿੱਚ ਹੈ ਰਮਿਆ ਹੋਇਆ, ਨਾਲ ਹੀ ਰਹਿੰਦਾ ਉੱਠਦਾ ਬਹਿੰਦਾ॥

ਹੈ ਗੁਰਾਂ ਨੇ ਭਰਮ ਭੁਲੇਖਾ ਲਾਹਿਆ॥ ਅਨੁਭਵ ਤੇ ਅਹਿਸਾਸ ਕਰਾਇਆ॥
ਨਾਲ ਹੈ ਵੱਸਦਾ ਨਾਲ ਹੀ ਰਹਿੰਦਾ॥ ਹੈ ਆਪ ਹੀ ਸੁਣਦਾ ਆਪੇ ਕਹਿੰਦਾ॥

ਜੇ ਹੈ ਉਹ ਅੰਦਰ ਤਾਂ ਹੀ ਮੈਂ ਹਾਂ, ਜੇ ਉਹ ਨਾਂ ਹੋਵੇ, ਕੀ ਮੇਰੀ ਪਾਇਆਂ॥
ਹਾਂ ਮੈਂ ਵੀ ਤਾਂ, ਓਸੇ ਦੀ ਅੰਸ ਹੀ, ਹੈ ਮੇਰੇ ਵਿੱਚ ਵੀ ਓਸੇ ਦੀ ਛਾਇਆ॥

ਮੇਰੀ ਵੱਖਰੀ ਹੋਂਦ ਕੋਈ ਨਹੀਂ, ਨਹੀਂ ਕੋਈ ਵੱਖਰੀ ਹਸਤੀ ਮੇਰੀ॥
ਉਹਦੇ ਹੋਂਦੇ ਹੀ ਮੇਰੀ ਹੋਂਦ ਹੈ, ਕੋਈ ਉਸਤੋਂ ਬਿਨਾਂ ਨਹੀਂ ਬਸਤੀ ਮੇਰੀ।।

ਉਹਦੇ ਬਿਨਾ ਕੀ ਮੁੱਲ ਹੈ ਮਿੱਟੀ ਦਾ, ਹੈ ਕਾਇਆਂ ਕੇਵਲ ਮਿੱਟੀ ਦਾ ਲੋਥੜਾ॥
ਉਹ ਵਿੱਚ ਹੈ ਤਾਂ ਮਿੱਟੀ ਬੋਲਦੀ, ਜੇ ਵਿੱਚ ਨਹੀਂ ਤਾਂ ਮਿੱਟੀ ਦਾ ਬੋਥੜਾ॥

ਹਾਂ ਮੈਂ ਤਾਂ ਕੇਵਲ, ਉਹਦੀ ਕੱਠਪੁੱਤਲੀ ਹੀ, ਉਹ ਪਿਆ ਨਚਾਂਦਾ, ਅੰਦਰੋਂ ਆਪ ਹੈ॥
ਆਪਣੀ ਕਰਿਤ ਨੂੰ ਆਪ ਨਿਹਾਰਦਾ, ਪਿਆ ਆਪ ਵਜਾਂਦਾ ਆਪਣਾ ਸਾਜ਼ ਹੈ॥

**''ਕਾਠ ਕੀ ਪੁਤਰੀ ਕਹਾ ਕਰੇ ਬਪੁਰੀ, ਖਿਲਾਵਨ ਹਾਰੋ ਜਾਨੈ॥**
**ਜੈਸਾ ਭੇਖ ਕਰਾਵੈ ਬਾਜੀਗਰੁ, ਓਹ ਤੈਸੋ ਹੀ ਸਾਜ ਆਨੈ॥''**

ਪਰ ਤਣਿਆ ਵਿਚ ਮਾਯਾਵੀ ਪੜਦਾ, ਜੋ ਭਰਮ ਭੁਲੇਖੇ ਹੈ ਪਾਈ ਜਾ ਰਿਹਾ॥
ਹਉਮੈ, ਦੁਬਿਧਾ ਵਿੱਚ ਤਣੇ ਖੜੋਤੇ, ਇਹ ਭਰਮ ਭੁਲੇਖਾ ਹੈ ਖਾਈ ਜਾ ਰਿਹਾ॥

ਜੋ ਹੈ ਨਹੀਂ, ਪਰ ਲੱਗਦਾ ਹੈ ਦਿੱਸਦਾ, ਜੋ ਹੈ ਉਹ ਨਜ਼ਰੀ ਨਹੀਂ ਆ ਰਿਹਾ॥
ਇਹ ਦ੍ਰਿਸ਼ ਆਦ੍ਰਿਸ਼ ਹੈ ਭੇਦ ਹੀ ਬਣ ਗਿਆ, ਇਹ ਸੂਖਸ਼ਮ ਤਾਣਾਂ ਹੈ ਤਣਿਆਂ ਹੀ ਜਾ ਰਿਹਾ॥

ਅਗਿਆਨ ਹਨੇਰਾ ਹੈ ਚਾਰ ਚੁਫੇਰੇ, ਪਿਆ ਕਿਨਕਾ ਚਾਨਣ ਦਾ ਨਜਰੀ ਹੀ ਆਉਂਦਾ ਨਹੀਂ॥
ਕੋਈ ਸਮਝ ਨਹੀਂ ਪੈਂਦੀ ਕਿਧਰ ਨੂੰ ਜਾਣਾਂ ਹੈ, ਰਾਹ ਰਸਤਾ ਕਿਧਰੇ ਕੋਈ ਨਜਰੀ ਹੀ ਆਉਂਦਾ ਨਹੀਂ।

ਹੈ ਲੱਗਦਾ ਜੀਵਨ ਹੀ ਬਣ ਗਿਆ, ਇਕ ਚੱਕਰੀ ਵਿਊ ਦੇ ਵਰਗਾ ਹੀ
ਦਰਪੇਸ਼ ਔਕੜਾਂ ਸੈਂਕੜੇ, ਬਣ ਗਈਆਂ ਘੁੰਮਣ ਘੇਰੀਆਂ॥

ਦੁਬਦਾਵਾਂ ਖਤਰਿਆਂ ਘੇਰਿਆ, ਲੱਗਦਾ ਹੈ ਜੀਵਨ ਘਿਰ ਗਿਆ,
ਹਨ ਚਲ ਰਹੀਆਂ ਚਾਰ ਚੁਫੇਰੇ ਹੀ, ਕਈ ਲਾਲ ਰੰਗੀ ਹਨੇਰੀਆਂ॥

**''ਭੂਲੇ ਮਾਰਗ ਜਿਨੇ ਬਤਾਇਆ॥ ਐਸਾ ਗੁਰ ਵਡਭਾਗੀ ਪਾਇਆ॥**
**ਅਗਨ ਸਾਗਰ ਬੂਡਤ ਸੰਸਾਰਾ॥ ਨਾਨਕ ਬਾਂਹ ਪਕਰਿ ਸਤਿਗੁਰ ਨਿਸਤਾਰਾ॥''**

ਹੈ ਜੀਵਨ ਮਕਸਦ ਪੂਰਾ ਹੋ ਗਿਆ॥ 'ਅਰਸੀ' ਹੁਣ ਮਖਮੂਰਾ ਹੋ ਗਿਆ॥
ਕਿੰਜ ਕੀਤੀ ਰਹਿਮਤ ਮਿਹਰਾਂ ਵਾਲੇ, ਅਗਿਆਨ ਹਨੇਰਾ ਚੂਰਾ ਹੋ ਗਿਆ।।

ਐਸਾ ਮੀਂਹ ਮਿਹਰਾਂ ਦਾ ਵਰਿਆ॥ ਗਿਆ ਖੁਸ਼ੀ ਨਾਲ ਵਿਹੜਾ ਹੀ ਭਰਿਆ॥
ਹਨ ਗਦਗਦ ਹੋ ਗਏ ਮਨ ਤੇ ਆਤਮ॥ ਕਣ ਕਣ ਵਿੱਚ ਦਿਸਿਆ ਪਰਮਾਤਮ॥

ਹੈ ਅਨੁਭਵ ਤੇ ਅਹਿਸਾਸ ਹੋ ਗਿਆ॥ ਹੁਣ ਪੂਰਾ ਹੈ ਵਿਸ਼ਵਾਸ ਹੋ ਗਿਆ॥
ਉਹ ਮਾਲਕ ਸਭ ਦੇ ਨਾਲ ਹੈ ਰਹਿੰਦਾ॥ ਕੋਈ ਉਸ ਤੋਂ ਬਿਨਾਂ ਨਹੀਂ ਜੀਵਨ ਹੋਂਦਾ॥

**''ਸੋ ਸਤਿਗੁਰੁ ਪਿਆਰਾ ਮੇਰੈ ਨਾਲਿ ਹੈ ਜਿਥੈ ਕਿਥੈ ਮੈਨੂੰ ਲਏ ਛਡਾਈ॥**
**ਤਿਸ ਗੁਰ ਕਉ ਸਾਬਾਸਿ ਹੈ ਜਿਨਿ ਹਰਿ ਸੋਝੀ ਪਾਈ॥**
**ਨਾਨਕ ਗੁਰ ਵਿਟਹੁ ਵਾਰਿਆ ਜਿਨਿ ਹਰਿ ਨਾਮ ਦੀਆ ਮੇਰੇ ਮਨ ਕੀ ਆਸ ਪੁਗਾਈ।''**
(ਪੰਨਾ 588 ਗੁ: ਗ੍ਰੰ: ਸ:)

* * *

# ਦ੍ਰਿੜ ਸੰਕਲ ਪੱਕੇ ਇਰਾਦੇ

ਜੀਵਨ ਸਵਾਰਨ ਤੋਂ ਬਿਨਾਂ, ਨਹੀਂ ਹੋਰ ਕੰਮ ਕੋਈ ਰਹਿ ਗਿਆ॥
ਜਿੰਦਗੀ ਉਭਾਰਨ ਤੋਂ ਬਿਨਾਂ, ਕੁਝ ਹੋਰ ਨਹੀਂ ਕਰਨੋ ਰਹਿ ਗਿਆ॥

ਕਰ ਲਈਆਂ ਦੁਨੀਆਂ ਦਾਰੀਆਂ, ਖੇਡ ਲਈ ਖੇਡਾਂ ਸਾਰੀਆਂ॥
ਹੁਣ ਜੀਵਨ ਬਾਜੀ ਜਿੱਤਣੀ, ਹੱਥ ਆਈਆਂ ਆਖਰੀ ਵਾਰੀਆਂ॥

ਮੌਕਾ ਹੈ ਮਿਲਿਆ ਆਖਰੀ, ਮੁਸ਼ਕਲ ਨਾਲ ਵਾਰੀ ਆਈ ਹੈ॥
ਹੁਣ ਤਾਂ ਜਿੰਦਗੀ ਜਾਂ ਮੌਤ ਹੈ, ਏਹੋ ਹੀ ਲਾ ਲਈ ਦਾਈ ਹੈ॥

ਇੱਕ ਇੱਕ ਪਲ ਨੂੰ ਹੈ ਵਰਤਣਾਂ, ਪਏ ਜਾਣਾਂ ਦੇਣਾਂ ਹਿਸਾਬ ਹੈ॥
ਹੈ ਸੋਚ ਸਮਝ ਕੇ ਖਰਚਣਾਂ, ਨਹੀਂ ਬਣਕੇ ਰਹਿਣਾਂ ਨਵਾਬ ਹੈ॥

ਲਾਣੀ ਹੈ ਲੇਖੇ ਜਿੰਦਗੀ, ਹੈ ਕਰਨੀ ਕੇਵਲ ਬੰਦਗੀ॥
ਹੁਣ ਹੋਰ ਕੁੱਝ ਕਰਨਾਂ ਹੀ ਨਹੀਂ, ਹੁਣ ਬੰਦਗੀ ਹੀ ਜਿੰਦਗੀ॥

ਹੈ ਰਸਤਾ ਰੂਹਾਨੀ ਫੜ ਲਿਆ, ਜੀਵਨ ਨੂੰ ਪਾਵਨ ਕਰਨ ਲਈ॥
ਹੈ ਪੱਕਾ ਇਰਾਦਾ ਕਰ ਲਿਆ, ਜੀਵਨ ਉਭਾਰਨ ਤਰਨ ਲਈ॥

ਛੱਡ ਦਿੱਤਾ ਦੂਸ਼ਿਤ ਸੋਚਨਾਂ, ਛੱਡ ਦਿੱਤੀ ਮਾੜੀ ਸੋਚ ਹੀ॥
ਛੱਡ ਦਿੱਤਾ ਐਵੇਂ ਭੱਟਕਣਾਂ, ਛੱਡ ਦਿੱਤੀ ਵਾਧੂ ਲੋਚ ਹੀ॥

ਗੁਰ ਗਿਆਨ ਚਾਨਣ ਮਿਲ ਗਿਆ, ਕਾਹਨੂੰ ਹਨੇਰੇ ਭੱਟਕਣਾਂ॥
ਕੁੱਝ ਸੋਝੀ ਸਮਝ ਜਦ ਆ ਗਈ, ਫਿਰ ਕਾਹਨੂੰ ਉਲਟੇ ਲਟੱਕਣਾਂ॥

ਮਨ ਸ਼ਾਂਤ ਅਡੋਲ ਹੈ ਹੋ ਗਿਆ, ਪਾ ਤ੍ਰਿਪਤੀਆਂ ਸੰਤੁਸ਼ਟੀਆਂ॥
ਸਭ ਲੋੜਾਂ ਥੋੜਾਂ ਮੁੱਕੀਆਂ, ਮਿਲ ਗਈਆਂ ਸ਼ਾਂਤੀਆਂ ਚੁਸਤੀਆਂ॥

ਮਿਲ ਗਈਆਂ ਮਸਤ ਖੁਮਾਰੀਆਂ, ਮਨ ਖੇੜੇ ਖੁਸ਼ੀਆਂ ਛਾ ਗਈਆਂ॥
'ਅਰਸ਼ੀ' ਹੁਲਾਰੇ ਰਹਿਮਤਾਂ, ਬਣ ਛਹਿਬਰਾਂ ਹੀ ਆ ਗਈਆਂ॥

ਕਿਵੇਂ ਕਰਾਂ ਸਿਜਦੇ ਸ਼ੁਕਰੀਆ, ਓ ਮਿਹਰਾਂ ਵਾਲੇ ਸਾਈਆਂ॥
ਹੋ ਗਈਆਂ ਤੇਰੀਆਂ ਬਖਸ਼ਸ਼ਾਂ, ਚਾਅ ਖੁਸ਼ੀਆਂ ਜਾਣ ਨਾ ਚਾਈਆਂ॥

* * *

## ਸਿੱਖੀ ਸਿੱਖਿਆ ਗੁਰ ਵੀਚਾਰ

ਹਾਂ ਰਹਿੰਦਾ ਹਮੇਸ਼ਾਂ ਸੋਚਦਾ, ਜਿੰਦੜੀ ਸੁਹਾਣੀ ਕਿੰਜ ਬਣੇ॥
ਹਾਂ ਰਹਿੰਦਾ ਹਮੇਸ਼ਾ ਲੋਚਦਾ, ਜੀਵਨ ਲਾਸਾਨੀ ਕਿੰਜ ਬਣੇ॥

ਜਾਣ ਸਕਾਂ ਆਪਣੇ ਮੂਲ ਨੂੰ॥ ਅਪਨਾਵਾਂ ਕਿੰਜ ਰੱਬੀ ਅਸੂਲ ਨੂੰ॥
ਮੰਤਵ ਵੀ ਪੂਰਾ ਕਰ ਸਕਾਂ॥ ਹਉਮੈ ਵੀ ਚੂਰਾ ਕਰ ਸਕਾਂ॥

ਹੋ ਸੱਕਾ ਨਿਮਰ ਨਿਮਾਣਾਂ ਵੀ, ਬਣ ਸੱਕਾਂ ਸਿੱਖ ਗੁਰੂ ਨਾਨਕ ਦਾ॥
ਪੜ ਸੱਕਾਂ ਉਸਦੀ ਬਾਣੀ ਨੂੰ, ਬੁੱਝ ਸੱਕਾਂ ਆਸ਼ਾ ਨਾਨਕ ਦਾ॥

ਤੁਰ ਸੱਕਾਂ ਰਾਹ ਰੂਹਾਨੀ ਤੇ, ਕਿਤੇ ਫਿਸਲਾਂ ਨਾਂ ਕਿਤੇ ਡੋਲਾਂ ਨਾਂ॥
ਮੇਰੀ ਰਸਨਾਂ ਮਿੱਠੀ ਹੋ ਜਾਵੇ, ਕੋਈ ਕੌੜਾ ਬੋਲ ਵੀ ਬੋਲਾਂ ਨਾਂ॥

ਚਲ ਸੱਕਾਂ ਗੁਰਾਂ ਦੀ ਸਿੱਖਿਆ ਤੇ, ਗੁਰ ਐਸੀ ਰਹਿਮਤ ਕਰ ਦੇਵੇ॥
ਇੱਕ ਅਦਨਾਂ ਜਿਹਾ ਸਿੱਖ ਬਣ ਸੱਕਾਂ, ਜੇ ਸਤਿਗੁਰ ਸਿਰ ਹੱਥ ਧਰ ਦੇਵੇ॥

ਸਿੱਖੀ ਦੇ ਲਕਬੇ ਨੂੰ ਬੂੱਝਾਂ, ਸਿੱਖੀ ਦੀ ਬਣਤਰ ਜਾਣ ਸੱਕਾਂ॥
ਹੈ ਅਸਲ ’ਚ ਸਿੱਖੀ ਜੀਵਨ ਕੀ, ਸਿੱਖੀ ਗੁਰ ਤੰਤਰ ਜਾਣ ਸੱਕਾਂ॥

ਸਿੱਖੀ ਦਾ ਮਤਲਬ ਹੈ ਸਿੱਖਿਆ, ਗੁਰ ਸਿੱਖਿਆ ਨੂੰ ਹੀ ਸਿੱਖਣਾਂ ਹੈ॥
ਸਿੱਖ ਹੋਂਦਾ ਸਿੱਖਣ ਵਾਲਾ ਹੈ, ਗੁਰ ਆਸ਼ਾ ਹਿਰਦੇ ਲਿਖਣਾਂ ਹੈ॥

ਫਿਰ ਇਸ ਸਿੱਖਿਆ ਤੇ ਚਲਣਾਂ ਹੈ, ਗੁਰ ਸਿੱਖਿਆ ਨੂੰ ਅਪਨਾਣਾਂ ਹੈ॥
ਆਪਣੀ ਮਨਮੱਤ ਹੈ ਛੱਡ ਦੇਣੀ, ਗੁਰਮੱਤ ਤੇ ਤੁਰਦੇ ਜਾਣਾਂ ਹੈ॥

ਕੋਈ ਢੌਂਗ ਦਿਖਾਵਾ ਨਹੀਂ ਕਰਨਾਂ, ਨਾਂ ਹੀ ਕਰਨਾਂ ਪ੍ਰਗਟਾਵਾ ਹੈ॥
ਭੇਖੀ ਦੰਭੀ ਵੀ ਨਹੀਂ ਬਨਣਾਂ, ਨਾਂ ਫੋਕਾ ਕਰਨਾਂ ਦਾਹਵਾ ਹੈ॥

ਗੁਰਸਿੱਖੀ ਤਾਂ ਕਿਰਦਾਰ ਵਿੱਚ ਹੈ, ਗੁਰਸਿੱਖੀ ਤਾਂ ਆਚਰਨ ਵਿੱਚ ਹੈ॥
ਸਿੱਖੀ ਕਾਰ ਵਿਹਾਰ ਵਿੱਚ ਹੈ, ਸਿੱਖੀ ਗੁਰਾਂ ਦੀ ਸ਼ਰਨ ਵਿੱਚ ਹੈ॥

ਹੈ ਰੂਪ ਰੰਗ ਸਿੱਖੀ ਦਾ ਨਿਆਰਾ, ਹੈ ਸਿੱਖੀ ਦੀ ਦਿੱਖ ਹੀ ਵੱਖਰੀ॥
ਹੈ ਸਿੱਖੀ ਦਾ ਪ੍ਰਕਰਣ ਹੀ ਪਿਆਰਾ, ਹੈ ਸਿੱਖੀ ਦੀ ਭਵਿੱਖ ਹੀ ਵੱਖਰੀ॥

ਸੀ ਕਲਗੀਧਰ ਨੇ ਆਪ ਐਲਾਨਿਆਂ, ਹੈ ਸਿੱਖ ਨੂੰ ਸਾਫ ਸਪਸ਼ਟ ਦੱਸਿਆ॥
ਕੋਈ ਭਰਮ ਭੁੱਲੇਖਾ ਨਹੀਂ ਛੱਡਿਆ, ਕਿਸੇ ਸ਼ੰਕਾ ਅੰਦਰ ਨਹੀਂ ਰੱਖਿਆ॥

**''ਜਬ ਲਗ ਰਹੇਗਾ ਖਾਲਸਾ ਨਿਆਰਾ॥ ਤਬ ਲਗ ਤੇਜ ਦੀਓ ਮੈਂ ਸਾਰਾ॥**
**ਜਬ ਇਹ ਗਹਿ ਬਿਪਰਨ ਦੀ ਰੀਤ॥ ਮੈਂ ਨਾ ਕਰਉ ਇਨਕੀ ਪਰਤੀਤ॥''**

ਚਿਹਰਾ ਮੋਹਰਾ ਹੀ ਹੈ ਵੱਖਰਾ॥ ਦਿੱਖ ਤੇ ਦਾਇਰਾ ਹੀ ਹੈ ਵੱਖਰਾ॥
ਹੈ ਸਿੱਖੀ ਦਾ ਘੇਰਾ ਹੀ ਵੱਖਰਾ॥ ਹੈ ਸਿੱਖੀ ਦਾ ਵਿਹੜਾ ਹੀ ਵੱਖਰਾ॥

ਦਿੱਸਦੀ ਸਿੱਖੀ ਦਸਤਾਰ ਵਿੱਚ ਹੈ॥ ਹੋਂਦੀ ਪਰਉਪਕਾਰ ਵਿੱਚ ਹੈ॥
ਵੱਸਦੀ ਗੁਰੂ ਪਿਆਰ ਵਿੱਚ ਹੈ॥ ਰਹਿੰਦੀ ਇਕ ਓਂਕਾਰ ਵਿੱਚ ਹੈ॥

ਨਹੀਂ ਕੋਈ ਭੇਦ ਭਾਵ ਸਿੱਖੀ ਵਿੱਚ, ਸਾਰੀ ਸਿੱਖੀ ਹੈ ਇੱਕੋ ਹੀ॥
ਇਹ ਨਹੀਂ ਹੋਂਦੀ ਨਵੀਂ ਪੁਰਾਣੀ, ਗੁਰਾਂ ਦੀ ਸਿੱਖੀ ਹੈ ਇਕੋ ਹੀ॥

ਹੈ ਬਾਣੀ ਬਾਣਾਂ ਧੁਰਾ ਸਿੱਖੀ ਦਾ, ਜੋ ਇਸਨੂੰ ਆਪਣਾ ਲੈਂਦੇਂ ਨੇ॥
ਹਨ ਬਣ ਜਾਂਦੇ ਸਿੱਖ ਗੁਰੂ ਦੇ, ਉਹ ਜੀਵਨ ਪਦਵੀ ਪਾ ਲੈਂਦੇ ਨੇ॥

ਸਿੱਖੀ ਦੀ ਕੋਈ ਜਾਤ ਪਾਤ ਨਹੀਂ॥ ਸਿੱਖੀ ਵਿੱਚ ਕੋਈ ਪਖਪਾਤ ਨਹੀਂ॥
ਹੈ ਸਿੱਖੀ ਤਾਂ ਇਕ ਸਾਂਝੀਵਾਲਤਾ॥ ਹੈ ਸਿੱਖੀ ਵਿੱਚ ਤਾਂ ਇਕਸਾਰਤਾ॥

ਕੋਈ ਵੱਡਾ ਨਹੀਂ ਕੋਈ ਛੋਟਾ ਨਹੀਂ, ਹਨ ਸਾਰੇ ਹੀ ਭਾਈ ਭਾਈ॥
ਕੋਈ ਉੱਚਾ ਨਹੀਂ ਕੋਈ ਨੀਵਾਂ ਨਹੀਂ, ਕਿਤੇ ਵੀ ਰੱਖਿਆ ਭੇਦ ਨਹੀਂ ਰਾਈ॥

**'ਇਕਾ ਬਾਣੀ ਇਕਗੁਰ, ਇਕੋ ਸਬਦ ਵੀਚਾਰ॥'**
ਹੈ ਇਕੋ ਗੁਰੂ ਤੇ ਇਕੋ ਸਿੱਖੀ, ਹੈ ਇਕੋ ਹੀ ਸਾਂਝਾ ਪਰਿਵਾਰ॥

ਹਨ ਜਿਹੜੇ ਵਿਤਕਰੇ ਪਾੜੇ ਪਾਂਦੇ, ਉਹ ਸਿੱਖ ਨਹੀਂ ਉਹ ਹਨ ਸ਼ੈਤਾਨ॥
ਹਨ ਵਿਰੋਧੀ ਉਹ ਸਿੱਖੀ ਦੇ, ਪਏ ਸਿੱਖੀ ਨੂੰ ਕਰਦੇ ਬਦਨਾਮ॥

ਸਿੱਖੀ ਤਾਂ ਇਕ ਦਾਤ ਹੈ ਰੱਬੀ, ਜੋ ਕਰਮਾਂ ਵਾਲਿਆਂ ਨੂੰ ਹੈ ਮਿਲਦੀ॥
ਹੈ ਹੋ ਜਾਂਦਾ ਜਨਮ ਸੁਹੇਲਾ, ਜਿਹੜੇ ਵਿਹੜੇ ਵਿੱਚ ਹੈ ਖਿਲਦੀ॥

ਹੇ ਬਾਬਾ ਨਾਨਕਾ ਰਹਿਮਤ ਕਰਕੇ, 'ਅਰਸ਼ੀ' ਨੂੰ ਇਰਸ਼ਾਦ ਕਰੋ ਜੀ॥
ਬਖਸ਼ੋ ਆਪਣੀ ਪਿਆਰੀ ਸਿੱਖੀ, ਜਾਚਕ ਨੂੰ ਅਹਿਲਾਦ ਕਰੋ ਜੀ॥

ਲੀਣ ਹੋ ਜਾਵਾਂ ਬਾਣੀ ਵਿਚ ਹੀ, ਬਾਣੀ ਹੀ ਵੱਸ ਜਾਵੇ ਅੰਦਰ॥
ਬਾਣੀ ਹੀ ਬਣ ਜਾਏ ਬੰਦਗੀ, ਬਣ ਜਾਵੇ ਤਨ ਮਨ ਹੀ ਮੰਦਰ॥

**''ਮਨੁ ਮੰਦਰੁ ਤਨੁ ਵੇਸ ਕਲੰਦਰੁ, ਘਟ ਹੀ ਤੀਰਥਿ ਨਾਵਾਂ॥**
**ਏਕੁ ਸਾਬਦੁ ਮੇਰੈ ਪ੍ਰਾਣਿ ਬਸਤੁ ਹੈ, ਬਹੁੜਿ ਜਨਮਿ ਨਾ ਆਵਾਂ॥''**

* * *

## ਜੀਵਨ ਜੁਗਤੀ

ਗੱਲਾਂ ਨਾਲ ਨਹੀਂ ਜੀਵਨ ਬਦਲਦੇ॥
ਇਹ ਨਹੀਂ ਬਦਲਦੇ ਬਿਨਾਂ ਲਗਣਦੇ॥
ਕੋਈ ਲਗਣ ਲਗਾਣੀ ਪੈਂਦੀ ਹੈ॥
ਕੋਈ ਜੁਗਤ ਅਪਨਾਣੀ ਪੈਂਦੀ ਹੈ॥

ਜੁਗਤੀ ਹੀ ਜੀਵਨ ਦੀ ਚਾਬੀ ਹੈ॥
ਬਣ ਜਾਂਦੀ ਜੋ ਮਹਿਤਾਬੀ ਹੈ॥
ਕੋਈ ਜੁਗਤੀ ਜੋ ਆਪਣਾ ਲੈਂਦੇ॥
ਉਹ ਜੀਵਨ ਪਦਵੀ ਪਾ ਲੈਂਦੇ॥

ਫਿਰ ਜੀਵਨ ਜਗਮਗ ਹੋ ਜਾਂਦਾ,
ਅੰਦਰੋਂ ਬਾਹਰੋਂ ਰੁਸ਼ਨਾ ਜਾਂਦਾ॥
ਚਾਨਣ ਤੇ ਖੇੜਾ ਹੋ ਜਾਂਦਾ,
ਜਦ ਚਾਨਣ ਅੰਦਰ ਛਾ ਜਾਂਦਾ॥

ਅਗਿਆਨ ਹਨੇਰਾ ਰਹਿੰਦਾ ਨਹੀਂ,
ਜਦ ਅੰਦਰ ਗਿਆਨ ਹੈ ਜਗ ਪੈਂਦਾ॥
ਇਹ ਗਲ ਗੁਰੂ ਨਾਨਕ ਹੈ ਆਖੀ,
ਫਿਰ ਮਾਨਵ ਜੀਵਨ ਮਘ ਪੈਂਦਾ॥

**'ਜੋਰ ਨਾ, ਸੁਰਤੀ ਗਿਆਨ ਵੀਚਾਰ॥'**
**ਜੋਰ ਨਾ, ਜੁਗਤੀ ਛੁਟੈ ਸੰਸਾਰ॥'**
ਜਿਸ ਜੀਵਨ ਮੁਕਤੀ ਪਾਣੀ ਹੈ॥
ਕੋਈ ਜੁਗਤੀ ਉਸ ਅਪਨਾਣੀ ਹੈ॥

ਜਿਹੜੀ ਜੁਗਤ ਗੁਰ ਦੱਸਦਾ ਹੈ,
ਉਹੀ ਤਾਂ ਜੀਵਨ ਰਸਤਾ ਹੈ॥
ਤੁਰ ਪੈਂਦਾ ਜੋ ਉਸ ਰਸਤੇ ਤੇ,
ਨਹੀਂ ਸ਼ੰਕਾ ਮਨ ਵਿੱਚ ਰੱਖਦਾ ਹੈ॥

ਧੁਨ ਆਪਣੀ ਵਿੱਚ ਜੋ ਤੁਰ ਪੈਂਦਾ॥
ਨਹੀਂ ਪਿੱਛੇ ਮੁੜਕੇ ਵੀ ਵਿਹੰਦਾ॥
ਜਦ ਲਗਣ ਹੈ ਅੰਦਰ ਲੱਗ ਜਾਂਦੀ॥
ਫਿਰ ਆਤਮ ਜੋਤੀ ਜਗ ਜਾਂਦੀ॥

ਇੰਜ ਜੀਵਨ ਸਫਲ ਬਣਾਈ ਦਾ,
ਤੇ ਮੰਜ਼ਿਲ ਤੇ ਪੁੱਜ ਜਾਈਦਾ॥
ਅਪਣਾ ਕੇ ਜੀਵਨ ਜੁਗਤੀ ਨੂੰ,
ਹੈ ਜੀਵਨ ਮਰਤਬਾ ਪਾਈਦਾ॥

ਜਦ ਮੰਜ਼ਿਲ ਸਾਹਮਣੇ ਦਿੱਸ ਪੈਂਦੀ,
ਫਿਰ ਸਾਦਕ ਝੂੰਮੇ ਮਸਤੀ ਵਿੱਚ॥
ਹੈ ਅੰਗ ਅੰਗ ਮਸਤਾ ਜਾਂਦਾ,
ਕਿਸੇ ਗੈਬੀ ਖੁਸ਼ੀ ਅਲਮਸਤੀ ਵਿੱਚ।

ਇਹੀ ਤਾਂ ਨਾਮ ਖੁਮਾਰੀ ਹੈ,
ਇਹੀ ਉਸਦਾ ਅਹਿਸਾਸ ਹੈ ਹੋਂਦਾ॥
ਇਹ ਹੋਂਦਾ ਅਨੁਭਵ ਵਿਰਲੇ ਨੂੰ,
ਏਹੀ ਦੈਵੀ ਪ੍ਰਕਾਸ਼ ਹੈ ਹੋਂਦਾ॥

ਕੋਈ ਝਲਕੀ ਜਿਸਨੂੰ ਦਿੱਸ ਪੈਂਦੀ,
ਉਹ ਦੱਸਣ ਜੋਗਾ ਰਹਿੰਦਾ ਨਹੀਂ॥
ਮਸਤ ਹੋ ਜਾਂਦਾ ਹੈ ਧੁਨ ਅੰਦਰ,
ਕੁੱਝ ਦੱਸਦਾ ਨਹੀਂਕੁਝ ਕਹਿੰਦਾ ਨਹੀਂ॥

ਹੈ ਲੋੜ ਵੀ ਦੱਸਣ ਦੀ ਕਾਹਦੀ,
ਇਹ ਦੱਸਣ ਵਾਲੀ ਗਲ ਹੀ ਨਹੀਂ॥
ਹੈ ਗੁੰਗੇ ਦੀ ਮਠਿਆਈ ਵਾਂਗੂ,
ਆਉਂਦਾ ਦੱਸਣ ਦਾ ਵਲ ਹੀ ਨਹੀਂ॥

ਇਹ ਤਾਂ ਹੋਂਦਾ ਨਿਜ ਅਨੁਭਵ ਹੈ,
ਜੋ ਆਪ ਕਮਾਣਾਂ ਪੈਂਦਾ ਹੈ॥
ਇਹ ਸੁਣੀ ਸੁਣਾਈ ਨਹੀਂ ਗਲ ਹੋਂਦੀ,
ਇਹ ਹੱਡੀਂ ਹੰਡਾਣਾਂ ਪੈਂਦਾ ਹੈ॥

ਨਿਜ ਅਨੁਭਵ ਤੋਂ ਅਹਿਸਾਸ ਜੋ ਹੋਂਦਾ,
ਉਹ ਪੱਕਾ ਦ੍ਰਿੜ ਵਿਸ਼ਵਾਸ ਹੈ ਹੋਂਦਾ॥
ਜੋ ਅਨੁਭਵ ਤੋਂ ਆਭਾਸ ਹੈ ਹੋਂਦਾ,
ਸਭ ਭਰਮ ਭੁਲੇਖਾ ਨਾਸ ਹੈ ਹੋਂਦਾ॥

ਕੋਈ ਜੀਵਨ ਜੁਗਤੀ ਧਾਰਕੇ ਹੀ,
ਹੈ ਜੀਵਨ ਪਦਵੀ ਪਾਈ ਦੀ॥
ਆਪ ਕਮਾਕੇ ਜੀਵਨ ਅਨੁਭਵ,
ਜਿੰਦਗਾਨੀ ਫੇਰ ਬਣਾਈ ਦੀ॥

ਹੈ ਜੀਵਨ ਜੁਗਤੀ ਹੀ ਜੀਵਨ ਮੁਕਤੀ,
'ਅਰਸ਼ੀ' ਜੇ ਮੁਕਤੀ ਪਾਣੀ ਹੈ॥
ਜਨਮ ਮਰਨ ਤੋਂ ਮੁਕਤ ਹੋਣ ਲਈ,
ਪੜ੍ਹਨੀ ਪੈਣੀ ਗੁਰਬਾਣੀ ਹੈ॥

**''ਗੁਰਬਾਣੀ ਇਸੁ ਜਗ ਮਹਿ ਚਾਨਣੁ**
**ਕਰਮਿ ਵਸੈ ਮਨਿ ਆਏ॥**
**ਸਚੀ ਬਾਣੀ ਸਿਉ ਚਿਤੁ ਲਾਗੈ**
**ਆਵਣੁ ਜਾਣ ਰਹਾਏ॥**

**(ਅੰਗ 67 ਗੁ: ਗ੍ਰੰ: ਸਾ:)**

* * *

## ਸਾਵਧਾਨ ਚੇਤੰਨੇ ਹੋਣ ਲਈ

ਰੂਹਾਨੀ ਰਾਹਾਂ ਤੇ ਤੁਰਕੇ ਹੀ, ਜਿੰਦਗਾਨੀ ਪਨਪਦੀ ਹੈ;
ਪਰਵਿਰਤੀ ਦਾ ਮਾਰਗ ਹੈ ਹੋਂਦਾ, ਨਿਰਾ ਹੀ ਲੋਕ ਪਚਾਰਾ॥
ਜਦੋਂ ਤਕ ਮਨ ਹਿਰਦੇ ਅੰਦਰ, ਨਹੀਂ ਗਿਆਨ ਸੂਰਜ ਪ੍ਰਕਾਸ਼ ਦਾ;
ਤਦੋਂ ਤਕ ਬਾਹਰ ਵੀ ਹੋਂਦਾ ਹੈ, ਨਿਰਾ ਅਗਿਆਨ ਦਾ ਅੰਧ ਅੰਧਾਰਾ॥

ਬਾਹਰਮੁੱਖੀ ਬਣੇ ਰਿਹਾਂ, ਕੁੱਝ ਵੀ ਤਾਂ ਸੌਰਦਾ ਨਹੀਂ;
ਬਾਹਰ ਤਾਂ ਛਿਲਕਾ ਹੈ ਹੋਂਦਾ, ਇੱਕ ਪੜ੍ਹਦਾ ਖੋਖਲਾਪਣ ਸਾਰਾ॥
ਬਾਹਰੀ ਦਿਖਾਵਾ ਹੈ ਸਾਰਾ, ਕੁਝ ਓਹਲਾ ਜੋ ਢੱਕਿਆ ਹੋਇਆ;
ਅਸਲੀਅਤ ਅੰਦਰ ਹੈ ਹੋਂਦੀ, ਤਤਸਾਰ ਅੰਦਰ ਹੈ ਸਾਰਾ॥

ਜੀਵਨ ਨੂੰ ਘੜਨ ਦੀਖਾਤਰ, ਹੈ ਕੋਈ ਜੁਗਤੀ ਅਪਨਾਣੀ ਪੈਂਦੀ;
ਬਿਨਾਂ ਗੁਰ ਜੁਗਤੀ ਤੋਂ, ਨਹੀਂ ਮਿਲਦਾ ਕੋਈ ਮਰਤਬਾ॥
ਗਿਆਨ ਹੀ ਤਾਂ ਗੁਰੂ ਹੈ ਹੋਂਦਾ, ਜੋ ਅੰਦਰੋਂ ਰੁਸ਼ਨਾ ਦੇਂਦਾ ਹੈ;
ਗਿਆਨ ਹੀ ਗੁਰਾਂ ਦਾ ਹੋਂਦਾ, ਹੈ ਜੀਵਨ ਲਈ ਫਲਸਫਾ॥

ਜੇ ਕਰਨਾ ਹੈ ਜਨਮ ਸਕਾਰਥ, ਟੀਚੇ ਤੀਕਰ ਪੁੱਜਣਾਂ ਹੈ ਜੇ;
ਪਾਣਾਂ ਜੇਕਰ ਮਰਤਬਾ ਹੈ, ਤਾਂ ਹੁਣੇ ਹੀ ਸਾਵਧਾਨ ਹੋ॥
ਅਜਾਈ ਨਾਂ ਐਵੇਂ ਕਰ ਸਮੇਂ ਨੂੰ, ਛੱਡਦੇ ਸਭ ਲਾ ਪਰਵਾਹੀਆਂ;
ਵਰਤਮਾਨ ਨੂੰ ਵਰਤ ਹੁਣੇ ਹੀ, ਤਾਂ ਕਿ ਆਤਮ ਬਲਵਾਨ ਹੋ॥

ਇਹ ਧਰਤੀ ਤਾਂ ਧਰਮਸਾਲ ਹੈ, ਇਹ ਕਰਮਸ਼ਾਲਾ ਹੈ ਜੀਵਨ ਦੀ;
ਕਰਮ ਕਮਾਣੇ ਪੈਂਦੇ ਹਨ, ਆਕੇ ਇਸ ਸੰਸਾਰ ਵਿੱਚ॥
ਚੰਗੇ ਮਾੜੇ ਕਰਮਾ ਦਾ ਹੀ, ਹੈ ਆਖਰ ਵਿੱਚ ਫਲ ਵੀ ਮਿਲਦਾ;
ਜੋ ਭੁਗਤਣਾਂ ਭੋਗਣਾਂ ਪੈਂਦਾ ਹੈ, ਏਸੇ ਹੀ ਸੰਸਾਰ ਵਿੱਚ॥

ਖੁਦ ਜੀਵਨ ਬਨਾਣਾਂ ਹੈ ਪੈਂਦਾ, ਖੁਦ ਬੀਜ ਕੇ ਖਾਣਾਂ ਹੈ ਪੈਂਦਾ;
ਤਾਂ ਹੀ ਬਾਬੇ ਨਾਨਕ ਆਖਿਆ, ਆਪੇ ਬੀਜ ਤੇ ਆਪੇ ਖਾਹ॥
ਇਹ ਦੁਖ ਸੁਖ ਸਾਰੇ ਹਨ ਕਰਮਾਂ ਦੇ, ਹੋਰ ਕੋਈ ਜਿੰਮੇਵਾਰ ਨਹੀਂ ਹੈ;
ਭੋਗਣ ਅਤੇ ਭੁਗਤਣ ਵੇਲੇ, ਹਨ ਏਹੀ ਬਣ ਜਾਂਦੇ ਗਵਾਹ॥

ਫਿਰ ਕਿਉਂ ਨਾ ਹੁਣੇ ਚੌਕੰਨੇ ਹੋ ਕੇ, ਆਪਣੀ ਜੀਵਨ ਕਿਰਿਆ ਕਰੀਏ;
ਪਿੱਛੋਂ ਪਛਤਾਵਣ ਤੋਂ ਚੰਗਾ, ਜੇ ਪਹਿਲੋ ਸੋਚ ਸਮਝਕੇ ਤੁਰੀਏ॥
ਮਾੜੇ ਪਾਸੇ ਹੀ ਨਾਂ ਝਾਕੀਏ, ਮਾੜੀ ਲੋਚਾ ਹੀ ਨਾਂ ਰਖੀਏ;
ਮਾੜਾ ਕਾਰਾ ਹੀ ਨਾਂ ਕਰੀਏ, ਮਾੜਾ ਫੁਰਨਾਂ ਹੀ ਨਾਂ ਫੁਰੀਏ॥

ਮਾੜੇ ਫੁਰਨੇ ਮਨ ਹੈ ਫੁਰਦਾ, ਜੋ ਨਹੀਂ ਹੋਂਦਾ ਕਾਬੂ ਅੰਦਰ;
ਜੋ ਚਿਤਵੇ ਉਹ ਕਰਨਾਂ ਪੈਂਦਾ, ਬੰਦਾ ਕਰਮ ਕਮਾਈ ਜਾਂਦਾ॥
ਫਿਰ ਇਹੀ ਕਰਮ ਹਨ ਭਰਨੇ ਪੈਂਦੇ, ਹੁਣ ਏਸੇ ਲਈ ਚੇਤੰਨ ਹੋਣਾ ਹੈ;
ਪਾਪੀ ਮਨ ਦੇ ਪਿੱਛੇ ਲਗਕੇ, ਹੈ ਬੰਦਾ ਬਣ ਸ਼ੁਦਾਈ ਜਾਂਦਾ॥

ਇਸ ਮਨ ਨੂੰ ਸਾਧਨਾਂ, ਹੈ ਬੜਾ ਜਰੂਰੀ, ਪਰ ਇਹ ਸੂਖਸ਼ਮ ਤੇ ਹੈ ਚੰਚਲ;
ਓਦਾਂ ਕਾਬੂ ਵਿੱਚ ਨਹੀਂ ਆਉਂਦਾ, ਬਿਨਾਂ ਗੁਰ ਜੁਗਤੀ ਅਤੇ ਗਿਆਨ ਤੋਂ॥
ਹੈ ਸ਼ਬਦ ਗੁਰੂ ਦਾ ਇਸਨੂੰ ਕੀਲਦਾ, ਫਿਰ ਇਹ ਕਾਬੂ ਵਿੱਚ ਆ ਜਾਂਦਾ;
ਫਿਰ ਨਹੀਂ ਮਾੜੇ ਫੁਰਨੇ ਫੁਰਦਾ, ਫਿਰ ਨਹੀਂ ਟਲਦਾ ਧਰਮ ਕਮਾਨ ਤੋਂ॥

ਹੈ ਧਰਮ ਹੀ ਮਨ ਨੂੰ ਕਾਬੂ ਕਰਦਾ, ਫਿਰ ਮਨ ਮਿੱਤਰ ਰਾਖਾ ਬਣਦਾ;
ਲੀਣ ਚਾ ਕਰਦਾ ਧਰਮ ਕਰਮ ਵਿੱਚ, ਕਾਇਆਂ ਹੀ ਪਲਟਾ ਦੇਂਦਾ ਹੈ॥
ਹੈ ਹੋ ਜਾਂਦੀ ਜਦ ਮਿਹਰ ਰੱਬਦੀ, ਹੈ ਫੇਰ ਹੀ ਮਨ ਕਾਬੂ ਵਿਚ ਆਉਂਦਾ;
ਬਦਲ ਹੈ ਜਾਂਦੀ ਸੋਚ ਸਮਝ ਹੀ, ਜੀਵਨ ਸ਼ੈਲੀ ਉਲਟਾ ਦੇਂਦਾ ਹੈ॥

ਹੋ ਜਾਂਦੀ ਜਦ ਗੁਰਾਂ ਦੀ ਬਖਸ਼ਿਸ਼, ਹਨ ਹੋ ਜਾਂਦੀਆਂ 'ਅਰਸ਼ੀ' ਰਹਿਮਤਾਂ॥
ਫਿਰ ਮਨ ਕਾਬੂ ਵਿੱਚ ਹੈ ਆਉਂਦਾ, ਹਨ ਮੁਕ ਜਾਂਦੀਆਂ ਸਭ ਜਹਿਮਤਾਂ॥
**ਦਹ ਦਿਸ ਖੋਜਤ ਮੈਂ ਫਿਰਿਓ, ਜਤ ਦੇਖਉ ਤਤ ਸੋਇ॥**
**ਮਨੁ ਬਸਿ ਆਵੈ ਨਾਨਕਾ, ਜੇ ਪੂਰਨ ਕਿਰਪਾ ਹੋਇ॥**
**(ਅੰਗ 298 ਗੁ: ਗ੍ਰੰ: ਸਾ:)**

* * *

## ਜੀਵਨ ਮਨੋਰਥ (ਗਜ਼ਲ)

ਹੁਣ ਮੇਰੀ ਇਸ ਜਿੰਦਗੀ ਦਾ, ਹੈ ਇਕੋ ਮਨੋਰਥ ਬਣ ਗਿਆ;
ਕਰਨੀ ਸਫਲ ਹੈ ਯਾਤਰਾ, ਇਸ ਜੀਵਨ ਤਾਂਈ ਸਵਾਰਨਾਂ॥

ਨਹੀਂ ਹੋਣਾਂ ਹੁਣ ਅਵੇਸਲੇ, ਨਹੀਂ ਕਰਨੀਆਂ ਮਨਮਾਨੀਆਂ;
ਆਪਣੇ ਮੂਲ ਨੂੰ ਜਾਨਣਾਂ, ਨਹੀਂ ਮਾਲਕ ਕਦੇ ਵਿਸਾਰਨਾਂ॥

ਕਰ ਲਈਆਂ ਦੁਨੀਆਂਦਾਰੀਆਂ, ਖੇਡ ਲਈਆਂ ਖੇਡਾਂ ਸਾਰੀਆਂ;
ਜਿਸ ਸੱਚ ਨੂੰ ਹੈ ਜਾਣਿਆਂ, ਉਸ ਸੱਚ ਨੂੰ ਹੀ ਹੈ ਧਾਰਨਾਂ॥

ਹੈ ਸੱਚ ਹੀ ਨਾਂ ਉਸ ਰੱਬ ਦਾ, ਜੋ ਮਾਲਕ ਖਸਮ ਹੈ ਸੱਭ ਦਾ;
ਸਭ ਹਿਰਦਿਆਂ ਵਿੱਚ ਹੈ ਵੱਸਦਾ, ਉਸੇ ਨੂੰ ਪਿਆ ਚਿਤਾਰਨਾਂ॥

ਕੋਈ ਭੇਖ ਦਿਖਾਵਾ ਕਰਨਾ ਨਹੀਂ, ਕੋਈ ਮਨ ਪਰਚਾਵਾ ਕਰਨਾਂ ਨਹੀਂ;
ਮਨ ਬਚਨ ਕਰਮ ਨਾਲ ਕਰਨਾ ਜੋ, ਹੈ ਹਿਰਦੇ ਅੰਦਰ ਉਤਾਰਨਾਂ॥

ਹੁਣ ਨਹੀਂ ਜੂਨਾਂ ਵਿੱਚ ਭੱਟਕਣਾਂ, ਨਹੀਂ ਮੁੜ ਮੁੜ ਪੁੱਠੇ ਲੱਟਕਣਾਂ;
ਮਨੋਬਲ ਹੈ ਉਪਰ ਚੁੱਕਣਾਂ, ਮਨ ਆਤਮ ਤਾਂਈ ਉਭਾਰਨਾਂ॥

ਹੋ ਜਾਣਾਂ ਸੱਚ ਵਿੱਚ ਲੀਣ ਹੀ, ਬਣ ਜਾਣਾਂ ਹੈ ਮਸਕੀਣ ਹੀ;
ਉਸ ਆਭਾ ਵਿੱਚ ਘੁੱਲ ਜਾਣਾਂ ਹੈ, ਜਿਸ ਨੂੰ ਪਿਆ ਸਤਕਾਰਨਾਂ॥

ਨਹੀਂ ਫੇਰ ਇਹ ਮੌਕਾ ਲੱਭਣਾਂ, ਨਹੀਂ ਫੇਰ ਇਹ ਹੋਣੀ ਘਾਲਣਾਂ;
ਕਰ ਕਰਕੇ 'ਅਰਸ਼ੀ' ਸਾਧਨਾਂ, ਇਸ ਹਉਮੈ ਖੁਦੀ ਨੂੰ ਮਾਰਨਾਂ॥

* * *

## ਜੀਵਨ ਅਮੁਲੀ ਦਾਤ ਹੈ

ਇਸ ਜਿੰਦਗੀ ਨੂੰ ਜੀਣ ਦੀ, ਹੈ ਹੁਣੇ ਹੀ ਤਾਂ ਸਮਝ ਲੱਗੀ;
ਹੈ ਕੇਡੀ ਗਣੀਮਤ ਜਿੰਦਗੀ, ਬਸ ਹੁਣੇ ਹੀ ਹੈ ਸਮਝ ਆਈ॥
ਕਿੰਨੀ ਅਮੁਲੀ ਦਾਤ ਹੈ, ਨਾਯਾਬ ਕਿੰਨੀ ਸੁਗਾਤ ਹੈ;
ਬਖਸ਼ਿਸ਼ ਹੈ ਕੇਡੀ ਰੱਬ ਦੀ, ਜੋ ਭੁੱਲੀ ਹੀ ਫਿਰਦੀ ਲੁਕਾਈ॥

ਜੇ ਜਰਾ ਗਹੁ ਨਾਲ ਵੇਖੀਏ, ਜਿਸ ਬੰਦੇ ਦਾ ਕੋਈ ਅੰਗ ਨਹੀਂ;
ਹੋਂਦੀ ਹੀ ਜਿਸਦੀ ਨਜ਼ਰ ਨਹੀਂ, ਕਦਰ ਕੀਮਤ ਓਹੀ ਜਾਣਦਾ॥
ਜਿਸਦੀ ਫੱਟੀ ਕਦੇ ਬਿਆਈ ਨਹੀਂ, ਉਹ ਦੁੱਖ ਪੀੜ ਨਹੀਂ ਜਾਣਦਾ;
ਦੁਖ ਦਰਦ ਓਹੀ ਹੈ ਸਮਝਦਾ, ਜਿਸਨੂੰ ਮੌਕਾ ਮਿਲੇ ਹੰਡਾਣਦਾ॥

ਇਕ ਇੱਕ ਅੰਗ ਇਸ ਤਨਦਾ, ਹੈ ਅਜੂਬਾ ਅਤੇ ਲਾਸਾਨੀ;
ਘਾੜਤ ਬੜੀ ਅਨੂਠੀ ਅਦਭੁਤ, ਜਾ ਸਕਦੀ ਹੀ ਨਹੀਂ ਬਿਆਨੀ॥
ਕੋਈ ਅੰਗ ਜਾਂ ਹੀਸਾ ਤਨ ਦਾ, ਨਹੀਂ ਬਣਾਇਆ ਹੀ ਜਾ ਸਕਦਾ;
ਚੇਤਨਤਾ ਵਿਚ ਕਿਵੇਂ ਰੁਮਕਦੀ, ਜਾ ਸਕਦੀ ਹੀ ਨਹੀਂ ਅਨੁਮਾਨੀ॥

ਇਹ ਤਨ ਤਾਂ ਰੱਬੀ ਸੌਗਾਤ ਹੈ, ਹਨ ਜਿਹੜੇ ਵਰਤਦੇ ਸਾਵਧਾਨ ਹੋ;
ਨਹੀ ਕਰਦੇ ਜੋ ਲਾਪਰਵਾਹੀਆਂ, ਹਨ ਇਸਨੂੰ ਸਾਂਭ ਸੰਭਾਲਦੇ॥
ਸ਼ੁਕਰ ਸ਼ੁਕਰ ਹਨ ਕਰਦੇ ਰਹਿੰਦੇ, ਨਹੀਂ ਕਰਦੇ ਦੁਰਵਰਤੋਂ ਤਨ ਦੀ;
ਬਣੇ ਰਹਿੰਦੇ ਹਨ ਰਿਸ਼ਟਪੁਸ਼ਟ ਹੀ, ਨਹੀਂ ਦੇਹੀ ਐਵੇਂ ਗਾਲ ਦੇ॥

ਪਰ ਕਈ ਕਰ ਬਹਿੰਦੇ ਹਨ ਕੁਵਰਤੋਂ, ਨਹੀਂ ਤਨ ਦੀ ਅਹਿਮੀਅਤ ਸਮਝਦੇ;
ਵਿੱਚ ਚਸਕਿਆਂ ਬਨਣ ਵਿਕਾਰੀ, ਹਨ ਰਹਿੰਦੇ ਜੋ ਮਨ ਆਈਆਂ ਕਰਦੇ॥
ਬਣ ਜਾਂਦੇ ਹਨ ਢੋਲ ਕੂੜੇ ਦੇ, ਜੋ ਮਿਲਦਾ ਵਿੱਚ ਸੁੱਟੀ ਜਾਂਦੇ;
ਭੱਖ-ਅਭੱਖ ਸਭ ਖਾਈ ਜਾਂਦੇ, ਹਨ ਰਹਿੰਦੇ ਜੋ ਪੇਟ ਹੀ ਭਰਦੇ॥

ਵਿੱਚ ਅਗਿਆਣਤਾ ਵਿੱਚ ਅਣਜਾਣਤਾ, ਹੈ ਤਵਾਜਨ ਵਿਗੜੀ ਜਾਂਦਾ;
ਨਹੀਂ ਅਹਿਸਾਸ ਕਦੇ ਫਿਰ ਹੋਂਦਾ, ਮਨ ਤੇ ਪੜ੍ਹਦਾ ਹੀ ਪੈ ਜਾਂਦਾ॥
ਵਿਗੜੀ ਲਿਬੜੀ ਜਾਂਦੀ ਜਿੰਦੜੀ, ਤਾਣਾਂ ਬਾਣਾਂ ਉੱਲਝੀ ਜਾਂਦਾ;
ਏਦਾਂ ਜੀਵਨ ਬਣੇ ਆਜਾਰੀ, ਹੈ ਪਾਣੀ ਹੀ ਸਿਰ ਤੋਂ ਵਹਿ ਜਾਂਦਾ॥

ਆਇਆ ਤਾਂ ਸੀ ਲਾਹਾ ਖੱਟਣ ਲਈ, ਪਰ ਲੱਗਦਾ ਹੈ ਮੂਲ ਗਵਾ ਲਿਆ;
ਪਲਪਲ ਖਿਣ ਖਿਣ ਕਰਕੇ ਸਾਰੀ, ਹੈ ਜ਼ਿੰਦਗੀ ਹੀ ਕਿਰਦੀ ਜਾਂਦੀ॥
ਘਾਟਾ ਦਿਨ ਦਿਨ ਵਧਦਾ ਜਾਂਦਾ, ਘੱਟਦੀ ਜਾਂਦੀ ਜੀਵਨ ਪੂੰਜੀ;
ਸੁੱਕਦੀ ਜਾਂਦੀ ਜੀਵਨ ਖੇਤੀ, ਜਿੰਦ ਦੁੱਖਾਂ ਵਿੱਚ ਘਿਰਦੀ ਜਾਂਦੀ॥

ਪਰ ਹਾਲੇ ਵੀ ਓਹੀ ਮਨਮਾਨੀਆਂ, ਲਾਪਰਵਾਹੀਆਂ ਤੇ ਨਾਦਾਨੀਆਂ;
ਰੱਸੀ ਭਾਵੇਂ ਸੜ ਗਈ ਸਾਰੀ, ਐਪਰ ਵੱਟ ਅਜੇ ਨਹੀਂ ਉੱਤਰੇ॥
ਨਹੀਂ ਹਉਮੈਂ ਹੰਕਾਰ ਛੱਡਿਆ, ਨਹੀਂ ਕੋਝਾ ਕੂੜ ਕਬਾੜ ਛੱਡਿਆ;
ਐਬ ਇਲਤਾਂ ਵੀ ਨਹੀਂ ਗਈਆਂ, ਰਹਿੰਦੇ ਹਨ ਵਿਕਾਰ ਭੂਤਰੇ॥

ਕੀ ਬਣੇਗਾ ਇਸ ਬੰਦੇ ਦਾ, ਜੋ ਹੈ ਸ਼ੇਖਚਿੱਲੀ ਹੀ ਬਣ ਗਿਆ;
ਹੈ ਜਿਸ ਟਹਿਣੀ ਤੇ ਬੈਠਾ ਹੋਇਆ, ਪਿਆ ਉਸੇ ਨੂੰ ਵੱਢੀ ਜਾ ਰਿਹਾ॥
ਖਚਰਾ ਮਚਲਾ ਬਣ ਗਿਆ ਘੇਸਲਾ, ਲੱਗਦਾ ਅੰਨਾ ਬੋਲਾ ਹੋ ਗਿਆ;
ਕੂੜ ਦੇ ਸੋਹਲੇ ਗਾਈ ਜਾਂਦਾ, ਖੰਭਾ ਬਿਨਾਂ ਹੀ ਉੱਡੀ ਜਾ ਰਿਹਾ॥

ਤੰਦਰੁਸਤੀ ਜੇਹੀ ਕੋਈ ਚੀਜ਼ ਨਹੀਂ, ਹੈ ਦੌਲਤ ਸਭਤੋਂ ਵੱਡੀ ਅਰੋਗਤਾ;
ਮਨ ਵੀ ਬਣਦਾ ਤਦੇ ਸੁਡੌਲ ਹੈ, ਜੇ ਬੰਦੇ ਦੇ ਤਨ ਵਿੱਚ ਰੋਗ ਨਹੀਂ॥
ਖਾਣ-ਪੀਣ ਤੇ ਸੋਚ ਬੰਦੇ ਦੀ, ਠੀਕ ਰਹੇ ਜੇਕਰ ਵਿਗੜੇ ਨਾਂ;
ਫਿਰ ਚਾਰ ਚੁਫੇਰੇ ਖੁਸ਼ੀਆਂ ਖੇੜੇ, ਫਿਰ ਕੋਈ ਚਿੰਤਾ ਕੋਈ ਸੋਗ ਨਹੀਂ॥

ਇਸ ਜ਼ਿੰਦਗੀ ਨੂੰ ਪੂਰਾ ਮਾਨਣ ਲਈ, ਹੈ ਭੇਦ ਅੰਗਮੀ ਏਹੋ ਮਿਲਿਆ;
ਕਰੇ ਨਾਂ ਬੰਦਾ ਕਦੇ ਮਨ ਮਾਨੀਆਂ, ਬਲਕਿ ਧਰਮ ਸੀਮਾਂ ਵਿੱਚ ਵਿਚਰੇ॥
ਰਹੇ ਸੁਹਿਰਦ ਕਰੇ ਸੁਕ੍ਰਿਤੀਆਂ, ਬਣਿਆ ਰਹੇ ਸਦਾ ਨਿਮਰ ਨਿਮਾਣਾਂ;
ਆਪਣੇ ਮੂਲ ਨੂੰ ਕਦੇ ਨਾ ਵਿਸਰੇ, 'ਅਰਸ਼ੀ' ਚਰਮ ਸੀਮਾਂ ਵਿੱਚ ਵਿਚਰੇ॥

* * *

## ਸੱਚ ਘਸਵਟੀ ਚੜਨ ਲਈ (ਗਜ਼ਲ)

ਜਿੰਦਗੀ ਸੁਹਾਣੀ ਕਰਨ ਲਈ, ਰਾਹੇ ਰੂਹਾਨੀ ਫੜਨ ਲਈ॥
ਹੈ ਜੁਗਤੀ ਕੋਈ ਧਾਰਨੀ ਪੈਂਦੀ, ਜੀਵਨ ਦੀ ਘਾੜਤ ਘੜਨ ਲਈ॥

ਸਹਿਜ ਸੰਜਮ ਤੇ ਮਰਿਆਦਾ, ਹੋਂਦੇ ਹਨ ਇਹ ਥੰਮ ਜੀਵਨ ਦੇ;
ਏਹਨਾਂ ਬਿਨਾਂ ਨਹੀਂ ਸਫਲ ਜਿੰਦਗੀ, ਸਮਰਥਾ ਹੀ ਨਹੀਂ ਕਰਨ ਲਈ॥

ਕੱਥਨੀਆਂ ਤੇ ਕਰਨੀਆਂ ਨੂੰ, ਹੈ ਇੱਕੋ ਹੀ ਬਨਾਣਾਂ ਪੈਂਦਾ;
ਪੈਂਦੀ ਹੈ ਹਉਮੈ ਮਾਰਨੀ, ਸਹਿਣ ਸ਼ੀਲਤਾ ਵੀ ਜਰਨ ਲਈ॥

ਸੱਚ ਨੂੰ ਹੈ ਪੈਂਦਾ ਧਾਰਨਾਂ, ਹੈ ਛੱਡਣਾਂ ਪੈਂਦਾ ਕੂੜ ਕਬਾੜਾ;
ਨਹੀਂ ਢੌਂਗ ਦਿਖਾਵਾ ਸੋਹਬਦਾ, ਜੀਵਨ ਪਾਰਦਰਸ਼ੀ ਕਰਨ ਲਈ॥

ਹੈ ਬਨਣਾਂ ਪੈਂਦਾ ਨਿਮਰ ਨਿਮਾਣਾਂ, ਹੋਣਾਂ ਪੈਂਦਾ ਤਾਣ ਨਿਤਾਣਾਂ;
ਬਨਣਾਂ ਪੈਂਦਾ ਹੈ ਜਗਿਆਸੂ, ਸੋਚ ਸਮਝ ਉੱਚੀ ਕਰਨ ਲਈ॥

ਮਨ ਬਚਨ ਤੇ ਕਰਨੀ ਅੰਦਰ, ਭਰਨਾਂ ਪੈਂਦਾ ਹੇ ਅਮਲਾਂ ਨੂੰ;
ਰੱਖਣ ਲਈ ਦਾਮਨ ਨੂੰ ਪਾਵਨ, ਭਵਸਾਗਰ ਸੌਖਿਆਂ ਤਰਨ ਲਈ॥

ਸੱਤ ਸੁਹਾਣ ਸਦਾ ਮਨਚਾਉ, ਹੈ ਹਸਤੀ ਉਸ ਪਾਰਬ੍ਰਹਮਦੀ;
ਲੀਣ ਹੋਣ ਲਈ ਉਸਦੇ ਅੰਦਰ, ਪਾਵਨ ਉਸਦੀ ਸ਼ਰਨ ਲਈ॥

ਹੈ ਓਸੇ ਵਰਗਾ ਹੋਣਾ ਪੈਂਦਾ, ਉਸਦੇ ਗੁਣਾਂ ਨੂੰ ਧਾਰਨ ਕਰਕੇ;
ਸੱਚ ਵਿੱਚ ਹੈ ਸੱਚ ਹੀ ਮਿਲ ਸਕਦਾ, ਸੱਚ ਨੂੰ ਸੱਚ ਵਿੱਚ ਮੜਨ ਲਈ॥

ਜੀਵਨ ਨੂੰ ਢਾਲਣ ਲਈ 'ਅਰਸ਼ੀ', ਹੈ ਵੱਡੀ ਘਾਲਣਾਂ ਘਾਲਣੀ ਪੈਂਦੀ;
ਹੈ ਅਸਲੋਂ ਖਾਲਸ ਹੋਣਾਂ ਪੈਂਦਾ, ਸੱਚ ਘਸੱਵਟੀ ਚੜਨ ਲਈ॥

**'ਜਿੰਨੀ ਆਤਮ ਚੀਨਿਆਂ, ਪਰਮਾਤਮੁ ਸੋਈ॥**
**ਏਕੋ ਅੰਮ੍ਰਿਤ ਬਿਰਖੁ ਹੈ, ਫਲੁ ਅੰਮ੍ਰਿਤੁ ਹੋਈ॥'**
**(ਪੰਨਾ 421 ਗੁ: ਗ੍ਰੰ: ਸਾ:)**

* * *

## ਮਨ ਨੂੰ ਮਾਰਨਾਂ ਜਨਮ ਸਵਾਰਨਾਂ

ਇੰਦਰੀਆਂ ਤੇ ਪਾਕੇ ਕਾਬੂ,
ਜੋ ਮਨ ਭੱਟਕਣਾਂ ਮਾਰ ਲੈਂਦੇ ਨੇ॥
ਲਾਲਸਾਵਾਂ ਨੂੰ ਭੁੱਲ ਭੁਲਾਕੇ,
ਮਨ ਵਾਸ਼ਨਾਵਾਂ ਸਾੜ ਲੈਂਦੇ ਨੇ॥
ਹਨ ਭਰ ਲੈਂਦੇ ਮਨ ਵਿਚ ਸੰਤੁਸ਼ਟੀ,
ਕਰ ਲੈਂਦੇ ਉੱਚੀ ਸਮ ਦ੍ਰਿਸ਼ਟੀ;
ਜੋ ਜਿਉਂਦੇ ਮਨ ਨੂੰ ਮਾਰ ਲੈਂਦੇ ਨੇ,
ਉਹ ਜਿਉਂਦੇ ਜਨਮ ਸਵਾਰ ਲੈਂਦੇ ਨੇ॥

ਹੋਂਦੇ ਤਾਣ ਨਿਤਾਣਾਂ ਬਨਣਾਂ,
ਹੈ ਹੋਂਦਾ ਜੀਵਨ ਨੂੰ ਘੜਨਾਂ॥
ਆਪਣੇ ਮੂਲ ਨੂੰ ਘੋਖ ਪਛਾਨਣਾਂ,
ਹੈ ਹੋਂਦਾ ਜੀਵਨ ਨੂੰ ਪੜਨਾਂ॥
ਰੱਬੀ ਗੁਣਾਂ ਨੂੰ ਆਪਨਾਣਾਂ,
ਭਾਣੇ ਨੂੰ ਹੀ ਸੀਸ ਝੁਕਾਣਾਂ;
ਹੈਂਕੜ ਛੱਡ ਨਿਮਾਣਾ ਬਨਣਾਂ,
ਹੈ ਹੋਂਦਾ ਰਾਹ ਰੂਹਾਨੀ ਫੜਨਾਂ॥

ਜਿਉਂਦੇ ਜੀਅ ਹੀ ਮਨ ਨੂੰ ਮਾਰਨਾਂ,
ਹੈ ਹੋਂਦਾ ਸੁੱਤਾ ਮਨ ਜਗਾਣਾਂ॥
ਮਨ ਨੂੰ ਸੰਜਮ ਦੇ ਵਿੱਚ ਕਰਨਾਂ,
ਹੈ ਹੋਂਦਾ ਭੁੱਲੇ ਨੂੰ ਰਾਹ ਪਾਣਾਂ॥
ਮਨ ਨੂੰ ਜਿੱਤਣਾਂ ਹੈ ਜੱਗ ਨੂੰ ਜਿੱਤਣਾਂ,
ਮਨ ਨੂੰ ਜਿੱਤਕੇ ਮੁਕਤੀ ਪਾਣਾਂ;
ਇਹ ਮਨ ਐਵੇ ਨਹੀਂ ਜਿੱਤਿਆ ਜਾਂਦਾ,
ਹੈ ਡਾਢਾ ਮੁਸ਼ਕਲ ਮਨ ਵੱਸ ਆਣਾਂ॥

ਨਹੀਂ ਮਨ ਕਾਬੂ ਦੇ ਵਿੱਚ ਆਉਂਦਾ,
ਜਦ ਤੱਕ ਮਿਹਰ ਨਾ ਰੱਬਦੀ ਹੋਵੇ॥
ਹੈ ਮਨ ਤਦੋਂ ਹੀ ਵੱਸ ਵਿੱਚ ਆਉਂਦਾ,
ਜਦ ਪੂਰੀ ਕਿਰਪਾ ਰੱਬ ਦੀ ਹੋਵੇ॥
ਵੱਸ ਹੋਇਆ ਮਨ ਰਾਖਾ ਬਣਦਾ,
ਫਿਰ ਨਹੀਂ ਡਿੱਗਣ ਡੋਲਣ ਦੇਂਦਾ;
ਹੈ ਫਿਰ ਜਾਂਦਾ ਬਣ ਮਿੱਤਰ ਪਿਆਰਾ,
ਜਨਮ ਮਰਨ ਦੇ ਧੋਣੇ ਧੋਵੇ॥

ਵੱਸ ਹੋਇਆ ਮਨ ਰੱਬ ਨਾਲ ਮੇਲੇ,
ਫੇਰ ਨਹੀਂ ਫੁਰਨਾਂ ਮਾੜਾ ਫੁਰਦਾ॥
ਫਿਰ ਕੋਈ ਮਾੜਾ ਕਰਮ ਨਹੀਂ ਕਰਦਾ,
ਬੰਦਾ ਰਾਹੇ ਰੂਹਾਨੀ ਤੁਰਦਾ॥
**'ਆਪੁ ਸਵਾਰਹਿ ਮੈਂ ਮਿਲਹਿ**
**ਮੈਂ ਮਿਲਿਆ ਸੁਖ ਹੋਇ'**
ਅੰਦਰੋਂ ਬਾਹਰੋਂ ਨੂਰ ਗੜੁੱਚਾ,
ਸੱਚ ਬਣ ਜਾਂਦਾ ਖੁਰਦਾ ਖੁਰਦਾ।।

ਜਾਗ ਪੈਂਦੇ ਹਨ ਭਾਗ ਜਿਨਾਂ ਦੇ,
ਹਨ ਓਹੀ ਤੁਰਦੇ ਰਾਹ ਰੂਹਾਨੀ॥
ਹੈ ਰਬੀ ਰਹਿਮਤ ਜਿਨਾਂ ਤੇ ਹੋਂਦੀ,
ਹਨ ਓਹੀ ਪੜਦੇ ਗੁਰਾਂ ਦੀ ਬਾਣੀ॥
ਪਰਵਿਰਤੀ ਦੇ ਚੁੰਗਲਾਂ 'ਚੋਂ ਛੁੱਟਦੇ,
ਨਿਰਵਿਰਤੀ ਦੀ ਚਰਨੀ ਲੱਗਦੇ;
ਬਣ ਜਾਂਦੇ 'ਅਰਸ਼ੀ' ਮਤਵਾਲੇ,
ਹਨ ਹੋ ਜਾਂਦੇ ਰੂਹੇ ਰੂਹਾਨੀ॥

* * *

## ਅਨੋਖੀ ਝਲਕੀ (ਗ਼ਜ਼ਲ)

ਹੋ ਗਿਆ ਜੀਵਨ ਮਕਸਦ ਪੂਰਾ, ਕੋਈ ਝਲਕ ਰੂਹਾਨੀ ਵੇਖ ਲਈ॥
ਵੇਖ ਲਈ ਅਣਡਿੱਠੀ ਦੁਨੀਆਂ, ਕੋਈ ਵਸਤ ਨੂਰਾਨੀ ਵੇਖ ਲਈ॥

ਹੈ ਲੱਗਦਾ ਜਿਵੇਂ ਕੋਈਸੁਪਨਾ ਡਿੱਠਾ, ਪਿਆ ਭੁੱਲਣ ਵਿੱਚ ਨਹੀਂ ਆਉਂਦਾ,
ਹੈ ਮੁੜ ਮੁੜ ਯਾਦ ਸਤਾਈ ਜਾਂਦੀ, ਕੋਈ ਖਾਬ ਪੁਰਾਨੀ ਵੇਖ ਲਈ॥

ਇੰਜ ਲਗਦਾ ਜਿਵੇਂ ਪਹਿਲਾਂ ਵੀ ਸੀ, ਇਹ ਥਾਂ ਡਿੱਠੀ ਹੋਈ,
ਯਾਦ ਚਿਰੋਕੀ ਭੁੱਲੀ ਬੈਠੀ, ਫਿਰ ਤਾਜਾ ਹੋ ਗਈ ਵੇਖ ਲਈ॥

ਬੜੀ ਭੇਦਾਂ ਭਰੀ ਹੈ ਇਹ ਕਹਾਣੀ, ਹੈ ਹਰ ਆਦਮ ਦੀ ਆਪਣੀ,
ਪਰ ਭੁੱਲ ਜਾਂਦਾ ਹੈ ਹਰ ਬੰਦਾ ਹੀ, ਹੋਈ ਬੜੀ ਹੈਰਾਨੀ ਵੇਖ ਲਈ॥

ਦੱਸ ਨਹੀਂ ਸਕਦਾ ਕੋਈ ਕਿਸੇ ਨੂੰ, ਹੈ ਨਾ ਕੋਈ ਜਾਣ ਹੀ ਸਕਦਾ,
ਹੈ ਇਹ ਗੁੱਝਾ ਭੇਦ ਕਾਦਰੀ, ਝਲਕੀ ਅਨਜਾਨੀ ਵੇਖ ਲਈ।

ਵੇਖ ਪੁਰਾਣੀ ਯਾਦ ਭੁੱਲੀ ਨੂੰ, ਕੋਈ ਖੋਹ ਹੈ ਅੰਦਰ ਲੱਗ ਗਈ,
ਸ਼ਾਲਾ ਫੇਰ ਦੁਬਾਰਾ ਦਿੱਸੇ, ਮਨ ਗਰਜ਼ ਪੁਰਾਣੀ ਵੇਖ ਲਈ॥

ਡੂੰਘੀ ਸੋਚ ਵਿਚਾਰ ਤੋਂ ਲੱਗਿਆ, ਇਹ ਤਾਂ ਕੋਈ ਚਮਤਕਾਰ ਸੀ,
ਸੀ ਇਹ ਤਾਂ ਕੋਈ ਰੱਬੀ ਕੌਤਕ, ਜੋ ਅਚਣਅਚੇਤੀ ਵੇਖ ਲਈ॥

ਹੁਣ ਹੈ ਅੰਦਰ ਲਗਣ ਹੀ ਲੱਗ ਗਈ, ਜਿਸਨੇ ਲੀਣ ਵਲੀਣ ਹੈ ਕੀਤਾ,
ਮੁੜ ਮੁੜ ਝਾਕਾਂ ਆਪਣੇ ਅੰਦਰ, ਹੈ ਬਾਹਰੀ ਦੁਨੀਆਂ ਵੇਖ ਲਈ॥

**'ਜੋ ਬ੍ਰਹਿਮੰਡੇ ਸੋਈ ਪਿੰਡੇ, ਜੋ ਖੋਜੇ ਸੋ ਪਾਵੇ'**
ਬਾਤੂਨੀ ਤੋਂ ਚਿੰਤਕ ਚੰਗਾ, ਜਿਸ ਸੋਚ ਖਰੋਚ ਹੈ ਵੇਖ ਲਈ॥

'ਅਰਸ਼ੀ' ਜੀਵਨ ਮੁਕਤੀ ਪਾਣ ਲਈ, ਹੈ ਲਗਣ ਲਗਾਣੀ ਪੈਂਦੀ,
ਹੈ ਪੁੱਜਦਾ ਓਹੀ ਟੀਸੀ ਉੱਤੇ, ਜਿਸ ਦਿਸ਼ਾ ਨਿਸ਼ਾਨੀ ਵੇਖ ਲਈ॥

* * *

## ਜੈਸਾ ਸੋਚੇ ਵੈਸਾ ਹੋਵੇ

ਜਿੰਦਗੀ ਦੇ ਮੌਜ ਮੇਲੇ, ਨਹੀਂ ਹੋਂਦੇ ਵਿੱਚ ਮਸਤੀਆਂ ਦੇ,
ਹੈ ਜਿੰਦਗੀ ਤਾਂ ਜਗਮਗਾਂਦੀ, ਆਪਣੇ ਫਰਜਾਂ ਨੂੰ ਪਾਲਕੇ॥
ਮਦ ਮਸਤੀਆਂ ਖਰਮਸਤੀਆਂ, ਵਿੱਚ ਜਿੰਦਗੀ ਹੈ ਰੁਲ ਜਾਂਦੀ,
ਫਿਰ ਤਾਂ ਪੈਂਦੀ ਕੱਟਣੀ ਹੈ, ਜੇਕਰ ਵਰਤੀ ਨਾਂ ਸੰਭਾਲਕੇ॥

ਕੱਟਣੀ ਤਾਂ ਪੈਂਦੀ ਕੈਦ ਹੈ, ਪਏ ਰਹਿਣਾਂ ਵਿੱਚ ਮਜਬੂਰੀਆਂ ਦੇ,
ਫਿਰ ਉਹ ਕਾਹਦੀ ਜਿੰਦਗੀ ਹੈ, ਉਹ ਤਾਂ ਨਰਕਾ ਦਾ ਵਾਸ ਹੈ॥
ਹੋਂਦੀ ਹੈ ਗੁਲਾਮੀ ਨਿਰੀ, ਜਿੱਲਤ ਭਰੀ ਜ਼ਿੰਦਗੀ ਹੀ,
ਕੋਈ ਚੱਜਦਾ ਨਹੀਂ ਖਾਣ ਪੀਣ, ਕਰਨਾਂ ਪੈਂਦਾ ਉਪਵਾਸ ਹੈ॥

ਮਾੜੇ ਕੰਮਾਂ ਦੇ ਹਸ਼ਰ ਮਾੜੇ, ਹਨ ਮਿਲਦੇ ਫਿਰ ਫਲ ਵੀ ਮਾੜੇ,
ਜੋ ਪੈਂਦੇ ਫਿਰ ਭੁਗਤਨੇ ਵੀ, ਏਥੇ ਹੀ ਸੰਸਾਰ ਵਿੱਚ॥
ਬਣ ਜਾਂਦੀ ਜਿੰਦਗੀ ਹੀ, ਦੁੱਖਾਂ ਦੀ ਪਟਾਰੀ ਵਾਂਗੂ,
ਸੁੱਝਦਾ ਨਹੀਂ ਫੇਰ ਕੁੱਝ ਵੀ, ਕੁਝ ਹੋਂਦਾ ਨਹੀਂ ਅਖਤਿਆਰ ਵਿੱਚ॥

ਪਸ਼ੂ ਤੇ ਮਨੁੱਖ ਅੰਦਰ, ਹੈ ਏਹੀ ਤਾਂ ਫਰਕ ਵੱਡਾ,
ਪਸ਼ੂ ਕੋਲ ਮਨ ਨਹੀਂ ਹੈ, ਉਹ ਨਹੀਂ ਸੋਚਦਾ ਵਿਚਾਰਦਾ॥
ਪਰ ਬੰਦੇ ਨੂੰ ਤਾਂ ਮਾਲਕ ਨੇ, ਹਨ ਦਿੱਤੇ ਤਨ ਮਨ ਦੋਵੇਂ ਹੀ,
ਉਹ ਸੋਚ ਵੀ ਤਾਂ ਸਕਦਾ ਹੈ, ਹੈ ਰਹਿੰਦਾ ਵੀ ਚਿਤਾਰਦਾ॥

ਉਹ ਬਣ ਸਕਦਾ ਪਾਪੀ ਵੀ ਹੈ, ਹੈ ਪੁਨੀ ਵੀ ਹੋ ਸਕਦਾ,
ਘੜ ਸਕਦੈ ਜੀਵਨ ਆਪਣਾਂ, ਜਿਵੇਂ ਵੀ ਬਨਾਣਾਂ ਚਾਹੇ॥
ਸਵਰਗ ਵੀ ਉਸਾਰ ਸਕਦੈ, ਬਣ ਸਕਦੈ ਨਰਕਗਾਮੀ,
ਹੈ ਜਾ ਸਕਦਾ ਓਧਰੇ ਹੀ, ਜਿਧਰ ਵੀ ਉਹ ਜਾਣਾਂ ਚਾਹੇ॥

ਪਰ ਹੋਂਦਾ ਹੈ ਮਾਨਵੀ ਜੀਵਨ, ਅਸਲੋਂ ਹੀ ਛੋਟਾ ਜਿਹਾ,
ਉਤੋਂ ਮਾਇਆ ਨੇ ਪੜਦਾ ਪਾਇਆ, ਜੋ ਬੰਦਾ ਨਹੀਂ ਕਿਆਸਦਾ॥
ਉਲਝਿਆ ਹੈ ਰਹਿੰਦਾ ਸਦਾ ਹੀ, ਮਾਦਕੀ ਰੁਝੇਵਿਆਂ ਵਿੱਚ,
ਦੁਬਿਧਾ ਵਿੱਚ ਫਸਿਆ ਰਹਿੰਦਾ, ਪਹਿਲੋ ਨਹੀਂ ਆਭਾਸਦਾ॥

ਪਰ ਮਨ ਦੇ ਪਿੱਛੇ ਲੱਗਿਆਂ, ਕਦੇ ਕੁੱਝ ਸੌਰਿਆ ਨਹੀਂ,
ਹੈ ਰਹਿੰਦਾ ਮਨ ਡੋਲਦਾ, ਭੱਟਕਦਾ ਤੇ ਫਿਸਲਦਾ॥
ਗੁਰੂ ਦਾ ਸ਼ਬਦ ਕੇਵਲ, ਇਸ ਮਨ ਤਾਂਈ ਕੀਲਦਾ ਹੈ,
ਸੁਧਰ ਜਾਵੇ ਮਨ ਜੇਕਰ, ਫਿਰ ਜਾਂਦਾ ਹੈ ਨਿਸਲਦਾ॥

ਜੇ ਆ ਜਾਵੇ ਕਾਬੂ ਅੰਦਰ, ਹੈ ਬਣ ਜਾਂਦਾ ਮਿੱਤਰ ਪੱਕਾ,
ਕਰਦਾ ਹੈ ਰਾਖੀ ਪੂਰੀ, ਹੈ ਬਣ ਜਾਂਦਾ ਚੌਕੀਦਾਰ॥
ਮਾੜਾ ਫਿਰ ਸੋਚਦਾ ਨਹੀਂ, ਜਾਂਦਾ ਹੀ ਨਹੀਂ ਮਾੜੇ ਪਾਸੇ,
ਕੋਈ ਕਰਦਾ ਨਹੀਂ ਮਾੜਾ ਕਾਰਾ, ਹੋ ਜਾਂਦਾ ਤਾਬੇਦਾਰ॥

ਹੈ ਜੀਵਨ ਹੀ ਸੁਧਰ ਜਾਂਦਾ, ਜੇ ਮਨ ਕਾਬੂ ਵਿੱਚ ਆ ਜਾਵੇ,
ਬਣਦਾ ਨਹੀਂ ਸ਼ੇਖਚਿੱਲੀ, ਬੰਨਦਾ ਨਹੀਂ ਝੂਠੇ ਦਾਹਵੇ॥
ਫਿਰ ਜੋ ਕਹੇ ਕਰੇ ਓਹੀ, ਹੋਂਦਾ ਨਹੀਂ ਨਿਰਾਸ਼ਾਵਾਦੀ,
'ਅਰਸ਼ੀ' ਆਦਰਸ਼ ਬਣਦਾ, ਆਉਂਦਾ ਨਹੀਂ ਕਿਸੇ ਬਹਿਕਾਵੇ॥

**"ਮਨ ਮੈਲਾ ਸਭੁ ਕਿਛੁ ਮੈਲਾ, ਤਨਿ ਧੋਤੈ ਮਨ ਹਛਾ ਨ ਹੋਇ॥**
**ਇਹ ਜਗਤ ਭਰਮਿਭੁਲਾਇਆ, ਵਿਰਲਾ ਬੂਝੈ ਕੋਇ॥**
**ਖੁਦੀ ਮਿਟੀ ਤਬਸੁਖ ਭਏ, ਮਨ ਤਨ ਭਏ ਅਰੋਗ॥**
**ਨਾਨਕ ਦ੍ਰਿਸ਼ਟੀ ਆਇਆ, ਉਸਤਤਿ ਕਰਨੈ ਜੋਗ॥"**
**(ਗੁਰੂ ਗ੍ਰੰਥ ਸਾਹਿਬ)**

* * *

## ਸੁਰਤਾਲ ਹੋ ਗਈ ਜ਼ਿੰਦਗੀ (ਗਜ਼ਲ)

ਸੁਰਤਾਲ ਹੈ ਹੋ ਗਈ ਜ਼ਿੰਦਗੀ, ਇਕ ਤਾਲ ਸੁਹਾਣੀ ਬਣ ਗਈ॥
ਸੰਗੀਤਮਈ ਹੀ ਹੋ ਗਈ, ਗੀਤਾਂ ਦੀ ਰਾਣੀ ਬਣ ਗਈ॥

ਪਈ ਗੁਣ ਗੁਣਾਂਦੀ ਹੈ ਜਾਪਦੀ, ਵਿਸਮਾਦ ਹੋ ਮਖਮੂਰ ਹੋ,
ਸ਼ੁਕਰੇ ਸ਼ੁਕਰਾਂਦੀ ਲਗਦੀ, ਨੂਰੇ ਨੂਰਾਨੀ ਬਣ ਗਈ॥

ਕੋਈ ਮਿਹਬਾਨੀ ਹੈ ਹੋ ਗਈ, ਰਿਹਮਤ ਰਬਾਨੀ ਹੋ ਗਈ,
ਸਿਜਦੇ ਸਲਾਮਾਂ ਕਰ ਰਹੀ, ਅਸਲੋਂ ਨਿਮਾਣੀ ਬਣ ਗਈ॥

ਬਣ ਗਈ ਹੈ ਸਰਘੀ ਸੁਬਾ ਦੀ, ਸ਼ਾਂਤੀ ਸਵਾਂਤੀ ਬਣ ਗਈ,
ਧੁਣ ਬਣ ਗਈ ਮਲਾਰ ਦੀ, ਮਿੱਠੀ ਹੈ ਬਾਣੀ ਬਣ ਗਈ॥

ਜਦ ਰਹਿਮਤ ਹੈ ਹੋਂਦੀ ਰੱਬ ਦੀ, ਫਿਰ ਨਜ਼ਰੇ ਅਨਾਇਤ ਸੱਭਦੀ,
ਫਿਰ ਕੋਈ ਝੋਰਾ ਕੋਈ ਫਿਕਰ ਨਹੀਂ, ਰੂਹੇ ਰੂਹਾਨੀ ਬਣ ਗਈ॥

ਕਾਂਇਆਂ ਹੀ ਲੱਗਦੀ ਪਲਟ ਗਈ, ਰਾਹੇ ਰੂਹਾਨੀ ਤੁਰ ਦਿਆਂ,
ਜੀਵਨ ਦੀ ਜੁਗਤੀ ਲੱਭ ਪਈ, ਜੀਵਨ ਕਹਾਣੀ ਬਣ ਗਈ॥

ਪਤਝੱੜ ਹੈ ਲੱਗਦੀ ਲੰਘ ਗਈ, ਜਾਪੇ ਬਹਾਰ ਹੈ ਆ ਗਈ,
ਖੁਸ਼ੀਆਂ ਖੇੜੇ ਖੁਸ਼ਹਾਲੀਆਂ, ਜਲਵੇ ਜਲਾਨੀ ਬਣ ਗਈ॥

ਜਿੰਦ ਫੁੱਲਾਂ ਵਰਗੀ ਹੋ ਗਈ, ਪਈ ਮਹਿਕਾਂ ਟਹਿਕਾਂ ਛੱਡ ਦੀ,
ਬੜੀ ਹਲਕੀ ਫੁਲਕੀ ਲੱਗਦੀ, ਡਾਢੀ ਮਨ ਭਾਣੀ ਬਣ ਗਈ॥

ਜਦ ਤੋਂ ਗੁਰਚਰਨੀ ਲੱਗ ਗਈ, ਗੁਰਜੋਤ ਹੈ ਅੰਦਰ ਜੱਗ ਗਈ,
ਗੁਰਬਾਣੀ ਮਨ ਵਿੱਚ ਵੱਸ ਗਈ, ਜ਼ਿੰਦੜੀ ਰੁਮਾਣੀ ਬਣ ਗਈ॥

ਮਨ ਆਸਾ ਪੂਰੀ ਹੋ ਗਈ, ਜ਼ਿੰਦਗੀ ਸੰਧੂਰੀ ਹੋ ਗਈ,
'ਅਰਸ਼ੀ' ਹੈ ਮਨ ਤ੍ਰਿਪਤਾਨਿਆਂ, ਜ਼ਿੰਦੜੀ ਲਾਸਾਨੀ ਬਣ ਗਈ।

* * *

## ਜੀਵਨ ਧਾਰਾ

ਇਹ ਜਿੰਦਗੀ ਕੀ ਹੈ ? ਇੱਕ ਵੱਗਦੀ ਨਦੀ ਹੈ॥
ਜੋ ਚਲਦੀ ਹੀ ਜਾ ਰਹੀ, ਨਹੀਂ ਰੁੱਕਦੀ ਕਦੀ ਹੈ॥
ਕਿੰਜ ਰੁਮਕਦੀ ਹੈ ਜਾ ਰਹੀ, ਕਿੰਨੀ ਹੈ ਚੰਗੀ ਲੱਗਦੀ॥
ਚਾਲ ਮਸਤੀ ਰਵਾਨੀ ਏਸਦੀ, ਪਈ ਕੇਡੀ ਜਾਪੇ ਫੱਬਦੀ॥
ਡਾਢੀ ਬਣ ਸ਼ਾਂਤ ਸੁਹਾਵਣੀ, ਹੈ ਕਲੋਲਾਂ ਕਰ ਰਹੀ॥
ਮਨਮੋਹਣੀ ਬਣ ਮਨ ਭਾਵਨੀ, ਹੈ ਹਿਲੋਰਾਂ ਭਰ ਰਹੀ॥
ਨਾਂ ਹੀ ਹੈ ਹੱਦਾਂ ਤੋੜਦੀ, ਨਾਂ ਹੀ ਹੈ ਕੰਢੇ ਵੱਢਦੀ॥
ਸੀਮਾਂ 'ਚ ਰਹਿਕੇ ਵਿਚਰਦੀ, ਪਈ ਮਟੱਕਦੀ ਪਈ ਵੱਗਦੀ॥
ਖੁਸ਼ਹਾਲੀਆਂ ਜਾਏ ਵੰਡਦੀ, ਖੁਸ਼ੀਆਂ ਜਾਂਦੀ ਬਖੇਰਦੀ॥
ਪਈ ਨੱਚਦੀ ਪਈ ਟੱਪਦੀ, ਬਣਕੇ ਸਰਘੀ ਸਵੇਰ ਦੀ॥
ਕਿਸੇ ਮਸਤੀ ਕਿਸੇ ਲੋਰ ਵਿੱਚ, ਹੈ ਸਾਗਰ ਵੱਲੀ ਜਾ ਰਹੀ॥
ਹੋ ਮਗਣ ਆਪਣੀ ਲਗਣ ਵਿੱਚ, ਹੈ ਕਾਦਰ ਵੱਲੀ ਜਾ ਰਹੀ॥

2.

ਹੈ ਇਹ ਮਾਨਵੀ ਜਿੰਦਗੀ ਵੀ, ਇੱਕ ਨਦੀ ਦੇ ਵਾਂਗ ਹੀ॥
ਇਸ ਜੀਵਨ ਦੀ ਰਵਿੰਦਗੀ ਵੀ, ਹੈ ਨਦੀ ਦੇ ਵਾਂਗ ਹੀ॥
ਰਹੇ ਜੇਕਰ ਰੁਮਕਦੀ ਹੀ, ਆਪਣੀ ਰੁਮਾਣੀ ਚਾਲ ਵਿੱਚ॥
ਕੋਈ ਮਨ ਆਈਆਂ ਕਰੇ ਨਾਂ, ਜੇ ਨੱਚਦੀ ਰਹੇ ਤਾਲ ਵਿੱਚ॥
ਆਪਣੇ ਫਰਜ਼ਾਂ ਨੂੰ ਪਾਲਕੇ, ਜੇ ਜੀਵਨ ਤਾਂਈ ਜਾਣ ਲੈ॥
ਆਪਣੇ ਵਿਰਸੇ ਨੂੰ ਸਮਝਕੇ, ਆਪਣਾ ਕਰਤਵ ਪਹਿਚਾਣ ਲੈ॥
ਉਸ ਰੱਬੀ ਹੁਕਮ ਵਿੱਚ ਰਹਿਕੇ, ਬਣਕੇ ਜੇ ਤਾਬੇਦਾਰ ਰਹੇ॥
ਉਸ ਮਾਲਕ ਦੀ ਮਰਜੀ ਦੇ, ਬਣਕੇ ਜੇਕਰ ਅਨੁਸਾਰ ਰਹੇ॥
ਹੱਦਾਂ ਨੂੰ ਕਦੇ ਤੋੜੇ ਨਾਂ, ਨਾਂ ਹੀ ਕਰੇ ਮਨ ਮਾਨੀਆਂ॥
ਛੱਡ ਦੇਵੇ ਇਹ ਮਨ ਮਰਜੀਆਂ, ਛੱਡ ਦੇਵੇ ਸਭ ਨਾਦਾਨੀਆਂ॥
ਬੰਦਾ ਹੈ ਬੰਦਾ ਹੀ ਬਣੇ, ਨਾਂ ਕਰੇ ਐਵੇਂ ਸ਼ੈਤਾਨੀਆਂ॥
ਕੰਮ ਕਰੇ ਕੋਈ ਮਾਨਵੀ, ਨਾਂ ਕਰਦਾ ਰਹੇ ਹੈਵਾਨੀਆਂ॥

## 3.

ਫੇਰ ਹੀ ਸੁਖ ਸ਼ਾਂਤੀਆਂ, ਤੇ ਖੁਸ਼ੀਆਂ ਬਰਸਨਗੀਆਂ॥
ਫੇਰ ਹੀ ਖੁਸ਼ਹਾਲੀਆਂ, ਵੀ ਚਰਨ ਪਰਸਨਗੀਆਂ॥
ਫਿਰ ਮਸਤੀਆਂ ਹੀ ਮਸਤੀਆਂ, ਫਿਰ ਹਰ ਪਾਸੇ ਅਲਮਸਤੀਆਂ॥
ਕੋਈ ਚਿੰਤਾ ਫਿਕਰ ਨਹੀਂ ਰਹੇਗਾ, ਨਾਂ ਹੀ ਕੋਈ ਮਾਦਾ ਪਰਸਤੀਆਂ॥
ਨਹੀਂ ਰਹੇਗੀ ਕੋਈ ਮੁਹਛੰਦਗੀ॥ ਨਹੀਂ ਭਿੰਨਕੇਗੀ ਕੋਈ ਗੰਦਗੀ॥
ਫਿਰ ਆਦਮ ਨੂੰ ਕੋਈ ਥੋੜ ਨਹੀਂ॥ 'ਅਰਸ਼ੀ' ਝੁਰਨ ਦੀ ਕੋਈ ਲੋੜ ਨਹੀਂ॥

## 4.

ਪਰ ਹਨ ਓਹੀ ਸੰਤੁਸ਼ਟਦੇ, ਜੋ ਬਣ ਜਾਂਦੇ ਇਨਸਾਨ ਨੇ॥
ਹਨ ਓਹੀ ਤਾਂ ਤ੍ਰਿਪਤਦੇ, ਜੋ ਹੋ ਜਾਂਦੇ ਮਹਾਨ ਨੇ॥
ਹਨ ਹੋ ਜਾਂਦੇ ਸਮਰਪਣ ਜੋ, ਬਣ ਜਾਂਦੇ ਕਰਤਾਰ ਦੇ॥
ਛੱਡ ਦੇਦੇ ਜੋ ਮਨਮਰਜੀਆਂ, ਹਉਮੈ ਹੰਗਤਾ ਨੂੰ ਮਾਰਦੇ॥
ਰਾਹੇ ਰਸਤੇ ਰੂਹਾਨੀ ਤੇ, ਹਨ ਤੁਰ ਪੈਂਦੇ ਜੋ ਕਦੇ॥
ਫਿਰ ਮੰਜ਼ਿਲ ਤੇ ਪੁੱਜਕੇ, ਨਹੀਂ ਝੁਰਦੇ ਉਹ ਕਦੇ॥
'ਅਰਸ਼ੀ' ਨੂੰ ਪੂਰੀ ਆਸ ਹੈ॥ ਮਨ ਵਿਚ ਪੂਰਾ ਵਿਸ਼ਵਾਸ਼ ਹੈ॥
ਉਹ ਸਮੇਂ ਜ਼ਰੂਰੀ ਆਉਣਗੇ॥ ਜੋ ਜੀਵਨ ਨੂੰ ਰੁਸ਼ਨਾਉਣਗੇ॥
ਹੁਣ ਰਹਿਮਤਾਂ ਹੀ ਰਹਿਮਤਾਂ, ਹਨ ਹੋ ਗਈਆਂ ਗੁਰ ਰਹਿਮਤਾਂ॥
ਉੱਡ ਗਈਆਂ ਪਤਝੜਾਂ, ਸਭ ਮੁੱਕ ਗਈਆਂ ਜਹਿਮਤਾਂ॥

## 5.

**''ਜਾਂ ਤੂੰ ਮੇਰੇ ਵਲਿ ਹੈ, ਤਾਂ ਕਿਆ ਮੁਹਛੰਦਾ॥**
**ਤੁਧੁ ਸਭ ਕਿਛੁ ਮੈਨੂੰ ਸੌਂਪਿਆ, ਜਾ ਤੇਰਾ ਬੰਦਾ॥**
**ਲਖਮੀ ਤੋਟਿ ਨ ਆਵਈ, ਖਾਇ ਖਰਚਿ ਰਹੰਦਾ॥**
**ਲਖ ਚਉਰਾਸੀ ਮੇਦਨੀ, ਸਭ ਸੇਵ ਕਰੰਦਾ॥**
**ਇਹ ਵੈਰੀ ਮਿਤ੍ਰ ਸਭ ਕੀਤਿਆ, ਨਹ ਮੰਗਹਿ ਮੰਦਾ॥**
**ਲੇਖਾ ਕੋਇ ਨੇ ਪੁਛਈ, ਜਾ ਹਰਿ ਬਖਸੰਦਾ॥**
**ਅਨੰਦ ਭਇਆ ਸੁਖ ਪਾਇਆ, ਮਿਲਿ ਗੁਰ ਗੋਵਿੰਦਾ॥**
**ਸਭੇ ਕਾਜ ਸਵਾਰੀਐ, ਜਾ ਤੁਧ ਭਾਵੰਦਾ॥''**
**(ਅੰਗ 1096 ਗੁਃ ਗ੍ਰੰਃ ਸਾਃ)**

* * *

## ਜੀਵਨ ਸੁਹੇਲਾ ਹੋ ਗਿਆ (ਗਜ਼ਲ)

ਬਣ ਗਈ ਸੁਹਾਣੀ ਜਿੰਦਗੀ, ਜੀਵਨ ਸੁਹੇਲਾ ਹੋ ਗਿਆ॥
ਮਿਲ ਗਈ ਲੱਗੇ ਬਖਸ਼ਿੰਦਗੀ, ਮਨ ਨਵਾਂ ਨਵੇਲਾ ਹੋ ਗਿਆ॥

ਹੁਣ ਤੱਕ ਬਥੇਰਾ ਸੌਂ ਲਿਆ, ਹੁਣ ਤਕ ਬਥੇਰਾ ਭੌਂ ਲਿਆ,
ਨਹੀਂ ਹੋਰ ਹੁਣ ਅਲਸਾਵਣਾਂ, ਜਾਗਣ ਦਾ ਵੇਲਾ ਹੋ ਗਿਆ॥

ਬਣ ਗਿਆ ਹੈ ਸਮਾਂ ਸੁਹਾਵਣਾਂ, ਫਿਰ ਨਹੀਂ ਇਹ ਮੌਕਾ ਆਵਣਾਂ,
ਹੈ ਮੌਕਾ ਮਾਲਕ ਨੂੰ ਮਿਲਣਦਾ, ਹੈ ਸਰਘੀ ਵੇਲਾ ਹੋ ਗਿਆ॥

ਗਮਾਂ ਵਾਲੀ ਰਾਤ ਹੈ ਲੰਘ ਗਈ, ਹੁਣ ਨਵਾਂ ਸਵੇਰਾ ਆ ਗਿਆ,
ਹੈ ਵੇਲਾ ਜੀਵਨ ਨੂੰ ਘੜਨ ਦਾ, ਸ਼ੁਭ ਅੰਮ੍ਰਿਤ ਵੇਲਾ ਹੋ ਗਿਆ॥

ਤਨ ਮਨ ਦੀਆਂ ਤੰਦਰੁਸਤੀਆਂ, ਹਨ ਬਖਸ਼ੀਆਂ ਦਾਤਾਰ ਨੇ,
ਹੁਣ ਸਿਜਦੇ ਸ਼ੁਕਰਾਨੇ ਕਰਨ ਦਾ, ਹੈ 'ਅਰਸ਼ੀ' ਵੇਲਾ ਹੋ ਗਿਆ॥

ਸੱਚ ਨੂੰ ਹੈ ਅਨੁਭਵ ਕਰ ਲਿਆ, ਓਸੇ ਦਾ ਪੱਲਾ ਫੜ੍ਹ ਲਿਆ,
ਇਸ ਜੀਵਨ ਨੂੰ ਰੁਸ਼ਨਾਣ ਲਈ, ਸਾਦਕ ਗੁਰ ਚੇਲਾ ਹੋ ਗਿਆ।

ਇਹ ਜੀਵਨ ਅਦੁਤੀ ਦਾਤ ਹੈ, ਜੋ ਕਰਤੇ ਦੀ ਵੱਡੀ ਸੁਗਾਤ ਹੈ,
ਇਸ ਦਾਤ ਸੁਗਾਤ ਨੂੰ ਮਾਨਣ ਲਈ, ਸ਼ੁਭ ਅਵਸਰ ਮੇਲਾ ਹੋ ਗਿਆ॥

'ਅਰਸ਼ੀ' ਮਤਵਾਲਾ ਹੋ ਗਿਆ, ਸਾਦਕ ਦੀਵਾਨਾਂ ਬਣ ਗਿਆ,
ਜੀਵਨ ਮਰਤਬਾ ਮਿਲ ਗਿਆ, ਅਉਣਾਂ ਸੁਹੇਲਾ ਹੋ ਗਿਆ॥

* * *

## ਭਾਵ ਭਿੰਨੀ ਅਰਜੋਈ

**''ਫੂਟੋ ਆਂਡਾ ਭਰਮ ਕਾ, ਮਨਹਿ ਭਇਓ ਪਰਗਾਸੁ ॥**
**ਕਾਟੀ ਬੇਰੀ ਪਗਹ ਤੇ, ਗੁਰਿ ਕੀਨੀ ਬੰਦਿ ਖਲਾਸੁ ॥**
**ਆਵਣ ਜਾਣ ਰਹਿਓ ॥**
**ਤਪਤ ਕੜਾਹਾ ਬੁਝਿ ਗਿਆ, ਗੁਰਿ ਸੀਤਲ ਨਾਮੁ ਦੀਓ ॥''**
**(ਪੰਨਾ 1002 ਗੁ: ਗ੍ਰੰ: ਸਾ:)**

ਰਹਿਮਤ ਕੀਤੀ ਬਖਸ਼ਿਸ ਹੋ ਗਈ, ਗੁਰਾਂ ਆਪਣੀ ਚਰਨੀ ਲਾ ਲਿਆ ॥
ਤਰਸ ਹੈ ਖਾਦਾ ਆਪ ਤਰੁੱਠਕੇ, ਆਪਣਾਂ ਸਿੱਖ ਬਣਾ ਲਿਆ ॥

ਸਿੱਖ ਬਣ ਸੱਕਾਂ ਕੁੱਝ ਸਿੱਖ ਸੱਕਾਂ, ਹੁਣ ਇਹ ਵੀ ਵਰਦਾਨ ਕਰੋ ॥
ਕਦੇ ਨਾਂ ਭੁੱਲਾਂ ਕਦੇ ਨਾਂ ਵਿਸਰਾਂ, ਇਹ ਰਹਿਮਤ ਵੀ ਪਰਦਾਨ ਕਰੋ ॥

**'ਗੁਰੂ ਮੇਰੇ ਸੰਗਿ ਸਦਾ ਹੈ ਨਾਲੇ'** ਇਹ ਅਹਿਸਾਸ ਵੀ ਹੋ ਜਾਵੇ ॥
ਗੁਰ ਪਰਮੇਸਰ ਹੈ ਇੱਕੋ ਹੀ, ਇਹ ਨਿਸਚਾ ਪੱਕਾ ਹੋ ਜਾਵੇ ॥

ਅੰਦਰ ਵੱਸੋ ਬਾਹਰ ਵੀ ਦਿੱਸੋ, ਗੁਰ ਯਾਦਾਂ ਵਿੱਚ ਜੁੜਿਆ ਰਹਾਂ ॥
ਅੱਠੇ ਪਹਿਰ ਦਿਨੇ ਤੇ ਰਾਤੀ, ਫਰਿਯਾਦਾਂ ਵਿੱਚ ਉੜਿਆ ਰਹਾਂ ॥

ਅੰਦਰ ਬਾਹਰ ਤੂੰ ਹੀ ਦਿਸੇਂ, ਹੋਰ ਕੁੱਝ ਨਜਰੀ ਆਵੇ ਨਾਂ ॥
ਬਸ ਤੂੰ ਹੀ ਤੂੰ ਹੀ ਰਹਾਂ ਉਚਰਦਾ, ਕਿਤੇ ਹੋਰਤੇ ਸੁਰਤੀ ਜਾਵੇ ਨਾਂ ॥

ਰਹੇ ਹਉਮੈ ਹੰਕਾਰ ਨਾਂ ਉੱਕਾ, ਅਸਲੋਂ ਹੀ ਮਸਕੀਣ ਹੋ ਜਾਵਾਂ ॥
ਬਣਾਂ ਨਿਮਾਣਾਂ ਨਿਮਰ ਨਿਤਾਣਾਂ, ਬੱਸ ਯਾਦਾਂ ਵਿਚ ਹੀ ਲੀਣ ਹੋ ਜਾਵਾਂ ॥

ਪਰਵਿਰਤੀ ਤੋਂ ਖਹਿੜਾ ਛੁੱਟੇ, ਨਿਰਵਿਰਤੀ ਦੀ ਚਰਨੀ ਲੱਗਾਂ ॥
ਹਾਂ ਵਾਚੀ ਹੀ ਬਣ ਜਾਏ ਬਿਰਤੀ, ਪ੍ਰੇਮ ਪਿਆਰ ਦੀ ਰੌਂ ਵਿੱਚ ਵੱਗਾਂ ॥

**'ਖਾਲਕੁ ਖਲਕ ਖਲਕ ਮੇਂ ਖਾਲਕੁ'** ਹੁਣ ਹਰ ਪਾਸੇ ਨਜਰੀ ਆਵੇ ॥
ਹੋਰ ਨਾਂ ਦਿੱਸੇ ਨਾਂ ਹੀ ਵੇਖਾਂ, ਦਿੱਸਣ ਤੇਰੇ ਹੀ ਪਰਛਾਵੇਂ ॥

ਬਸ ਯਾਦਾਂ ਵਿੱਚ ਹੀ ਕੀਲਿਆ ਜਾਵਾਂ, ਸਿਮਰਨ ਵਿੱਚ ਹੀ ਲੀਣ ਠਣ ਜਾਵਾਂ ॥
ਕੁੱਝ ਸੁਰਤੀ ਵਿੱਚ ਹੋਰ ਨਾਂ ਆਵੇ, ਬੱਸ ਹੁਣ ਤੇਰਾ ਹੀ ਬਣ ਜਾਵਾਂ ॥

ਹੋ ਜਾਵਾਂ ਸਮਰਪਣ ਪੂਰਾ, ਮੇਰੀ ਹੋਂਦ ਕਿਤੇ ਨਾ ਦਿੱਸੇ॥
ਕੋਈ ਵਖਰਾਪਣ ਰਹੇ ਉੱਕਾ ਨਾਂ, ਹੁਣ ਮੈਂ ਤੇ ਮੇਰੀ ਉੱਕਾ ਮੁੱਕੇ॥

ਮੈਂ ਵੀ ਅੰਸ ਬੰਸ ਹਾਂ ਤੇਰਾ ਹੀ, ਮੇਰੇ ਅੰਦਰ ਜੋਤ ਹੈ ਤੇਰੀ॥
ਮੈਂ ਆਪਣੇ ਮੂਲ 'ਚ ਮਿਲਣਾਂ ਚਾਹੁੰਨਾ, ਕਰ ਚਾਹਤ ਇਹ ਪੂਰੀ ਮੇਰੀ॥

ਬੂੰਦ ਨੂੰ ਚਾਹੀਦਾ ਮੇਲ ਸਾਗਰ ਦਾ, ਨਹੀਂ ਉਸਦੀ ਹੋਰ ਇੱਛਾ ਹੀ ਕੋਈ॥
ਮਿਲ ਸਾਗਰ ਨੂੰ ਸਾਗਰ ਹੀ ਬਣਦੀ, ਫਿਰ ਹੋ ਜਾਂਦੀ ਛੂਈ ਮੂਈ॥

ਵਾਹ ਵਾਹ ਕਰਦੀ ਫੇਰ ਨਹੀਂ ਰੱਝਦੀ, ਫਿਰ ਮੌਲ ਮਸਤ ਹੀ ਜਾਂਦੀ॥
ਆਪਣੇ ਸ਼ਹੁ ਸਾਗਰ ਨੂੰ ਮਿਲਕੇ, ਹੈ ਸੌ ਸੌ ਸ਼ੁਕਰ ਮਨਾਂਦੀ॥

ਰਹਿਮਤ ਹੋ ਗਈ ਬਖਸ਼ਿਸ਼ ਹੋ ਗਈ, 'ਅਰਸ਼ੀ' ਨੂੰ ਚਰਨੀ ਲਾਇਆ॥
ਹੋ ਵਿਸਮਾਦੀ ਬੋਲ ਨਾਂ ਸਕੇ, ਹੜ ਖੁਸ਼ੀਆਂ ਦਾ ਆਇਆ॥

* * *

## ਜੀਵਨ ਯਾਤਰਾ (ਗ਼ਜ਼ਲ)

ਹੈ ਇਸ ਜੀਵਨ ਦਾ ਕੀ ਮੰਤਵ, ਕੁੱਝ ਸਮਝ ਵਿੱਚ ਹੈ ਆ ਗਿਆ॥
ਹੁਣ ਜੀਵਨ ਟੀਚਾ ਹੈ ਮਿੱਥ ਲਿਆ, ਕੁਝ ਮਰਤਬਾ ਵੀ ਪਾ ਲਿਆ॥

ਹੈ ਇਹ ਜੀਵਨ ਇੱਕ ਯਾਤਰਾ, ਜੋ ਲਾਜ਼ਮੀ ਪੈਂਦੀ ਹੈ ਕਰਨੀ,
ਤੁਰਦਾ ਹੈ ਜਾ ਰਿਹਾ ਕਾਫਲਾ, ਸੰਗ ਸਾਥ ਨਾਲ ਰਲਾ ਲਿਆ॥

ਇਹ ਸਾਰੇ ਹੀ ਹਮ ਸਫਰ ਨੇ, ਪੂਰੀ ਕਰਨ ਲਈ ਜੀਵਨ ਯਾਤਰਾ,
ਮਾਤਾ, ਪਿਤਾ, ਭੈਣਾਂ ਤੇ ਭਾਈ, ਇਕ ਪਰਵਾਰ ਬਣਾ ਲਿਆ॥

ਹਨ ਮਿਲ ਜੁਲ ਕੇ ਸਫਰ ਜੋ ਕੱਟਦੇ, ਬਣ ਜਾਂਦੀ ਯਾਤਰਾ ਸੈਰਾਂ ਵਰਗੀ,
ਐਪਰ ਜਿਹੜੇ ਰਹਿਣ ਝਗੜਦੇ, ਜੀਵਨ ਹੀ ਲਗੇ ਗਵਾ ਲਿਆ॥

ਹੈ ਤਾਂ ਛੋਟੀ ਜਿਹੀ ਇਹ ਯਾਤਰਾ, ਮੁੱਕ ਜਾਂਦੀ ਪਤਾ ਨਹੀਂ ਲੱਗਦਾ,
ਐਪਰ ਵਿਰਲੇ ਹਨ ਵਿਚਾਰਦੇ, ਜਿਨਾਂ ਨੇ ਅੰਦਰ ਧਿਆਨ ਲਗਾ ਲਿਆ॥

ਹੈ ਬੜੀ ਅਮੋਲਕ ਇਹ ਜਿੰਦਗੀ, ਪਰ ਵਿਰਲੇ ਹਨ ਇਸਨੂੰ ਵਿਚਾਰਦੇ,
ਜੋ ਲੜ ਲੜ ਕੇ ਪਏ ਗੁਜਾਰਦੇ, ਜੀਵਨ ਨੂੰ ਧੱਬਾ ਹੀ ਲਾ ਲਿਆ॥

ਹੈ ਜੀਵਨ ਪੈਂਦਾ ਸਵਾਰਨਾ, ਕਿਸੇ ਵਿੱਚ ਮਰਿਯਾਦਾ ਬੱਝਕੇ,
ਮਨ ਮਰਜੀਆਂ ਕਰਦੇ ਜਿਹੜੇ, ਰਾਹ ਬਿਖੜਾ ਖੁਦ ਅਪਨਾ ਲਿਆ॥

ਜੀਵਨ ਨੂੰ ਸਫਲ ਬਨਾਣ ਲਈ, ਕੋਈ ਪੈਂਦੀ ਜੁਗਤੀ ਧਾਰਨੀ,
ਜਿਨਾ ਰਾਹ ਰੂਹਾਨੀ ਫੜ ਲਿਆ, ਉਹਨਾ ਜੀਵਨ ਹੀ ਰੁਸ਼ਨਾ ਲਿਆ॥

ਸਫਲ ਕਰ ਲੈਂਦੇ ਹਨ ਯਾਤਰਾ, ਹੋ ਜਾਣ ਸਤੱਰਕ ਚੌਕੰਨੇ ਜੋ,
ਹਨ 'ਅਰਸ਼ੀ' ਸਫਰ ਉਹ ਮਾਣਦੇ, ਮਨ ਮੰਤਵ ਜਿਨਾ ਬਣਾ ਲਿਆ॥

* * *

## ਅਨੁਭਵ ਤੇ ਅਨੁਮਾਨ ਜੀਵਨ ਦੇ

ਅਨੁਭਵ ਤੇ ਅਨੁਮਾਨ ਜੀਵਨ ਦੇ, ਹਨ ਹੋਂਦੇ ਵੱਖੋ-ਵੱਖਰੇ॥
ਦੋਹਾਂ ਦੇ ਅੰਦਾਜ਼ ਨਤੀਜੇ, ਵੀ ਹੋਂਦੇ ਅਸਲੋਂ ਵੱਖਰੇ॥

ਅਨੁਮਾਨ ਤਾਂ ਹੋਂਦੇ ਹਨ ਅੰਦਾਜੇ, ਜੋ ਨਹੀਂ ਹੋਂਦੇ ਪੱਕੇ ਪੂਰੇ॥
ਪਰ ਅਨੁਭਵ ਹੋਂਦੇ ਹਨ ਹੱਡੀ ਵਰਤੇ, ਨਹੀਂ ਹੋਂਦੇ ਕੋਈ ਕਚਰੇ ਚੂਰੇ॥

ਹਨ ਅਨੁਮਾਨ ਤਾਂ ਅੱਟੇ ਸੱਟੇ, ਲਏ ਹੁਦਾਰੇ ਸੁਣੇ ਸੁਣਾਏ॥
ਪਰ ਅਨੁਭਵ ਤਾਂ ਹਨ ਆਪ ਹੰਡਾਏ, ਇਹ ਹਨ ਹੋਂਦੇ ਆਪ ਕਮਾਏ॥

ਲਾ ਲੈਣਾਂ ਅਨੁਮਾਨ ਹੈ ਸੌਖਾ, ਜਿਨੀ ਸਮਝ ਗਿਆਨ ਹੈ ਹੋਂਦਾ॥
ਪਰ ਅਨੁਭਵ ਹੋਂਦਾ ਡਾਢਾ ਔਖਾ, ਜਿਸ ਵਿੱਚ ਖੁੱਭਿਆ ਧਿਆਨ ਹੈ ਹੋਂਦਾ॥

ਅਨੁਭਵ ਤੋਂ ਅਹਿਸਾਸ ਹੈ ਹੋਂਦਾ, ਅੰਦਰ ਦ੍ਰਿੜ ਵਿਸ਼ਵਾਸ਼ ਹੈ ਹੋਂਦਾ॥
ਅਨੁਭਵ ਹੀ ਆਭਾਸ ਹੈ ਹੋਂਦਾ, ਭਰਮ ਭੁਲੇਖਾ ਨਾਸ ਹੈ ਹੋਂਦਾ॥

ਹੈ ਪਾਣੀ ਦੀ ਕੀ ਮਹੱਤਤਾ, ਜਲ ਵਿੱਚ ਰਹੇ ਮੱਛੀ ਨਹੀਂ ਜਾਣਦੀ॥
ਹੈ ਪਾਣੀ ਦੀ ਕੀ ਮਹਾਨਤਾ, ਪਾਣੀ ਵਿੱਚ ਰਹਿ ਕੇ ਨਹੀਂ ਅਨੁਮਾਣ ਦੀ॥

ਹੈ ਭੁੱਲੀ ਰਹਿੰਦੀ ਰਹੇ ਭੱਟਕਦੀ, ਮਨ ਆਈਆਂ ਚਤਰਾਈਆਂ ਕਰਦੀ॥
ਨੱਚਦੀ ਟੱਪਦੀ ਕਰੇ ਕਲੋਲਾਂ, ਪੁੱਠੀਆਂ ਸਿੱਧੀਆਂ ਤਾਰੀਆਂ ਤਰਦੀ॥

ਨਹੀਂ ਸਮਝਦੀ ਨਹੀਂ ਕਿਆਸਦੀ, ਹੈ ਸਾਗਰ ਉਸਦਾ ਜੀਵਨ ਦਾਤਾ॥
ਉਸਤੋਂ ਬਿਨਾਂ ਨਹੀਂ ਜੀਵਨ ਪਲ ਵੀ, ਹੈ ਉਹੀ ਤਾਂ ਪ੍ਰਾਣਾਂ ਦਾ ਰਾਖਾ॥

ਹੈਕੜ ਤੇ ਮਗਰੂਰੀ ਅੰਦਰ, ਹਉਮੈ ਮਾਰੀ ਰਹੇ ਹੰਕਾਰੀ॥
ਕਾਲ ਗੁਲੇਲਾ ਨਹੀਂ ਭਾਂਪਦੀ, ਬਣ ਜਾਂਦੀ ਹੈ ਕਾਲ ਅਹਾਰੀ॥

ਜਦ ਫੱਸ ਜਾਂਦੀ ਕੁੰਡੀ ਅੰਦਰ, ਫੜ ਲੈਂਦਾ ਹੈ ਜਦੋਂ ਸ਼ਿਕਾਰੀ॥
ਫਿਰ ਰੋਂਦੀ ਤੜਫੇ ਤੇ ਕੁਰਲਾਂਦੀ, ਹਾਹਾਕਾਰ ਮਚਾਂਦੀ ਭਾਰੀ॥

ਫੱਟ ਜਾਂਦਾ ਅਗਿਆਨ ਦਾ ਪੜਦਾ, ਸੱਚ ਦਾ ਫਿਰ ਅਹਿਸਾਸ ਹੈ ਹੋਂਦਾ॥
ਆਪਣੇ ਮੂਲ ਵਿਰਸੇ ਤੋਂ ਵਿੱਛੜਕੇ, ਕਿੰਜ ਜੀਵਨ ਦਾ ਵਿਨਾਸ ਹੈ ਹੋਂਦਾ॥

ਹੈ ਬੰਦਾ ਵੀ ਮੱਛੀ ਵਾਂਗ ਹੀ, ਗਿਆ ਮਸਤ ਮੌਲਿਆ ਮਾਇਆ ਅੰਦਰ॥
ਬੱਦ ਮਸਤੀਆਂ ਕਰੀ ਜਾ ਰਿਹਾ, ਬਣਦਾ ਜਾਂਦਾ ਨਿਰਾ ਮਛੰਦਰ॥

ਆਪਣਾ ਵਿਰਸਾ ਭੁੱਲੀ ਜਾ ਰਿਹਾ, ਮਾਇਆ ਲੀਣ ਦੀਵਾਨਾ ਹੋ ਗਿਆ॥
ਭੁੱਲ ਗਿਆ ਹੈ ਜੋ ਕਰਨਾ ਸੀ, ਮਦ ਮਾਇਆ ਦਾ ਪਰਵਾਨਾ ਹੋ ਗਿਆ॥

ਤ੍ਰਿਸਨਾ ਲਾਲਸਾ ਏਨੀ ਲਾ ਲਈ, ਭੁੱਲ ਗਿਆ ਹੈ ਆਪਣੇ ਮੂਲ ਨੂੰ॥
ਮੋਹ ਮਾਇਆ ਵਿਚ ਲਿਪਤ ਹੋ ਗਿਆ, ਵਿਸਰੀ ਜਾਂਦਾ ਮੁੱਢ ਮੂਲ ਨੂੰ॥

ਆਦਮੀਅਤ ਹੀ ਛੱਡ ਹੈ ਦਿੱਤੀ, ਪਿਆ ਕਰਦਾ ਕੰਮ ਸ਼ੈਤਾਨਾਂ ਵਾਲੇ॥
ਪਿਆ ਮਾਨਵ ਜਨਮ ਅਜਾਈ ਕਰਦਾ, ਚਾਲੇ ਨਹੀਂ ਇਨਸਾਨਾਂ ਵਾਲੇ॥

ਜੀਵਨ ਦੀ ਅਹਿਮੀਅਤ ਨਹੀਂ ਸਮਝਤਾ, ਨਹੀਂ ਵਰਤਮਾਨ ਨੂੰ ਪਿਆ ਸੰਭਾਲਦਾ॥
ਜੀਵਨ ਸ਼ੈਲੀ ਨਹੀਂ ਬਦਲਦਾ, ਪਿਆ ਨਹੀਂ ਰੂਹਾਨੀ ਰਾਹੀ ਭਾਲਦਾ॥

ਹੈ ਝੂਠੀ ਹਵਸ ਵਧਾਈ ਜਾ ਰਿਹਾ, ਮੱਛੀ ਵਾਂਗ ਬਣਾਕੇ ਜੀਵਨ॥
ਕਾਲ ਗੁਲੇਲਾ ਬਣੀ ਜਾ ਰਿਹਾ, ਲਾਕੇ ਐਬ ਗਵਾਕੇ ਜੀਵਨ॥

ਪਾਪ ਤੇ ਪਾਪ ਕਮਾਈ ਜਾਂਦਾ, ਪਿਆ ਕੱਠੀ ਕਰਦਾ ਜਾਂਦਾ ਮਾਇਆ॥
ਧੋਖੇ ਠੱਗੀਆਂ ਕਰੀ ਜਾ ਰਿਹਾ, ਮਨ ਹੈ ਮਾਇਆ ਵਿਚ ਫਸਾਇਆ॥

ਪਈ ਪਲ ਪਲ ਜਿੰਦੜੀ ਕਿਰਦੀ ਜਾਂਦੀ, ਅੱਗਾ ਨੇੜੇ ਆਈ ਜਾ ਰਿਹਾ॥
ਨਹੀਂ ਅਜੇ ਵੀ 'ਅਰਸ਼ੀ' ਪਿਆ ਸੁਧਰਦਾ, ਪਾਪਾਂ ਦੀ ਪੰਡ ਚਾਈ ਜਾ ਰਿਹਾ॥

**''ਜੈਸੇ ਮੀਨ ਪਾਨੀ ਮਹਿ ਰਹੈ॥ ਕਾਲ ਜਾਲ ਕੀ ਸੁਧਿ ਨਹ ਲਹੈ॥**
**ਜਿਹਬਾ ਸੁਆਦੀ ਲੀਲਿਤ ਲੋਹ॥ ਐਸੇ ਕਨਿਕ ਕਾਮਨੀ ਬਾਧਿਓ ਮੋਹ॥''**
**ਪਾਪਾ ਬਾਝੋ ਹੋਵੇ ਨਾਹੀ, ਮੋਇਆ ਸਾਥ ਨ ਜਾਈ॥**
**ਜਿਸਨੋ ਆਪ ਖੁਆਇ ਕਰਤਾ, ਖੁਸ਼ ਲਏ ਚੰਗਿਆਈ॥**
**(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ)**

* * *

## ਸੱਚ ਦੀ ਹਸਤੀ (ਗਜ਼ਲ)

ਹੈ ਜਦ ਤੋਂ ਅਨੁਭਵ ਹੋਇਆ ਸੱਚ ਦਾ, ਸਭ ਭਰਮ ਭੁਲੇਖਾ ਦੂਰ ਹੋ ਗਿਆ॥
ਮਨ ਤੇ ਆਤਮ ਗਦਗਦ ਹੋ ਗਿਆ, ਹੈ ਲੱਗਦਾ ਜਿਵੇਂ ਸਰੂਰ ਹੋ ਗਿਆ॥

ਵੇਖ ਲਈ ਜਦ ਸੱਚ ਦੀ ਝਲਕੀ, ਕਾਇਆਂ ਹੀ ਲੱਗਦੀ ਜਿਵੇਂ ਪਲਟ ਗਈ,
ਹੋ ਗਿਆ ਚਾਨਣ ਚਾਰ ਚੁਫੇਰੇ, 'ਅਰਸ਼ੀ' ਨੂਰੋ ਨੂਰ ਹੋ ਗਿਆ॥

ਛੁੱਟਿਆ ਖਹਿੜਾ ਪਰਵਿਰਤੀ ਤੋਂ, ਨਿਰਵਿਰਤੀ ਨੇ ਗਲੇ ਲਾ ਲਿਆ,
ਹੋ ਗਿਆ ਜੀਵਨ ਨਵਾਂ ਨਰੋਆ, ਲੱਗਦਾ ਕੋਹਿਨੂਰ ਹੋ ਗਿਆ॥

ਹੈ ਜਿੰਦਗਾਨੀ ਗੋਰਖ ਧੰਦਾ, ਇਸਨੂੰ ਸਮਝਨਾਂ ਕੋਈ ਸੌਖਾ ਨਹੀਂ,
ਹੈ ਜੀਵਨ ਜੁਗਤੀ ਇਸਦੀ ਚਾਬੀ, ਜੇ ਮਿਲ ਜਾਇ ਮਨਸੂਰ ਹੋ ਗਿਆ॥

ਜੀਵਨ ਕੋਈ ਬਚਿਆਂ ਦਾ ਖੇਲ ਨਹੀਂ, ਇਹ ਤਾਂ ਹੈ ਸ਼ਤਰੰਜ ਦੀ ਬਾਜੀ,
ਜੀਵਨ ਬਾਜੀ ਜਿੱਤਣ ਦੇ ਲਈ, ਹੈ ਖੁਦੀ ਤਕੱਬਰ ਚੂਰ ਹੋ ਗਿਆ॥

ਰਾਹ ਰੂਹਾਨੀ ਸੱਚ ਦਾ ਪੈਂਡਾ, ਹੈ ਡਾਢਾ ਔਖਾ ਤੁਰਨਾਂ ਪੈਂਦਾ,
ਤੁਰ ਪੈਂਦੇ ਜੋ ਧਾਰ ਇਰਾਦੇ, ਨਿਸਚਾ ਕੋਹਿਤੂਰ ਹੋ ਗਿਆ॥

ਹੈ ਸੱਚ ਹੀ ਅਸਲ 'ਚ ਰੱਬ ਦੀ ਹਸਤੀ, ਘਟਘਟ ਬਲਦੀ ਜੋਤ ਸੱਚ ਦੀ,
ਇਹ ਸੱਚ ਹੀ ਤਾਂ ਕਰਤਾ ਕਰਤਾਰ ਹੈ, ਸੱਚ ਹੀ ਜ਼ਾਹਰਾ ਜ਼ਹੂਰ ਹੋ ਗਿਆ॥

ਹੈ ਆਦਿ ਵੀ ਸੱਚ ਜੁਗਾਦਿ ਵੀ ਸੱਚ ਹੈ, ਹੈ ਭੀ ਸੱਚ ਹੋਣਾਂ ਵੀ ਸੱਚ ਹੈ,
ਹੈ ਸੱਚ ਹੀ ਸਾਰੇ ਰਮਿਆਂ ਹੋਇਆ, ਹੈ ਸੱਚ ਹੀ ਸੱਚ ਭਰਪੂਰ ਹੋ ਗਿਆ॥

ਹਨ ਜੁੜ ਜਾਂਦੇ ਸੱਚ ਨਾਲ ਜੋ 'ਅਰਸ਼ੀ' ਸੱਚ ਹੀ ਹੋ ਜਾਂਦੇ ਨੇ,
ਤੁੱਪਕਾ ਮਿਲਕੇ ਸਾਗਰ ਅੰਦਰ, ਮਸਤੇ ਤੇ ਮਖਮੂਰ ਹੋ ਗਿਆ॥

* * *

# ਇਹ ਜੱਗ ਕਾਲਖ ਦੀ ਹੈ ਕੋਠੜੀ

ਇਹ ਜਗਤ ਹੈ ਲੱਗਦਾ ਬਣ ਗਿਆ, ਕਾਲਖ ਭਰੀ ਇਕ ਕੋਠੜੀ ਹੀ,
ਕਿੰਜ ਤੇ ਕਿਦਾਂ ਇਸ ਕਾਲਖ ਤੋਂ, ਆਪਣਾ ਦਾਮਨ ਕਿਵੇਂ ਬਚਾਵਾਂ॥
ਰਹੇ ਜਾਏ ਦਾਮਨ ਸਾਫ ਤੇ ਉੱਜਲਾ, ਕੋਈ ਵੀ ਕਾਲਾ ਦਾਗ਼ ਨਾਂ ਲੱਗੇ,
ਇਸ ਜੀਵਨ ਰੂਪੀ ਇਸ ਕਾਇਆ ਨੂੰ, ਬੇਦਾਗੀ ਹੁਣ ਕਿਵੇਂ ਬਨਾਵਾਂ॥

ਚਾਰੇ ਪਾਸੇ ਹੀ ਲੱਗਦੀ ਹੈ, ਮੱਦ ਮਾਇਆ ਹੀ ਫੈਲੀ ਪਸਰੀ,
ਕਦਮ ਕਦਮ ਤੇ ਹਰ ਪਾਸੇ ਹੀ, ਹੈ ਐਸਾ ਜਾਲ ਵਿਛਾਇਆ॥
ਥਾਂ ਥਾਂ ਤੇ ਦਲਦਲ 'ਤੇ ਚਿੱਕੜ, ਜਿੱਲਣ ਜਿੱਲਣ ਹਰ ਪਾਸੇ ਹੀ,
ਫੱਸਦਾ ਜਾਂਦਾ ਧੱਸਦਾ ਜਾਂਦਾ, ਹਰ ਇਕ ਕਦਮ ਹੀ ਅਗੇ ਵਧਾਈਆਂ॥

ਹੁਣ ਮਾਦਕਤਾ ਅਸ਼ਲੀਲਤਾ ਦਾ, ਬੋਲਬਾਲਾ ਹੀ ਹੋ ਗਿਆ ਜਾਪੇ,
ਚੱਸਕਾ ਇੰਦਰੀ ਜੀਭ ਦਾ ਵੀ, ਲੱਗਦਾ ਹੈ ਪੂਰਾ ਛਾ ਗਿਆ॥
ਖ਼ੁਦਗਰਜ਼ੀਆਂ ਮਨਮਰਜ਼ੀਆਂ ਦਾ, ਵੀ ਉਛਾਲਾ ਆ ਗਿਆ ਹੈ,
ਬੰਦਾ ਅਸੂਲੋਂ ਗਿਰ ਗਿਆ, ਤੇ ਗਿਰਦਾ ਹੀ ਹੈ ਜਾ ਰਿਆ॥

ਬੱਚ ਸਕਣਾਂ ਇਨ੍ਹਾਂ ਅਲਾਮਤਾਂ ਤੋਂ, ਹੈ ਲੱਗਦਾ ਔਖਾ ਹੋ ਗਿਆ॥
ਬੇਦਾਗੀ ਦਾਮਨ ਨੂੰ ਰੱਖਣਾਂ, ਡਾਢਾ ਹੀ ਔਖਾ ਹੈ ਹੋ ਗਿਆ॥
ਫਿਰ ਇਹ ਦਾਮਨ ਕਿਵੇਂ ਬਚਾਵਾਂ, ਇਸ ਜਿੰਦੜੀ ਨੂੰ ਕਿਵੇਂ ਬਨਾਵਾਂ॥
ਕਿਦਾਂ ਢਾਲਾਂ ਜੀਵਨ ਸ਼ੈਲੀ ? ਤਾਂ ਜੋ ਸੁਰਖ਼ਰੂ ਹੋ ਕੇ ਜਾਵਾਂ॥

ਸਤਿਗੁਰ ਜੀ ਤੋਂ ਪੁੱਛਣਾਂ ਕੀਤੀ, ਗੁਰ ਦੱਸੋ ਜੀ ਕਿਵੇਂ ਕਰਾਂ ਹੁਣ॥
ਧੁਰ ਹਿਰਦੇ 'ਚੋਂ ਅਰਜੋਈ ਕੀਤੀ, ਭਵਸਾਗਰ ਨੂੰ ਕਿਵੇਂ ਤਰ੍ਹਾਂ ਹੁਣ॥
ਉਸ ਘਟ ਘਟ ਦੀ ਜਾਨਣਹਾਰੇ, ਝੱਟ ਹੀ ਅਗੋਂ ਇੰਜ ਫੁਰਮਾਇਆ॥
ਗੁੱਝੀਆਂ ਰਮਝਾਂ ਬੁੱਝਣ ਵਾਲੇ, ਮਨ ਅੰਦਰ ਇਕ ਫੁਰਨਾਂ ਪਾਇਆ॥

ਔਖੀ ਘੜੀ ਜਦੋਂ ਬਣ ਆਵੇ, ਇੱਕ ਮਨ ਹੋਕੇ ਸੋਚ ਵਿਚਾਰੀਏ,
ਹੈ ਲੱਭ ਜਾਂਦਾ ਰਸਤਾ ਆਪੇ, ਉਸ ਮੰਤਵ ਨੂੰ ਪਾਵਨ ਖਾਤਰ॥
ਹੋ ਜਾਈਏ ਪਹਿਲੋਂ ਹੀ ਜੇਕਰ, ਚੇਤਨ ਅਤੇ ਚੌਕੰਨੇ ਪੂਰੇ,
ਫਿਰ ਨਹੀਂ ਆਉਂਦੀ ਦਿੱਕਤ ਕੋਈ, ਉਸ ਟੀਚੇ ਤੱਕ ਜਾਵਨ ਖਾਤਰ॥

ਹਨ ਦੁਨਿਆਵੀ ਪਰੇਸ਼ਾਨੀਆਂ, ਆਪਣੀਆਂ ਕਰਤੂਤਾਂ ਕਰਕੇ,
ਸੋਚ ਵਿਚਾਰ ਹੀ ਕਰ ਲਈ ਕਾਲੀ, ਕਰਮ ਤੇ ਕਾਰੇ ਸਾਰੇ ਕਾਲੇ॥
ਪਾਪ ਹੀ ਪਾਪ ਕਮਾਈ ਜਾਣੇ, ਮਾਯਾਵੀ ਭੰਡਾਰ ਭਰਨ ਲਈ,
ਹਨ ਪਾਪਾਂ ਦੇ ਫਲ ਹੋਂਦੇ ਦੁਖੜੇ, ਜੋ ਖੁਦ ਹੀ ਹਨ ਆਪਨੇ ਹੀ ਪਾਲੇ॥

ਤਾਹੀਓਂ ਤਾਂ ਹੁਣ ਦੁੱਖੀ ਨੇ ਸਾਰੇ, ਤਾਹੀਓ ਬਣ ਗਏ ਹਨ ਦੁਖਿਆਰੇ,
ਇਹ ਦੁਨੀਆਂ ਹੀ ਜਾਪੇ ਬਣ ਗਈ, ਹੈ ਦੁੱਖਾਂ ਦੀ ਇੱਕ ਵੱਡੀ ਮੰਡੀ॥
ਤ੍ਰਿਸ਼ਨਾ ਭੱਟਕਣ ਵੱਧਦੀ ਜਾਂਦੀ, ਭੁੱਖ ਤੇ ਤੜੱਪਣ ਵੱਧਦੀ ਜਾਂਦੀ,
ਹਰ ਬੰਦਾ ਹੀ ਦੁੱਖੀ ਹੈ ਲੱਗਦਾ, ਹੈ ਹਰ ਪਾਸੇ ਦੁੱਖਾਂ ਦੀ ਝੰਡੀ॥

ਵਿਗੜ ਗਿਆ ਹੈ ਖਾਣ ਪੀਣ ਹੀ, ਜੀਵਨ ਸ਼ੈਲੀ ਵਿਗੜ ਗਈ ਹੈ,
ਛੱਡ ਹੈ ਦਿੱਤੀ ਆਦਮੀਅਤ ਹੀ, ਮਾਯਾਵੀ ਦੀਵਾਨਾਂ ਬਣਕੇ॥
ਮਾਦਕ ਰੁਚੀਆਂ ਕਾਮਕ ਵਾਦੀਆਂ, ਘੇਰ ਲਿਆ ਹੈ ਹੁਣੇ ਬੰਦੇ ਨੂੰ,
ਭੁੱਲ ਗਿਆ ਹੈ ਮਾਨਵ ਵਿਰਸਾ, ਇੱਕ ਫਰਜੀ ਅਫਸਾਨਾਂ ਬਣਕੇ॥

ਪਰ ਮੈਂ ਤਾਂ ਇਸ ਰਸਤੇ ਨਹੀਂ ਪੈਣਾਂ, ਜਿੱਧਰ ਜਾਂਦੀਆਂ ਪਈਆਂ ਵਹੀਰਾਂ,
ਨਹੀਂ ਜੀਵਨ ਨੂੰ ਇੰਜ ਬਨਾਣਾਂ, ਜੂਨਾਂ ਦੇ ਵਿੱਚ ਭੱਟਕਣ ਦੇ ਲਈ॥
ਮੈਂ ਤਾਂ ਰਾਹ ਰੂਹਾਨੀ ਫੜਕੇ, ਹੈ ਨਿਰਵਿਰਤੀ ਵੱਲੇ ਜਾਣਾਂ,
'ਅਰਸ਼ੀ' ਬਣਕੇ ਸਾਦਕ ਸਾਧੂ, ਅਲਮਸਤੀ ਅੰਦਰ ਮੱਟਕਣ ਦੇ ਲਈ॥

* * *

## ਰੱਬੀ ਰਹਿਮਤ (ਗਜ਼ਲ)

ਹੈ ਜਿਨ੍ਹਾਂ ਤੇ ਰਹਿਮਤ ਹੋਂਦੀ ਰੱਬਦੀ, ਉਨ੍ਹਾਂ ਨੂੰ ਆਪਣੇ ਲੜ ਹੈ ਲਾਂਦਾ॥
ਹਨ ਓਹੀ ਆਪਣਾਂ ਮੂਲ ਪਛਾਣਦੇ, ਹੈ ਨਜ਼ਰ ਸੱਵਲੀ ਜਿਨ੍ਹਾਂ ਤੇ ਪਾਂਦਾ॥

ਹੈ ਰਾਹ ਰੂਹਾਨੀ ਤੇ ਤੁਰਨਾ ਔਖਾ, ਆਪਣੇ ਆਪ ਨਹੀਂ ਤੁਰਿਆ ਜਾਂਦਾ,
ਹੈ ਹੋ ਜਾਂਦੀ ਜਦ ਰਹਿਮਤ ਰੱਬ ਦੀ, ਫਿਰ ਆਪੇ ਹੀ ਮਨ ਝੁੱਕਦਾ ਜਾਂਦਾ॥

**'ਆਪ ਸਵਾਰਹਿ ਮੈਂ ਮਿਲਹਿ, ਮੈਂ ਮਿਲਿਆ ਸੁਖ ਹੋਇ,'**
ਸੁਧਰ ਜਾਵੇ ਜੇਕਰ ਇਹ ਆਪਾ, ਫਿਰ ਜੀਵਨ ਹੀ ਸੁਧਰ ਹੈ ਜਾਂਦਾ॥

ਹੈ ਨਿਸ਼ਾਨੀ ਸੁਧਰ ਜਾਣ ਦੀ, ਸੋਚ ਤੇ ਸ਼ੈਲੀ ਬਦਲ ਜਾਂਦੀ ਹੈ,
ਭੁੱਲ ਹੈ ਜਾਂਦਾ ਬਾਹਰ ਝਾਕਣਾਂ, ਬੰਦਾ ਅੰਤਰਮੁਖੀ ਹੋ ਜਾਂਦਾ॥

ਆਪਣੇ ਅੰਦਰ ਮਾਰ ਝਾਤੀਆਂ, ਆਪਣੇ ਅਉਗੁਣ ਚੁਣਦਾ ਰਹਿੰਦਾ,
ਕਰ ਕਰ ਆਪਣੀ ਪਰਖ ਪੜਚੋਲਣਾਂ, ਹੈ ਜੀਵਨ ਤਾਂਈ ਨਿਖਾਰੀ ਜਾਂਦਾ॥

ਆਪਣੇ ਆਪਨੂੰ ਧੋਂਦਾ ਰਹਿੰਦਾ, ਫਿਰ ਹੋਰਾਂ ਵੱਲੀ ਨਹੀਂ ਵੇਖਦਾ,
ਮਨ ਬਚਨ ਤੇ ਕਰਮਾਂ ਰਾਹੀਂ, ਕਰਤਾ ਪੁਰਖ ਚਿਤਾਰੀ ਜਾਂਦਾ॥

ਕਦੇ ਨਹੀਂ ਭੁੱਲਦਾ ਨਹੀਂ ਭੁੱਲਾਂਦਾ, ਆਪਣੇ ਸੋਮੇ ਪਰਮਾਤਮ ਨੂੰ,
ਨਹੀਂ ਸੋਚਦਾ ਮੰਦਾ ਮਾੜਾ, ਨਾਹੀ ਮਾੜੇ ਕਰਮ ਕਮਾਂਦਾ॥

ਏਹੀ ਅਧਿਆਤਮ ਹੈ ਹੋਂਦਾ, ਏਸੇ ਨੂੰ ਹੀ ਭਗਤੀ ਆਖਦੇ,
ਹੈ ਏਹੀ ਤਾਂ ਰਾਹ ਰੂਹਾਨੀ, ਜੋ ਜੀਵਨ ਨੂੰ ਸਫਲ ਬਣਾਂਦਾ॥

ਬਣੀ ਰਹੇ ਜੇ ਯਾਦ ਸਦੀਵੀ, ਹਰ ਕਾਰ ਵਿਹਾਰ ਕਰਨ ਸਮੇਂ ਹੀ,
'ਅਰਸ਼ੀ' ਏਹੀ ਬਣੇ ਬੰਦਗੀ, ਗੇੜਾ ਜਨਮ ਮਰਨ ਮੁੱਕ ਜਾਂਦਾ॥

* * *

# ਪਰਿਵਰਤਣ

ਹੁਣ ਕੇਵਲ ਖਾਣ ਦੀ ਨਹੀਂ ਲਾਲਸਾ, ਨਹੀਂ ਇੱਛਾ ਰਹਿ ਗਈਕੇਵਲ ਪੀਣ ਦੀ॥
ਐਸਾ ਮਨ ਅਨੰਦਤ ਹੋ ਗਿਆ, ਨਹੀਂ ਇੱਛਾ ਰਹਿ ਗਈ ਹੁਣ ਭਰਮੀਣ ਦੀ॥
ਵੇਖ ਲਈ ਪਰਵਿਰਤੀ ਵਿਚਰਕੇ, ਕੋਈ ਦੁਨਿਆਵੀ ਤ੍ਰਿਸ਼ਨਾ ਰਹੀ ਨਹੀਂ;
ਮਨ ਮੌਲਿਆ ਸ਼ਾਂਤ ਹੋ ਗਿਆ, ਤਾਂਘ ਜਾਗ ਪਈ ਲਿਵਲੀਣ ਦੀ॥

ਕੋਈ ਲਗਣ ਅਗੰਮੀ ਲੱਗ ਗਈ ਅੰਦਰ, ਲੱਗਦੀ ਹੈ ਸੁਰਤੀ ਜਾਗ ਪਈ॥
ਕੋਈ ਜੋਤ ਹੈ ਲੱਗਦੀ ਜੱਗ ਪਈ ਅੰਦਰ, ਸੁੱਤੀ ਮਨ ਬਿਰਤੀ ਹੈ ਜਾਗ ਪਈ॥
ਭੁੱਲਦੀ ਜਾਂਦੀ ਹੈ ਪਰਵਿਰਤੀ, ਨਿਰਵਿਰਤੀ ਨੇ ਗਲੇ ਲਗਾ ਲਿਆ;
ਕੋਈ ਰੋਗ ਸੋਗ ਵੀ ਨਹੀਂ ਰਿਹਾ ਹੁਣ, ਨਹੀਂ ਸੁਸਤੀ, ਫੁਰਤੀ ਹੈ ਜਾਗ ਪਈ॥

ਹੈ ਜੀਅੜਾ ਅਲਮਸੱਤ ਹੋ ਗਿਆ, ਹੈ ਮਨ ਦੀ ਭਟੱਕਣਾਂ ਮੁੱਕ ਗਈ॥
ਸੰਤੁਸ਼ਟਿਆ, ਤ੍ਰਿਪਤਾਨਿਆਂ, ਹੁਣ ਮੋਹ ਮਮਤਾ ਹੀ ਸੁੱਕ ਗਈ॥
ਆਤਮ ਪਰਮਾਤਮ ਨੂੰ ਜਾਨਿਆਂ, ਮਨ ਅੰਤਰਮੁਖੀ ਹੈ ਹੋ ਗਿਆ,
ਮਨ ਜੁੜ ਗਿਆ ਲਿਵ ਲੱਗ ਗਈ, ਮਨ ਸੁਰਤੀ ਓਧਰੇ ਝੁੱਕ ਗਈ॥

**'ਜਾਂ ਤੂੰ ਤੁਸਹਿ ਮਿਹਰਵਾਨ, ਅਚਿੰਤ ਵਸਹਿ ਮਨ ਮਾਹਿ॥**
**ਜਾ ਤੂੰ ਤੁਸਹਿ ਮਿਹਰਵਾਨ, ਨਉ ਨਿਧਿ ਘਰ ਮਹਿ ਪਾਹਿ॥**
**ਜਾ ਤੂੰ ਤੁਸਹਿ ਮਿਹਰਵਾਨ, ਤਾਂ ਗੁਰ ਕਾ ਮੰਤ ਕਮਾਹਿ॥**
**ਜਾ ਤੂੰ ਤੁਸਹਿ ਮਿਹਰਵਾਨ, ਤਾਂ ਨਾਨਕ ਸਚਿ ਸਮਾਹਿ॥'**
**(ਅੰਗ 518 ਗੁ: ਗ੍ਰੰ: ਸਾ:)**

ਮਨ ਹਲਕਾ ਫੁਲਕਾ ਹੋ ਗਿਆ, ਹੈ ਫੁੱਲਾਂ ਜੇਹਾ ਬਣ ਗਿਆ॥
ਹੈ ਖਿੜ ਗਿਆ ਤੇ ਟਹਿਕਿਆ, ਸਰਘੀ ਸਵੇਰਾ ਬਣ ਗਿਆ॥
ਫਲ ਪਿਛਲੇ ਕਰਮਾਂ ਦਾ ਮਿਲ ਗਿਆ, ਹੁਣ ਜਨਮ ਸੁਹੇਲਾ ਹੋ ਗਿਆ॥
ਅਰਸ਼ਾ ਤੋਂ ਅੰਮ੍ਰਿਤ ਬਰਸਿਆ, ਸ਼ੁੱਭ ਅੰਮ੍ਰਿਤ ਵੇਲਾ ਹੋ ਗਿਆ॥

ਰਸਤਾ ਰੂਹਾਨੀ ਮਿਲ ਗਿਆ, ਨੂਰੇ ਨੂਰਾਨੀ ਪਾ ਲਿਆ॥
ਕਾਇਆ ਹੀ ਜਾਪੇ ਪਲਟ ਗਈ, ਸਤਿਗੁਰ ਨੇ ਚਰਨੀ ਲਾ ਲਿਆ॥
ਹਨ ਮਿੱਟ ਗਈਆਂ ਸਭ ਦੂਰੀਆਂ, ਮੁੱਕ ਗਈਆਂ ਸਭ ਮਜਬੂਰੀਆਂ;
ਤਨ ਮਨ ਦੀ ਮਿਲੀ ਅਰੋਗਤਾ, ਹੈ ਅੰਦਰ ਬਾਹਰ ਰੁਸ਼ਨਾ ਗਿਆ॥

''ਸਭ ਕੋ ਮੀਤ ਹਮ ਆਪਨ ਕੀਨਾ, ਹਮ ਸਭਨਾ ਕੇ ਸਾਜਨ॥
ਦੂਰਿ ਪਰਾਇਓ ਮਨਕਾ ਬਿਰਹਾ, ਤਾਂ ਮੇਲ ਕੀਓ ਮੇਰੇ ਰਾਜਨ॥
ਬਿਨਸਿਓ ਢੀਠਾ ਅੰਮ੍ਰਿਤ ਵੂਠਾ, ਸਬਦੁ ਲਗੋ ਗੁਰ ਮੀਠਾ॥
ਜਲਿਥਲਿ ਮਹੀਅਲਿ ਸਰਬ ਨਿਵਾਸੀ, ਨਾਨਕ ਰਮਈਆ ਡੀਠਾ॥''
(ਅੰਗ 671 ਗੁ: ਗ੍ਰੰ: ਸ: )

'ਓਸ ਨੋ ਕਿਹੁ ਪੋਹ ਨ ਸਕੀ, ਜਿਸਨੂੰ ਆਪਣੀ ਲਿਵ ਲਾਵੇ॥'
ਉਸਨੂੰ ਕੋਈ ਛੋਹ ਨਹੀਂ ਸਕਦਾ, ਜਿਸ ਤੇ ਮਿਹਰ ਉਹਦੀ ਹੋ ਜਾਵੇ॥
'ਆਪਣੀ ਲਿਵ ਆਪੇ ਲਾਏ, ਲਿਵ ਲਾਇਆ ਨਹੀਂ ਲੱਗਦੀ;
ਹੈ ਉਹਨਾਂ ਦੀ ਹੀ ਕੇਵਲ ਲੱਗਦੀ, ਜੋ ਪਹਿਲੋਂ ਆਪਣੀ ਖੁਦੀ ਮਿਟਾਵੇ॥

ਆਤਮ ਚੀਨ ਪਰਮਾਤਮ ਪਾਇਆ, ਹੈ ਵੱਡੀ ਰਹਿਮਤ ਹੋਈ॥
ਹਰ ਪਾਸੇ ਹੀ ਖੇੜਾ ਖੇੜਾ, ਕਾਲਖ ਰਹੀ ਨਹੀਂ ਕੋਈ॥
'ਅਰਸ਼ੀ' ਹੋ ਗਈ ਸਫਲ ਯਾਤਰਾ, ਜਨਮ ਸੁਹੇਲਾ ਹੋ ਗਿਆ,
ਹਰ ਪਾਸੇ ਹੀ ਨੂਰ ਹੈ ਓਹਦਾ, ਹਰ ਪਾਸੇ ਦਿੱਸਦਾ ਓਹੀ॥

ਹੁਣ ਦੁੱਖੁ ਨਾਹੀ ਸਭੁ ਸੁਖੁ ਹੀ ਹੈ ਰੇ, ਏਕੈ ਏਕੀ ਨੇਤੈ॥
ਬੁਰਾਂ ਨਹੀਂ ਸਭੁ ਭਲਾ ਹੀ ਹੈ ਰੇ, ਹਾਰ ਨਹੀਂ ਸਭ ਜੇਤੈ॥
ਸੋਗੁ ਨਾਹੀ ਸਦਾ ਹਰਖ ਹੀ ਹੈ ਰੇ, ਛੋਡਿ ਨਾਹੀ ਕਿਛੁ ਲੇਤੈ॥
ਕਹੁ ਨਾਨਕ ਜਨੁ ਹਰਿ ਹਰਿ ਹਰਿ ਹੈ, ਕਤ ਆਵੈ ਕਤ ਰਮਤੈ॥
(ਕਾਨੜਾ ਮ:੫ ਅੰਗ 1302 ਗੁ: ਗ੍ਰੰ: ਸਾ:)

* * *

## ਮਾਲਕ ਦਾ ਸ਼ੁਕਰ ਗੁਜ਼ਾਰ ਰਹੇ ਹਾਂ (ਗਜ਼ਲ)

ਦਿਵਸ ਸੁਹਾਣਾਂ ਰਾਤ ਸੁਹਾਣੀ, ਜੀਵਨ ਸਫਲ ਗੁਜ਼ਾਰ ਰਹੇ ਹਾਂ॥
ਮਾਣ ਰਹੇ ਹਾਂ ਜਿੰਦਗਾਨੀ ਨੂੰ, ਮਾਲਕ ਦਾ ਸ਼ੁਕਰ ਗੁਜ਼ਾਰ ਰਹੇ ਹਾਂ॥

ਜਦ ਤੋਂ ਰਾਹ ਰੂਹਾਨੀ ਫੜ ਲਿਆ, ਲੱਗਦਾ ਜੀਵਨ ਪਲਟ ਗਿਆ ਹੈ;
ਸੋਚ ਤੇ ਸੋਝੀ ਬਦਲ ਗਈ ਹੈ, ਲੱਗਦਾ ਜਿਵੇਂ ਹੁਲਾਰ ਰਹੇ ਹਾਂ॥

ਬਦਲ ਗਈ ਹੈ ਦਿੱਖ ਦੇਖਣੀ, ਹੁਣ ਖੇੜਾ ਖੇੜਾ ਹਰ ਪਾਸੇ ਹੀ,
ਨਹੀਂ ਮਾਯੂਸੀ ਕਿਧਰੇ ਦਿੱਸਦੀ, ਹੋ ਕੇ ਮਸਤ ਮਲਾਰ ਰਹੇ ਹਾਂ॥

**'ਆਪ ਸਵਾਰਹਿ ਮੈਂ ਮਿਲਹਿ, ਮੈਂ ਮਿਲਿਆ ਸੁਖ ਹੋਇ'**,
ਆਪਣਾ ਮੂਲ ਪਛਾਣਕੇ 'ਅਰਸ਼ੀ' ਮਨ ਆਤਮ ਤਾਂਈ ਉਭਾਰ ਰਹੇ ਹਾਂ॥

ਤਨ ਮਨ ਦੀ ਮਿਲ ਗਈ ਤੰਦਰੁਸਤੀ, ਸਭ ਹੋ ਗਏ ਹਾਲਾਤ ਸੁਖਾਵੇਂ,
ਬਖਸ਼ਣਹਾਰੇ ਬਖਸ ਲਿਆ ਹੈ, ਮੁੜ ਮੁੜ ਸ਼ੁਕਰ ਗੁਜ਼ਾਰ ਰਹੇ ਹਾਂ॥

ਹੁਣ ਚੜਿਆ ਰਿਹੰਦਾ ਚਾਅ ਹਮੇਸ਼ਾ, ਆਸ ਉਮੀਦਾਂ ਜਾਣ ਪਕਦੀਆਂ,
ਹੈ ਵਿਸ਼ਵਾਸ਼ ਮਿਲਾਪ ਦਾ ਪੱਕਾ, ਖੁਸ਼ੀਆਂ ਵਿਚ ਖੁਮਾਰ ਰਹੇ ਹਾਂ॥

ਲਿਵ ਤੇ ਲਗਣ ਜਦ ਲੱਗ ਜਾਏ ਪੂਰੀ, ਸਭ ਮਿਟ ਜਾਂਦੀਆਂ ਫੇਰ ਦੂਰੀਆਂ,
ਫਿਰ ਆਸਾਂ ਨੂੰ ਫਲ ਹੈ ਲੱਗਦਾ, ਮਨ ਮੰਦਰ ਤਾਂਈ ਸ਼ਿੰਗਾਰ ਰਹੇ ਹਾਂ॥

ਹੈ ਉਹ ਤਾਂ ਸੰਗ ਸਦਾ ਹੀ ਨਾਲੇ, ਨਹੀਂ ਉਹ ਵੱਖਰਾ ਆਪਣੇ ਨਾਲੋਂ,
ਨਾਲ ਹੈ ਰਹਿੰਦਾ ਅੰਦਰ ਵੱਸਦਾ, ਅੰਦਰ ਝਾਤੀਆਂ ਮਾਰ ਰਹੇ ਹਾਂ॥

**'ਜਾਂ ਤੂੰ ਮੇਰੇ ਵਲ ਹੈ, ਤਾਂ ਕਿਆ ਮੁਹਿ ਛੰਦਾ'**,
ਹੁਣ ਕੋਈ ਚਿੰਤਾ ਫਿਕਰ ਰਿਹਾ ਨਹੀਂ, 'ਅਰਸ਼ੀ' ਜਨਮ ਸਵਾਰ ਰਹੇ ਹਾਂ॥

* * *

## ਸਿਮਰਨ ਕਰਨਾਂ-ਯਾਦ ਕਰਨਾਂ

ਹੋਂਦਾ ਸਿਮਰਨ ਯਾਦ ਹੈ ਕਰਨਾਂ, ਮਨ ਬਚਨਾਂ ਤੇ ਕਰਮਾਂ ਕਰਕੇ॥
ਹਿਰਦੇ ਅੰਦਰ ਯਾਦ ਨੂੰ ਭਰਨਾਂ, ਮਨ ਬਚਨਾਂ ਤੇ ਕਰਮਾਂ ਕਰਕੇ॥

ਮਨ ਅੰਦਰ ਬਸ ਯਾਦ ਹੀ ਹੋਵੇ, ਰਸਨਾਂ ਤੇ ਫਰਿਯਾਦ ਹੀ ਹੋਵੇ॥
ਕਰਨੀ ਵਿੱਚ ਵੀ ਯਾਦ ਹੀ ਵੱਸੇ, ਬਚਨਾਂ ਵਿੱਚ ਵੀ ਯਾਦ ਹੀ ਹੋਵੇ॥

ਕਿਸੇ ਸਮੇਂ ਵੀ ਕਦੇ ਨਾਂ ਵਿਸਰੇ, ਜੱਗ ਦੇ ਕਾਰ ਵਿਹਾਰ ਕਰਦਿਆਂ॥
ਮਨ ਵਿੱਚ ਵੱਸੇ ਕਦੇ ਨਾਂ ਭੁੱਲੇ, ਗੁਫਤ-ਗੂ-ਗੁਫਤਾਰ ਕਰਦਿਆਂ॥

ਹੈ ਅਸਲੀ ਤਾਂ ਏਹੀ ਸਿਮਰਨ, ਜੋ ਬਹੁਤੇ ਹੀ ਵਿਰਲੇ ਹਨ ਕਰਦੇ॥
ਪਰ ਬਹੁਤੇ ਕਰਦੇ ਭੇਖ ਦਿਖਾਵੇ, ਜੋ ਆਖਣ ਨੂੰ ਹਨ ਸਿਮਰਨ ਕਰਦੇ॥

ਉਂਜ ਹਰ ਬੰਦਾ ਇਸ ਦੁਨੀਆਂ ਦਾ, ਹੈ ਸਿਮਰਨ ਵਿੱਚ ਹੀ ਰੁੱਝਿਆ ਹੋਇਆ॥
ਹੈ ਕੋਈ ਕਿਸੇ ਨੂੰ ਪਿਆ ਸਿਮਰਦਾ, ਕੋਈ ਕਿਸੇ ਨੂੰ ਸਿਮਰ ਹੈ ਰਿਹਾ॥

ਮਾਤਾ ਪਿਤਾ ਆਪਣੀ ਔਲਾਦ ਨੂੰ, ਰਹਿੰਦੇ ਹਨ ਹਮੇਸ਼ਾ ਸਿਮਰਦੇ॥
ਡਾਕੂ ਚੋਰ ਧਾੜਵੀ ਰਾਤ ਨੂੰ, ਹਨ ਉਹ ਵੀ ਰਹਿੰਦੇ ਹਨ ਸਿਮਰਦੇ॥

ਪ੍ਰੇਮੀ ਸਿਮਰੇ ਪਿਆ ਦਿਲਦਾਰ ਨੂੰ, ਪਿਆ ਪਿਆਰ ਭਾਲਦਾ ਆਪਣੇ ਪਿਆਰ ਨੂੰ॥
ਪਤਨੀ ਕਰਦੀ ਯਾਦ ਪਤੀ ਨੂੰ, ਪਤੀ ਸਿਮਰਦਾ ਆਪਣੀ ਨਾਰ ਨੂੰ॥

ਸਿਮਰਨ ਹੋਂਦਾ ਯਾਦ ਹੈ ਕਰਨਾਂ, ਨਾਂ ਭੁੱਲ ਜਾਣਾਂ ਨਹੀਂ ਵਿਸਾਰਨਾਂ॥
ਯਾਦਾਂ ਵਿੱਚ ਹੀ ਡੁੱਬਿਆ ਰਹਿਣਾਂ, ਮਨ ਤੋਂ ਯਾਦ ਨਾ ਕਦੇ ਉਤਾਰਨਾਂ॥

ਬਹੁਤੇ ਲੋਕੀ ਧਨ ਦੌਲਤ ਨੂੰ ਹੀ, ਹਨ ਰਹਿੰਦੇ ਸਦਾ ਹਮੇਸ਼ਾ ਸਿਮਰਦੇ॥
ਹਨ ਹੋ ਜਾਂਦੇ ਸਾਕਤ ਮਾਇਆ ਦੇ, ਹੋਂਦੇ ਨਹੀਂ ਤਕਾਜੇ ਉਮਰਦੇ॥

ਹਰ ਬੰਦਾ ਹੀ ਕਿਧਰੇ ਨਾਂ ਕਿਧਰੇ, ਯਾਦਾਂ ਹੈ ਬਣਾਈ ਰੱਖਦਾ॥
ਯਾਦਾਂ ਵਿੱਚ ਹੀ ਖੁੱਭਿਆ ਰਹਿੰਦਾ, ਮਨ ਤਾਂਈ ਫਸਾਈ ਰੱਖਦਾ॥

ਪਰ ਹਨ ਇਹ ਸਾਰੀਆਂ ਝੂਠੀਆਂ ਯਾਦਾਂ, ਇਹਨਾਂ ਵਿੱਚ ਨਹੀਂ ਸੱਚੀ ਕੋਈ ਵੀ॥
ਇਹ ਸਭ ਕੱਚੀਆਂ ਨਹੀਂ ਨਿਭਦੀਆਂ, ਇਹਨਾਂ ਵਿੱਚ ਨਹੀਂ ਪੱਕੀ ਕੋਈ ਵੀ॥

ਇਸ ਦੁਨੀਆ ਦੀ ਹਰ ਵਸਤੂ ਹੀ, ਬਣੀ ਹੋਈ ਹੈ ਬਿਨਸਣਹਾਰ ਹੀ॥
ਝੂਠਾ ਮੋਹ ਪਿਆਰ ਇਨਾਂ ਦਾ, ਝੂਠਾ ਹੋਂਦਾ ਹੈ ਇਜ਼ਹਾਰ ਵੀ॥

ਸਾਰੇ ਨਾਤੇ ਇਸ ਦੁਨੀਆਂ ਦੇ, ਹਨ ਟੁੱਟ ਜਾਂਦੇ ਸੰਸਾਰ ਵਿੱਚ ਹੀ॥
ਜਿੰਦਗਾਨੀ ਦੇ ਮੁੱਕਣ ਸਾਰ ਹੀ, ਹਨ ਮੁੱਕ ਜਾਂਦੇ ਸੰਸਾਰ ਵਿੱਚ ਹੀ॥

ਤਾਂ ਹੀ ਤਾਂ ਸਤਿਗੁਰ ਦੀ ਬਾਣੀ ਨੇ, ਹੈ ਬੰਦੇ ਨੂੰ ਖੂਬ ਤਾੜਿਆ॥
ਤਾਂ ਹੀ ਤਾਂ ਪੰਜਵੇਂ ਨਾਨਕ ਨੇ, ਹੈ ਆਖਿਆ ਅਤੇ ਖੂਭ ਝਾੜਿਆ॥

**''ਨਾਨਕ ਕਚੜਿਆਂ ਸਿਉ ਤੋੜਿ, ਢੂੰਢਿ ਸਜਣ ਸੰਤ ਪਕਿਆ॥**
**ਓਇ ਜੀਵੰਦੇ ਵਿਛੁੜਹਿ, ਓਇ ਮੁਇਆ ਨ ਜਾਹੀ ਛੋੜਿ॥''**

ਇਸ ਕੱਚੀ ਯਾਰੀ ਦਾ ਕੀ ਫਾਇਦਾ, ਹੈ ਜਿਸਨੇ ਤੜੱਕ ਕਰਕੇ ਟੁੱਟ ਜਾਣਾਂ॥
ਚਾਹੀਦੀ ਪੱਕੀ ਯਾਰੀ ਪਾਣੀ, ਜਿਸਨੇ ਪੂਰਾ ਸਾਥ ਨਿਭਾਣਾਂ॥

ਪੂਰਾ ਤਾਂ ਪਰਮੇਸ਼ਰ ਹੀ ਹੈ, ਉਸ ਦਾ ਪਿਆਰ ਕਦੇ ਨਹੀਂ ਮੁੱਕਦਾ॥
ਉਸਦਾ ਪਿਆਰ ਹੈ ਸਦਾ ਸਦੀਵੀ, ਜੋ ਜੀਵਨ ਬਾਅਦ ਵੀ ਨਹੀਂ ਟੁੱਟਦਾ॥

ਉਸੇ ਨੂੰ ਹੀ ਚਾਹੀਦਾ ਹੈ ਸਿਮਰਨਾਂ, ਉਸੇ ਦੀਆਂ ਯਾਦਾਂ ਵਿੱਚ ਜੁੜਨਾਂ॥
ਉਸੇ ਦੇ ਗੁਣ ਗਾਂਦੇ ਰਹਿਣਾਂ, ਓਸੇ ਨੂੰ ਫਰਿਯਾਦਾਂ ਕਰਨਾਂ॥

ਯਾਦਾਂ ਵਿੱਚ ਹੀ ਲੀਣ ਹੋ ਜਾਣਾਂ, ਮਨ ਬਚਨਾਂ ਤੇ ਕਰਮਾਂ ਕਰਕੇ॥
ਹੋ ਜਾਣਾਂ ਵਲੀਣ ਯਾਦਾਂ ਵਿੱਚ, ਮਨ ਬਚਨਾਂ ਤੇ ਕਰਮਾਂ ਕਰਕੇ॥

ਜਿਵੇਂ ਪਾਣੀ ਅੰਦਰ ਪਾਣੀ ਰਲਕੇ, ਹੋ ਜਾਂਦਾ ਹੈ ਇਕੋ ਜੇਹਾ॥
ਘੁਲ ਜਾਈਏ ਜੇ ਯਾਦਾਂ ਅੰਦਰ, ਬਣ ਹੀ ਜਾਈਏ ਉਹੋ ਜੇਹਾ॥

ਹੈ ਹੋਂਦਾ ਏਹੀ ਅਸਲੀ ਸਿਮਰਨ, ਸਿਮਰ ਸਿਮਰ ਕੇ ਇੱਕ ਹੋ ਜਾਣਾਂ॥
'ਅਰਸ਼ੀ' ਐਸਾ ਸਿਮਰਨ ਕਰਕੇ, ਹੈ ਹੋਂਦਾ ਓਸੇ ਵਿੱਚ ਸਮਾਣਾਂ॥

**''ਚਲਤ ਬੈਸਤ ਸੋਵਤ ਜਾਗਤ, ਗੁਰ ਮੰਤ੍ਰ ਰਿਦੈ ਚਿਤਾਰਿ॥**
**ਚਰਨ ਸਰਣ ਭਜੁ ਸੰਗਿ ਸਾਧੂ, ਭਵ ਸਾਗਰ ਉਤਰਹਿ ਪਾਰਿ।''**
**(ਪੰਨਾ 1007 ਗੁ: ਗ੍ਰੰ: ਸਾ:)**

* * *

## ਜੀਵਨ ਸਫਰ (ਗਜ਼ਲ)

ਦਿਵਸ ਸੁਹੇਲਾ ਰਾਤ ਸੁਹਾਵਣੀ, ਪਈ ਉਮਰ ਗੁਜਰਦੀ ਜਾਂਦੀ॥
ਜਿਉਂਦੇ ਜੀਅ ਹੀ ਜਨੱਤ ਮਿਲ ਗਈ, ਮਨ ਸੁਰਤ ਉਭਰਦੀ ਜਾਂਦੀ॥

ਗੁਰਾਂ ਦੀ ਰਹਿਮਤ ਬਖਸ਼ਿਸ਼ ਹੋ ਗਈ, ਮਿਲ ਗਈ ਰਾਹ ਰੂਹਾਨੀ,
ਮਿਹਰ ਗੁਰਾਂ ਨੇ ਆਪੇ ਕੀਤੀ, ਪਈ ਸੁਰਤ ਸੁਧਰਦੀ ਜਾਂਦੀ॥

ਹੁਣ ਨਹੀਂ ਫੁਰਦੇ ਮਾੜੇ ਫੁਰਨੇ, ਹੈ ਨਾਂ ਹੀ ਮਨ ਵਿੱਚ ਭੱਟਕਣਾਂ,
ਇੱਕੋ ਪਾਸੇ ਹੀ ਮਨ ਲੱਗ ਗਿਆ, ਲਗਣ ਹੈ ਵੱਧਦੀ ਜਾਂਦੀ॥

ਨਾਂਹ ਵਾਚੀ ਹੈ ਰੁਚੀ ਹੀ ਮਰ ਗਈ, ਹੈ ਹਾਂ ਵਾਚੀ ਹੀ ਹੋ ਗਈ,
ਹੁਣ, ਹਰ ਪਾਸੇ ਹੀ ਚੰਗਾ ਚੰਗਾ, ਹੈ ਹਰ ਵਸਤੂ ਪਈ ਭਾਂਦੀ॥

ਹਰ ਪਾਸੇ ਹੀ ਖੇੜੇ ਖੁਸ਼ੀਆਂ, ਹਰ ਪਾਸੇ ਹੀ ਖੁਸ਼ਹਾਲੀਆਂ,
ਮਹਿਕਾਂ ਮਹਿਕਾਰਾਂ ਹਰ ਪਾਸੇ, ਜਦ ਸੋਚ ਬਦਲ ਹੈ ਜਾਂਦੀ॥

ਚਾਰ ਚੁਫੇਰੇ ਸੁੱਖ ਸ਼ਾਂਤੀਆਂ, '**ਘਰ ਸੁੱਖ ਵਸਿੱਆ ਬਾਹਰ ਸੁੱਖ ਪਾਇਆ**',
ਸ਼ੁੱਕਰ ਸ਼ੁੱਕਰ ਕਰਦਾ ਨਹੀਂ ਰੱਝਦਾ, ਪਈ ਜਿੰਦੜੀ ਜਾਏ ਸੁਹਾਂਦੀ॥

ਦਿਨ ਹੈ ਵਾਂਗ ਬਸੰਤ ਬਣ ਗਿਆ, ਬਣ ਗਈ ਰਾਤ ਦੀਵਾਲੀ,
ਰੱਬੀ ਮਿਹਰਾਂ ਮਾਣ ਰਹੇ ਹਾਂ, ਗੁਰਜੋਤ ਹੈ ਜੱਗਦੀ ਜਾਂਦੀ॥

ਗੁਰ ਚਰਨਾਂ ਵਿੱਚ ਸਮਾਂ ਗੁਜਾਰਾਂ, ਪੜਦਾ ਰਹਿੰਦਾ ਹਾਂ ਗੁਰਬਾਣੀ,
ਲੋਕ ਪਰਲੋਕ ਹੋ ਗਏ ਸੁਹੇਲੇ, ਮੁੱਕ ਗਈ ਰਾਤ ਗਮਾਂਦੀ॥

ਤਨ ਮਨ ਦੀ ਮਿਲ ਗਈ ਤੰਦਰੁਸਤੀ, ਗੁਰ ਨਜ਼ਰ ਸਵੱਲੀ ਹੋਈ,
ਗੁਰੂ ਮੇਰੇ ਸੰਗ ਸਦਾ ਹੈ ਨਾਲੇ, ਅਹਿਸਾਸ ਹੈ ਵੱਧਦੀ ਜਾਂਦੀ॥

**'ਆਪ ਸਵਾਰਹਿ ਮੈਂ ਮਿਲਹਿ, ਮੈਂ ਮਿਲਿਆ ਸੁੱਖ ਹੋਇ॥'**
ਸੁਧਰ ਜਾਈਏ ਜੇ ਆਪ ਹੀ 'ਅਰਸ਼ੀ', ਜਿੰਦੜੀ ਸੁਧਰ ਹੈ ਜਾਂਦੀ॥

* * *

## ਬੰਦੇ ਖੋਜ ਦਿਲ ਹਰ ਰੋਜ਼

**'ਬੰਦੇ ਖੋਜੁ ਦਿਲ ਹਰ ਰੋਜ਼, ਨਾ ਫਿਰ ਪਰੇਸ਼ਾਨੀ ਮਾਹਿ॥**
**ਇਹ ਜੁ ਦੁਨੀਆਂ ਸਿਹਰ ਮੇਲਾ, ਦਸਤਗੀਰੀ ਨਾਹਿ॥''**
**(ਪੰਨਾ 227 ਗੁ: ਗ੍ਰੰ: ਸਾ:)**

ਦੂਜਿਆਂ ਨੂੰ ਸਮਝਾਣ ਦੀ ਥਾਵੇਂ, ਜਰਾ ਖੁਦ ਨੂੰ ਪਰਖ ਪੜਚੋਲ ਲੈ॥
ਤਰਕਾਂ ਬਹਿਸਾਂ ਕਰਨ ਦੀ ਥਾਵੇਂ, ਜ਼ਰਾ ਖੁਦ ਨੂੰ ਅੰਦਰੋਂ ਫੋਲ ਲੈ॥

ਹੋਰਾਂ ਨੂੰ ਮੱਤਾਂ ਦੇਣ ਤੋਂ ਪਹਿਲਾਂ, ਆਪਣੀ ਮੱਤ ਸਵਾਰ ਲੈ॥
ਹੋਰਾਂ ਨੂੰ ਸੁਧਾਰਨ ਤੋਂ ਪਹਿਲਾਂ, ਖੁਦ ਆਪਣਾ ਆਪ ਸੁਧਾਰ ਲੈ॥

**''ਪ੍ਰਥਮੇ ਮਨੁ ਪ੍ਰਬੋਧੈ ਆਪਣਾ, ਪਾਛੇ ਅਵਰ ਰੀਝਾਵੈ॥**
**ਰਾਮ ਨਾਮ ਜਪੁ ਹਿਰਦੈ ਜਾਪੈ, ਮੁਖ ਤੇ ਸਗਲ ਸੁਨਾਵੈ॥''**
**(ਪੰਨਾ 381 ਗੁ: ਗ੍ਰੰ: ਸਾ:)**

ਨਾਂਹਵਾਦੀ ਰੁੱਚੀਆਂ ਨੂੰ ਛੱਡਦੇ, ਇਹ ਪੁੱਠੀ ਸੋਚ ਤਿਆਗਦੇ॥
ਮਨ 'ਚੋਂ ਨੁਕਤਾਚੀਨੀਆਂ ਕੱਢਦੇ, ਇਹ ਕੂੜੀ ਲੋਚ ਤਿਆਗਦੇ॥

ਨਾਂ ਬਣ ਬਹੁਤ ਸਿਆਣਾਂ ਆਪੇ ਹੀ, ਨਾਂ ਕਰ ਬਹੁਤੀਆਂ ਨੌਸਰਬਾਜ਼ੀਆਂ॥
ਨਾਂ ਕਰ ਝੂਠੀ ਉਪਮਾਂ ਆਪਣੀ, ਛੱਡਦੇ ਇਹ ਸਭ ਜਾਹਲਸਾਜ਼ੀਆਂ॥

ਹਰ ਬੰਦੇ ਦਾ ਜੀਵਨ ਆਪਣਾਂ, ਹੈ ਹੋਂਦਾ ਇਕ ਕਹਾਣੀ॥
ਜੇ ਮਿਲਦੀ ਹੋਵੇ ਸਿੱਖਿਆ ਉਸਚੋਂ, ਹੈ ਚਾਹੀਦੀ ਫੇਰ ਸੁਨਾਣੀ॥

ਨਹੀਂ ਚਤਰਾਈਆਂ ਬਹੁਤੀਆਂ ਚੰਗੀਆਂ, ਨਾਂ ਹੀ ਸੋਂਹਦੀਆਂ ਮੂਰਖਤਾਈਆਂ॥
ਚਾਪਲੂਸੀਆਂ ਵੀ ਨਹੀਂ ਚੰਗੀਆਂ, ਨਹੀਂ ਚੰਗੀਆਂ ਹੋਂਦੀਆਂ ਬੁਰਿਆਈਆਂ॥

ਦੋਸ਼ ਦੂਜਿਆਂ ਤੇ ਲਾਣੇ ਸੌਖੇ, ਪਰ ਆਪਣੇ ਨਜ਼ਰ ਨਹੀਂ ਆਉਂਦੇ॥
ਹੋਰਾਂ ਨੂੰ ਭੰਡਣਾਂ ਹੈ ਸੌਖਾ, ਪਰ ਖੁਦ ਨਹੀਂ ਸੁਣਨਾਂ ਚਾਹੁੰਦੇ॥

ਆਪਣੇ ਆਉਗਣ ਢੱਕ-ਢੱਕ ਰਖੇਂ, ਹੋਰਾਂ ਦੇ ਪੜ੍ਹਦੇ ਪਾੜੇਂ॥
ਆਪਣੀ ਪੀੜ੍ਹੀ ਹੇਠ ਨਹੀਂ ਵੇਹਿੰਦਾ, ਹੋਰਾਂ ਨੂੰ ਛੁੱਪ ਛੁੱਪ ਤਾੜੇਂ॥

ਸੱਚ ਸਦਾ ਨਹੀਂ ਛੁਪਿਆ ਰਹਿੰਦਾ, ਹੈ ਆਖਰ ਜ਼ਾਹਰ ਹੋਣਾਂ॥
ਨਹੀਂ ਹੋਂਦੇ ਸਿਰ ਪੈਰ ਝੂਠਦੇ, ਹੈ ਹੋਂਦਾ ਹਸ਼ਰ ਘਿਨੌਣਾਂ॥

ਫਿਰ ਪਿਛੋਂ ਪਛਤਾਣ ਤੋਂ ਚੰਗਾ, ਪਹਿਲਾਂ ਹੀ ਸੋਚ ਸਮਝਕੇ ਤੁਰੀਏ॥
ਕੀਤੇ ਦਾ ਫਲ ਪੈਂਦਾ ਭੁਗਤਣਾਂ, ਪਏ ਭਾਵੇਂ ਕਿੰਨਾਂ ਝੁਰੀਏ॥

ਹੈ ਜੀਵਨ ਪਲ ਪਲ ਕਿਰਦਾ ਜਾਂਦਾ, ਆਓ ਇਸਨੂੰ ਸਾਂਭ ਸੰਭਾਲੀਏ॥
ਨਹੀਂ ਇਹ ਮੌਕਾ ਫਿਰ ਹੱਥ ਆਣਾਂ, ਕੋਈ ਰਾਹ ਰੂਹਾਨੀ ਭਾਲੀਏ॥

ਜੀਵਨ ਯਾਤਰਾ ਸਫਲ ਕਰ ਲਈਏ, ਇਸ ਵਰਤਮਾਨ ਨੂੰ ਵਰਤਕੇ॥
'ਅਰਸ਼ੀ' ਸੁਕ੍ਰਿਤ ਕਰਮ ਕਮਾਈਏ, ਸਵਾਸਾਂ ਦੀ ਪੂਜੀ ਖਰਚਕੇ॥

**''ਨਾਨਕ ਪਰਖੇ ਆਪ ਕੋ ਤਾਂ ਪਾਰਖ ਜਾਣ॥**
**ਰੋਗ ਦਾਰੂ ਦੋਵੇਂ ਬੁਝੇ ਤਾਂ ਵੈਦ ਸੁਜਾਣ॥''**
**(ਪੰਨਾ 148 ਗ. ਗ੍ਰੰ. ਸਾ.)**

* * *

# ਇਕ ਸੂਫੀ ਗੀਤ

ਐਸੀ ਬਖਸ਼ਿਸ਼ ਕਰੋ ਹੇ ਦਾਤਾ!
ਨਾਂ ਭੁੱਲਾਂ ਤੈਨੂੰ ਕਦੇ ਭੁਲਾਵਾਂ॥
ਯਾਦਾਂ ਵਿੱਚ ਹੀ ਲੀਣ ਹੋ ਜਾਵਾਂ,
ਇਸ ਜੀਵਨ ਨੂੰ ਸਫਲ ਬਣਾਵਾਂ॥

ਯਾਦ ਹੀ ਤੇਰੀ ਮੰਤਵ ਬਣ ਜਾਏ,
ਭੁੱਲ ਜਾਵੇ ਦੁਨੀਆਂਦਾਰੀ॥
ਅਸਲੋਂ ਦੀਨ ਮਸਕੀਨ ਹੋ ਜਾਵਾਂ,
ਮਿੱਟ ਜਾਏ ਮੇਰੀ ਹਉਮੈ ਸਾਰੀ॥

ਲੀਣ ਹੋਣ ਲਈ ਆਪਣੇ ਮੂਲ ਵਿਚ,
ਤੇਰੇ ਵਰਗਾ ਹੀ ਬਣ ਜਾਵਾਂ॥
ਮੇਰੇ ਤੇਰੇ ਵਿੱਚ ਫਰਕ ਰਹੇ ਨਾਂ,
ਏਨਾ ਸੂਖਮ ਹੀ ਛਣ ਜਾਵਾਂ॥

ਕੋਈ ਖੋਟ ਰਹੇ ਨਾ ਖਾਲਸ ਬਣ ਜਾਂ,
ਹੋ ਜਾਵਾਂ ਅਸਲੋਂ ਹੀ ਨਿਰਮਲ॥
ਕੋਈ ਮੱਦ ਮਾਇਆ ਦੀ ਮੈਲ ਰਹੇ ਨਾਂ,
ਹੋ ਜਾਵਾਂ ਪਾਵਨ ਤੇ ਝਿਲਮਿਲ॥

ਹੈ ਵਸਤੂ ਅੰਦਰ ਵਸਤ ਸਮਾਂਦੀ,
ਪਰ ਹੋਣ ਜੇ ਇਕੋ ਜੇਹੀਆਂ॥
ਭਿੰਨ ਭੇਦ ਮਾਸਾ ਨਾਂ ਹੋਵੇ,
ਬਣ ਜਾਵਨ ਏਹੋ ਜੇਹੀਆਂ॥

ਸੋਨੇ ਵਿੱਚ ਸੋਨਾ ਮਿਲ ਸਕਦੈ,
ਨਹੀਂ ਮਿਲ ਸਕਦਾ ਲੋਹਾ॥
ਹੈ ਜੋਤੀ ਵਿੱਚ ਜੋਤ ਸਮਾਂਦੀ,
ਨਹੀਂ ਰਲ ਸਕਦਾ ਗੋਹਾ॥

ਜਿਵੇਂ ਹੈ ਮਿਲਦੀ ਬੂੰਦ ਸਾਗਰ ਵਿੱਚ,
ਫਿਰ ਸਾਗਰ ਹੀ ਬਣ ਜਾਂਦੀ॥
ਤਿਵੇਂ ਹੀ ਆਤਮਾ ਮਿਲ ਪਰਮਾਤਮ ਵਿਚ,
ਹੈ ਰਤਨਾਗਰ ਹੀ ਬਣ ਜਾਂਦੀ॥

ਹਰ ਜੀਵਨ ਦਾ ਟੀਚਾ 'ਅਰਸ਼ੀ',
ਹੈ ਮਾਲਕ ਵਿੱਚ ਹੀ ਲੀਣ ਹੋਣਦਾ॥
ਆਪਣਾ ਮੂਲ ਵਿਰਸਾ ਪਛਾਣਕੇ,
ਓਸੇ ਵਿੱਚ ਵਲੀਣ ਹੋਣ ਦਾ॥

ਹੈ ਰੱਬ ਵਰਗਾ ਹੀ ਹੋਣਾਂ ਪੈਂਦਾ,
ਉਸਦੇ ਵਿੱਚ ਵਲੀਣ ਹੋਣ ਲਈ॥
ਹੈ ਓਸੇ ਵਰਗਾ ਬਨਣਾਂ ਪੈਂਦਾ,
ਉਸਦੀ ਆਬ ਹਯਾਤ ਪੀਣ ਲਈ॥

ਰੱਬੀ ਗੁਣ ਅਪਣਾਕੇ ਧਾਰਕੇ,
ਹੈ ਉਸਦੇ ਹੁਕਮ 'ਚ ਰਹਿਣਾਂ ਪੈਂਦਾ॥
ਹੋਣਾਂ ਪੈਂਦਾ ਹੈ ਸਮਰਪਣ,
ਹੈ ਭਾਣੇ ਅੰਦਰ ਜੀਣਾਂ ਪੈਂਦਾ॥

ਆਹ ਜੋ ਮਿਲਿਆ ਜੀਵਨ ਮਾਨਵੀ,
ਇਹ ਏਸੇ ਵਿੱਚ ਹੀ ਹੋ ਸਕਦਾ ਹੈ॥
ਮਿਲ ਸਕਦਾ ਹੈ ਜੀਵਨ ਮਰਤਬਾ,
ਇਹ ਜਨਮ ਸੁਹੇਲਾ ਹੋ ਸਕਦਾ ਹੈ॥

ਮੁੜ ਮੁੜ ਨਹੀਂ ਮਿਲਣਾਂ ਇਹ ਮੌਕਾ,
ਲੰਘਿਆ ਵੇਲਾ ਹੱਥ ਨਹੀਂ ਆਣਾਂ॥
ਇਸ ਵਰਤਮਾਨ ਨੂੰ ਹੁਣੇ ਵਰਤਣਾਂ,
ਨਹੀਂ ਤਾਂ ਪਏ ਜਾਣਾਂ ਪਛਤਾਣਾਂ॥

**''ਅਗੋਂ ਦੇ ਜੇ ਚੇਤੀਐ,**
**ਤਾਂ ਕਾਇਤ ਮਿਲੇ ਸਜਾਇ॥''**
ਹੋ ਜਾਈਏ ਸਤੱਰਕ ਚੌਕੰਨੇ
ਫਿਰ ਬੰਦਾ ਕਾਹਨੂੰ ਪਛਤਾਇ॥

ਦਰ ਤੇਰੇ ਤੇ ਵਿੱਛ ਗਏ ਹਾਂ,
ਹੁਣ ਬਣਕੇ ਦਰੀ ਨਿਮਾਣੀ॥
ਕਦੇ ਤਾਂ 'ਅਰਸ਼ੀ' ਤਰਸ ਪਵੇਗਾ,
ਹੈ ਦਸਿਆ ਸਤਿਗੁਰ ਦੀ ਬਾਣੀ॥

**''ਤਰਸੁ ਪਇਆ ਮਿਹਰਾਮਤਿ ਹੋਈ**
**ਸਤਿਗੁਰੁ ਸਜਣੁ ਮਿਲਿਆ॥**
**ਨਾਨਕ ਨਾਮੁ ਮਿਲੈ ਤਾਂ ਜੀਵਾਂ**
**ਤਨੁ ਮਨੁ ਥੀਵੈ ਹਰਿਆ॥''**
**(ਅੰਗ 1429 ਗੁ: ਗ੍ਰੰ: ਸਾ:)**

* * *

## ਅਸੀਂ ਗੁਰ ਚਰਨਾਂ ਵਿੱਚ ਰਹਿੰਦੇ ਹਾਂ

(ਜਦੋਂ ਤੋਂ ਗੁਰੂ ਗ੍ਰੰਥ ਸਾਹਿਬ ਜੀ ਦਾ ਘਰ ਵਿੱਚ ਪ੍ਰਕਾਸ਼ ਕੀਤਾ ਹੈ)

ਮੈਂ ਰੱਝ ਰੱਝ ਕੇ ਮਾਣ ਲਈਆਂ ਹਨ, ਤੇਰੀਆਂ ਮਿਹਰਬਾਨੀਆਂ॥
ਨਹੀਂ ਸ਼ੁਕਰ ਕਰਦਾ ਰੱਝਦਾ, ਜੋ ਕੀਤੀਆਂ ਵਰਦਾਨੀਆਂ॥

ਸਭ ਆਸਾਂ ਉਮੀਦਾਂ ਪੂਰੀਆਂ॥ ਸਭ ਮੇਟੀਆਂ ਮਜਬੂਰੀਆਂ॥
ਸੁੱਤੀਆਂ ਨਸੀਬਾਂ ਜਾਗੀਆ॥ ਮਿਲੀਆਂ ਰਹਿਮਤਾਂ ਵਡਭਾਗੀਆਂ॥

ਹੋ ਗਈਆਂ ਨਜ਼ਰਾਂ ਸਵੱਲੀਆਂ॥ ਚਾ ਵੱਡੀਆਂ ਨਿਆਮਤਾਂ ਘਲੀਆਂ॥
ਆਪੇ ਹੀ ਪਾਤਰ ਬਣਾ ਲਿਆ॥ ਆਪੇ ਹੀ ਚਰਨੀ ਲਾ ਲਿਆ॥

ਲੱਗਦਾ ਸਹਾਰਾ ਮਿਲ ਗਿਆ॥ ਅਰਸ਼ੀ ਕਿਨਾਰਾ ਮਿਲ ਗਿਆ॥
ਰਸਤਾ ਰੂਹਾਨੀ ਦਿੱਸ ਪਿਆ॥ ਚਸ਼ਮਾਂ ਨੂਰਾਨੀ ਰਿੱਸ ਪਿਆ॥

ਹੈ ਪਿੱਛਲਾ ਕਰਮ ਕੋਈ ਜਾਗਿਆ॥ ਮਨ ਆਪੇ ਗਿਆ ਅਨੁਰਾਗਿਆ॥
ਪਰਵਿਰਤੀ ਵੱਲੋਂ ਮਨ ਮੁੜ ਪਿਆ॥ ਨਿਰਵਿਰਤੀ ਵਲੀ ਹੀ ਜੁੜ ਗਿਆ॥

ਸਭ ਭਰਮ ਭੁਲੇਖਾ ਹੈ ਲਹਿ ਗਿਆ॥ ਗੁਰ ਗਿਆਨ ਅੰਜਨ ਜਦ ਪੈ ਗਿਆ॥
ਮਨ ਹਿਰਦੇ ਹੋਂਦੇ ਪ੍ਰਕਾਸ਼ ਹੀ॥ ਸਭ ਹੋ ਗਏ ਹਨੇਰੇ ਨਾਸ ਹੀ॥

ਜਦ ਹਿਰਦੇ ਸ਼ਬਦ ਚਿਤਾਰਿਆ॥ ਵਾਹਗੁਰੂ ਵਾਹ ਗੁਰੂ ਉਚਾਰਿਆ॥
ਮਨ ਹੋ ਗਿਆ ਮੁਗਧ ਤੇ ਲੀਣ ਹੀ॥ ਬਣ ਗਿਆ ਉੱਕਾ ਮਸਕੀਣ ਹੀ॥

ਝੱਟ ਗੁਰਾਂ ਨੇ ਚਰਨੀ ਲਾ ਲਿਆ॥ ਚਰਨਾਂ ਦੇ ਵਿੱਚ ਬਿਠਾ ਲਿਆ॥
ਸਿਰ ਮਿਹਰ ਭਰਿਆ ਹੱਥ ਰੱਖਿਆ॥ ਤਰਸ ਤਰੁੱਠ ਕੇ ਕੀਤੀ ਰੱਖਿਆ॥

ਫਿਰ ਆਪੇ ਆਪਣਾ ਬਣਾ ਲਿਆ॥ ਆਪੇ ਹੀ ਪੱਲਾ ਫੜਾ ਲਿਆ॥
ਅਸੀਂ ਘੁੱਟ ਕੇ ਪੱਲਾ ਫੜ ਲਿਆ॥ ਸਤਿਗੁਰਾਂ ਨੇ ਆਪਣਾ ਕਰ ਲਿਆ॥

ਅਸੀਂ ਇਕੇ ਦਰ ਡੇਰਾ ਲਾ ਲਿਆ॥ ਇਕੋ ਨੂੰ ਮਨ ਵਸਾ ਲਿਆ॥
ਸੌਂਪ ਦਿੱਤੇ ਤਨ ਮਨ ਗੁਰਾਂ ਨੂੰ॥ ਹੋ ਗਏ ਸਮਰਪਣ ਗੁਰਾਂ ਨੂੰ॥

ਹੁਣ ਗੁਰਾਂ ਦੇ ਘਰ ਵਿੱਚ ਰਹਿੰਦੇ ਹਾਂ॥ ਉੱਥੇ ਹੀ ਉੱਠਦੇ ਬਹਿੰਦੇ ਹਾਂ॥
ਗੁਰਦਿੱਤਾ ਖਾਂਦੇ ਪੀਂਦੇ ਹਾਂ॥ ਗੁਰ ਰਹਿਮਤ ਅੰਦਰ ਜੀਂਦੇ ਹਾਂ॥

ਰਹਿੰਦੇ ਹਾਂ ਗੁਰੂ ਹਜ਼ੂਰੀ ਵਿੱਚ॥ ਬਹਿੰਦੇ ਹਾਂ ਗੁਰੂ ਹਜ਼ੂਰੀ ਵਿੱਚ॥
ਗੁਰੂ ਦਰ ਨੂੰ ਹੈ ਆਪਣਾ ਲਿਆ॥ ਚਰਨਾਂ ਵਿੱਚ ਡੇਰਾ ਲਾ ਲਿਆ॥

ਹੋਰ ਵੱਖਰਾ ਆਪਣਾ ਘਰ ਕੋਈ ਨਹੀਂ॥ ਗੁਰ ਦਰ ਤੋਂ ਵੱਖਰਾ ਦਰ ਕੋਈ ਨਹੀਂ॥
ਗੁਰ ਗੁਰ ਹੀ ਕਰਦੇ ਰਹਿੰਦੇ ਹਾਂ॥ ਗੁਰ ਨਾਮ ਸਿਮਰਦੇ ਰਹਿੰਦੇ ਹਾਂ॥

ਹੈ ਜਿੱਥੇ ਗੁਰੂ ਬੈਕੁੰਠ ਹੈ ਓਹੀ॥ ਗੁਰਾਂ ਬਿਨਾਂ ਬੈਕੁੰਠ ਨਹੀਂ ਕੋਈ॥
ਹੁਣ ਅਸੀਂ ਬੈਕੁੰਠ 'ਚ ਰਹਿੰਦੇ ਹਾਂ॥ ਚਰਨਾਂ ਵਿੱਚ ਮੌਜਾਂ ਲੈਂਦੇ ਹਾਂ॥

**''ਗੁਰ ਕੈ ਗ੍ਰਿਹਿ ਸੇਵਕ ਜੋ ਰਹੈ॥ ਗੁਰ ਕੀ ਆਗਿਆ ਮਨ ਮਹਿ ਸਹੈ॥**
**ਆਪਸ ਕਉ ਕਰਿ ਕਛੁ ਨ ਜਨਾਵੈ॥ ਹਰਿ ਹਰਿ ਨਾਮੁ ਰਿਦੈ ਸਦ ਗਾਵੈ॥**

**ਮਨ ਬੇਚੈ ਸਤਿਗੁਰ ਕੈ ਪਾਸਿ॥ ਤਿਸੁ ਸੇਵਕ ਕੇ ਕਾਰਜ ਰਾਸਿ॥**
**ਸੇਵਾ ਕਰਤ ਹੋਇ ਨਿਹਕਾਮੀ॥ ਤਿਸ ਕਉ ਹੋਤ ਪਰਾਪਤਿ ਸੁਆਮੀ॥**

**ਸਿੱਖ ਕੀ ਗੁਰ ਦੁਰਮਤਿ ਮਲ ਹਿਰੈ॥ ਗੁਰ ਬਚਨੀ ਹਰਿਨਾਮੁ ਉਚਰੈ॥**
**ਸਤਿਗੁਰ ਸਿੱਖ ਕੇ ਬੰਧਨ ਕਾਟੈ॥ ਗੁਰਕਾ ਸਿੱਖ ਬਿਕਾਰ ਤੇ ਹਾਟੈ॥**

**ਸਤਿਗੁਰ ਸਿੱਖ ਕਾ ਹਲਤ ਪਲਤ ਸਵਾਰੈ॥ ਨਾਨਕ ਸਤਿਗੁਰ ਸਿੱਖ ਕਉ ਜੀਅ ਨਾਲਿ ਸਮਾਰੈ॥**
**ਗੁਰ ਜੈਸਾ ਨਾਹੀ ਕੋ ਦੇਵ॥ ਜਿਸ ਮਸਤਕ ਭਾਗ ਸੁ ਲਾਗਾ ਸੇਵ॥''**
**(ਗੁਰੂ ਗ੍ਰੰਥ ਸਾਹਿਬ ਜੀ)**

ਮਿਹਰਵਾਨ ਜਦ ਹੋਂਦੇ ਸਤਿਗੁਰ, ਫਿਰ ਹਲਤ ਪਲਤ ਸਵਾਰ ਦੇਂਦੇ ਨੇ॥
ਬਖਸ਼ਿਸ਼ ਦੇ ਭੰਡਾਰ ਸਤਿਗੁਰੂ, ਫਿਰ ਆਪੇ ਪਾਰ ਉਤਾਰ ਦੇਂਦੇ ਨੇ॥

ਪਰ ਮਿਹਨਤ ਨਾਲ ਨਹੀਂ ਮਿਲਦੀ ਬਖਸ਼ਿਸ਼, ਇਹ ਮਿਲਦੀ ਹੈ ਰਹਿਮਤ ਨਾਲ ਹੀ॥
'ਅਰਸ਼ੀ' ਜਿਸਤੇ ਤਰੁੱਠੇ ਸਤਿਗੁਰ, ਹੈ ਕਰ ਦੇਂਦਾ ਨਦਰ ਨਿਹਾਲ ਹੀ॥

**''ਜਾਂ ਤੂੰ ਤੁਸਹਿ ਮਿਹਰਵਾਨ, ਅਚਿੰਤ ਵਸਹਿ ਮਨ ਮਾਹਿ॥**
**ਜਾਂ ਤੂੰ ਤੁਸਹਿ ਮਿਹਰਵਾਨ, ਨਉਨਿਧਿ ਘਰ ਮਹਿ ਪਾਹਿ॥**

ਜਾਂ ਤੂੰ ਤੁਸਹਿ ਮਿਹਵਾਨ, ਤਾਂ ਗੁਰ ਕਾ ਮੰਤਰ ਕਮਾਹਿ॥
ਜਾਂ ਤੂੰ ਤੁਸਹਿ ਮਿਹਰਵਾਨ, ਤਾਂ ਨਾਨਕ ਸਚਿ ਸਮਾਹਿ॥''
(ਪੰਨਾ 518 ਗੁ: ਗ੍ਰੰ: ਸਾ:)

ਗੁਰ ਆਪਣੀ ਕਿਰਪਾ ਧਾਰਿ, ਆਪਣੇ ਕਰਿ ਲਿਤੇ॥
ਨਾਨਕ ਸਦ ਬਲਿਹਾਰ, ਜਿਸ ਗੁਰ ਕੇ ਗੁਣ ਇਤੇ॥
ਗੁਰ ਪਰਮੇਸਰ ਏਕੋ ਜਾਣ॥ ਜੋ ਤਿਸੁ ਭਾਵੇ ਸੋ ਪਰਵਾਣ॥
ਗੁਰ ਕੀ ਮਹਿਮਾ ਕਥਨੁ ਨ ਜਾਇ॥ ਪਾਰਬ੍ਰਹਮ ਗੁਰ ਰਹਿਆ ਸਮਾਇ॥
(ਪੰਨਾ 864 ਗੁ: ਗ੍ਰੰ: ਸਾ:)

* * *

## ਝਲੱਕ ਸਾਂਈ ਦੀ (ਵਿਸਮਾਦੀ ਗੀਤ)

ਹਾਂ ਬਣ ਗਏ ਅਸੀਂ ਵੀ ਕਰਮਾਂ ਵਾਲੇ, ਅਸਾਂ ਝਲੱਕ ਸਾਂਈ ਦੀ ਡਿੱਠੀ॥
ਹੋ ਗਏ ਗਦਗਦ, ਗਏ ਵਿਸਮਾਦੇ, ਬਣ ਗਈ ਝੱਲਕੀ ਯਾਦ ਹੀ ਮਿੱਠੀ॥

ਸੁਪਨੇ ਅੰਦਰ ਵੇਖ ਸਾਂਈ ਨੂੰ, ਅਸੀਂ ਧਾ ਗਲਵਕੜੀ ਪਾਈ॥
ਉਹ ਨਿਰਾ ਨੂਰ ਸਾਡੇ ਹੱਥ ਨਾ ਲੱਗਾ, ਸਾਡੀ ਕੰਬਦੀ ਹੀ ਰਹਿ ਗਈ ਕਲਾਈ॥

ਹੁਣ ਯਾਦਾਂ ਵਿੱਚ ਹੀ ਜੁੜਿਆਂ ਰਹਿਕੇ, ਇਸ ਜੀਵਨ ਤਾਂਈ ਗੁਜਾਰ ਰਹੇ ਹਾਂ॥
ਪਾਲਕੇ, ਮੰਨਕੇ ਮਰਜੀ ਉਸ ਦੀ ਨੂੰ, ਆਪਣਾ ਜਨਮ ਸਵਾਰ ਰਹੇ ਹਾਂ॥

ਹੁਣ ਆਪਣੀ ਕੋਈ ਰਹੀ ਨਹੀਂ ਮਰਜੀ, ਨਾਂ ਹੀ ਵੱਖਰੀ ਹੁਣ ਕੋਈ ਹਸਤੀ॥
ਹੁਣ ਉਸ ਦੀ ਹੈ ਰਜ਼ਾ ਵਿੱਚ ਰਹਿਣਾਂ, ਉਸਦੀਆਂ ਯਾਦਾਂ ਵਿੱਚ ਹੀ ਮਸਤੀ॥

ਮਨ ਬਚਨ ਤੇ ਕਰਨੀ ਅੰਦਰ, ਹੁਣ ਉਸ ਦੀ ਯਾਦ ਵਸਾਈ ਰੱਖਣੀ॥
ਵਿਸਰਨਾਂ ਨਹੀਂ ਕਿਸੇ ਸਮੇਂ ਵੀ, ਹੈ ਅੰਦਰ ਜੋਤ ਜਗਾਈ ਰੱਖਣੀ॥

ਏਹੀ ਜੁਗਤੀ ਗੁਰਾਂ ਹੈ ਬਖਸ਼ੀ, ਇਹ ਯਾਦ ਹੀ ਹੋਂਦੀ ਉਸਦੀ ਬੰਦਗੀ॥
ਹਰਦਮ ਉਸਨੂੰ ਸਿਮਰਦੇ ਰਹਿਕੇ, ਹੈ ਬਣ ਜਾਂਦੀ ਪਾਕ ਪਵਿੱਤਰ ਜਿੰਦਗੀ॥

ਹੈ ਹੋਂਦਾ ਮਾਨਵ ਧਰਮ ਕਮਾਣਾਂ, ਰੱਬੀ ਰਹਿਮਤਾਂ ਪਾਣ ਦੀ ਖਾਤਰ॥
ਹੋ ਸਮਰਪਣ ਕਰਨਾਂ ਸਿਮਰਣ, ਬਨਣ ਲਈ ਉਹਦੇ ਪਿਆਰ ਦਾ ਪਾਤਰ॥

ਯਾਦਾਂ ਵਿੱਚ ਹੀ ਜੁੜਿਆ ਰਹਿਣਾਂ, ਹੈ ਏਹੀ ਹੋਂਦੀ ਉਸਦੀ ਭਗਤੀ॥
ਯਾਦਾਂ ਵਿੱਚ ਹੀ ਘੁਲ ਮਿਲ ਜਾਣਾਂ, ਹੈ 'ਅਰਸ਼ੀ' ਹੋਂਦੀ ਏਹੀ ਮੁਕਤੀ॥

ਲਿਵਲੀਣ ਹੋ ਜਾਣਾਂ ਆਪਣੇ ਮੂਲ ਵਿੱਚ, ਹੋਂਦਾ ਪਰਮਾਤਮ ਨੂੰ ਪਾ ਲੈਣਾਂ॥
ਇਹੀ ਮਨੋਰਥ ਹੈ ਜੀਵਨ ਦਾ, ਆਪਣੀ ਹਉਮੈ ਹੋਂਦ ਮਿਟਾ ਦੇਣਾਂ॥

* * *

## ਰੂਹਾਨੀ ਰਾਹ ਤੇ ਤੁਰਦਿਆਂ (ਗ਼ਜ਼ਲ)

ਜਦ ਤੋਂ ਰਸਤੇ ਰੂਹਾਨੀ ਨੂੰ ਫੜ ਲਿਆ ਹੈ,
ਜਿੰਦਗੀ ਹੀ ਲੱਗਦੀ ਬਹਾਰ ਜਿਵੇਂ ਬਣ ਗਈ॥
ਖੇੜਾ ਹੀ ਖੇੜਾ ਹੁਣ ਹਰ ਪਾਸੇ ਭਾਸਦਾ ਹੈ,
ਜਿੰਦੜੀ ਹੀ ਲੱਗਦੀ ਗੁਲਜ਼ਾਰ ਜਿਵੇਂ ਬਣ ਗਈ॥

ਜਾਪਦਾ ਹੁਣ ਜੀਵਨ, ਫੁੱਲਾਂ ਜੇਹਾ ਹੋ ਗਿਆ ਹੈ,
ਨਵਾਂ ਤੇ ਨਰੋਆ ਤਾਜਾਦਮ ਲੱਗੇ ਟਹਿਕਦਾ;
ਕੰਡਿਆਂ ਤੇ ਚੋਭਾਂ ਨਾਲ, ਰਿਹਾ ਕੋਈ ਵਾਸਤਾ ਨਹੀਂ,
ਬੋਲਬਾਣੀ ਗੁਫਤਗੂ ਗਟਾਰ ਜਿਵੇਂ ਬਣ ਗਈ॥

ਹੋਂਦਾ ਫੁੱਲ ਦਾ ਹੈ ਜੀਵਨ ਭਾਵੇਂ, ਅਸਲੋਂ ਹੀ ਛੋਟਾ ਜਿਹਾ,
ਪਰ ਚੜ੍ਹਦੀ ਕਲਾ 'ਚ ਰਹਿੰਦਾ ਹੌਸਲਾ ਨਹੀਂ ਛੱਡਦਾ;
ਮਾਯੂਸ ਕਦੇ ਹੋਂਦਾ ਨਹੀਂ ਨਾ ਅਥਰੂ ਹੀ ਕੇਰਦਾ ਹੈ,
ਮਸਤਮੌਲਾ ਜਿੰਦਗੀ ਹੁਲਾਰ ਜੇਹੀ ਬਣ ਗਈ॥

ਕੋਈ ਫਿਕਰ ਝੋਰਾ ਨਹੀਂ, ਢਹਿੰਦੀ ਕਲਾ ਭੋਰਾ ਨਹੀਂ,
ਭੱਟਕਣ ਨਹੀਂ ਤੜੱਪਣ ਨਹੀਂ, ਹੈ ਚੈਨ ਤੇ ਅਡੋਲਤਾ;
ਕੋਈ ਲੋੜ ਨਹੀਂ ਥੋੜ ਨਹੀਂ, ਜਿੰਦਗੀ ਸੰਤੁਸ਼ਟ ਪੂਰੀ,
ਅਨੰਦ ਹੀ ਅਨੰਦ ਹੈ, ਮਲਾਰ ਜੇ ਹੀ ਬਣ ਗਈ॥

ਕੋਈ ਹੌਕਾ ਨਹੀਂ ਹਾੜਾ ਨਹੀਂ, ਰੰਜਸ ਨਹੀਂ ਸਾੜਾ ਨਹੀਂ,
ਦੁਬਿਧਾ ਦਵੈਸ਼ ਕੋਈ, ਕਲ੍ਹਾ ਜਾਂ ਕਲੇਸ ਨਹੀਂ;
ਪਾਕੇ ਰੱਬੀ ਰਹਿਮਤਾਂ, ਮਸਤੀਆਂ ਅਲਮਸਤੀਆਂ ਨੂੰ,
ਜਾਪਦੀ ਹੈ ਜਿੰਦਗੀ ਸਿਤਾਰ ਜਿਵੇਂ ਬਣ ਗਈ॥

ਮੂਲ ਨੂੰ ਪਛਾਣਕੇ, ਜਿੰਦਗੀ ਨੂੰ ਮਾਨਣਾਂ ਹੈ,
ਮੰਤਵ ਤੇ ਟੀਚੇ ਨੂੰ ਵੀ ਮਨੋ ਨਹੀਂ ਵਿਸਾਰਨਾਂ;
ਕੋਈ ਭੇਦਭਾਵ ਨਹੀਂ, ਨਾ ਹੀ ਕੋਈ ਵਿਤਕਰਾ ਹੈ,
ਕਾਰ ਤੇ ਵਿਹਾਰ ਸਾਰੀ ਇਕੋਸਾਰ ਬਣ ਗਈ॥

ਫੁੱਲ ਲੱਗਦਾ ਵੀ ਸੋਹਣਾਂ, ਹੈ ਜੱਚਦਾ ਵੀ ਸਾਰਿਆਂ ਨੂੰ,
ਕਿਸੇ ਨੂੰ ਨਹੀਂ ਚੁੱਭਦਾ, ਹੈ ਸਭਨਾ ਨੂੰ ਭਾਂਵਦਾ;
ਜੇ ਜੀਵਨ ਮਨੁੱਖਦਾ ਵੀ, ਬਣ ਜਾਵੇ ਫੁੱਲ ਵਾਂਗ,
ਸਮਝੋ ਫਿਰ ਜਿੰਦਗੀ ਖੁਮਾਰ ਜੇ ਹੀ ਬਣ ਗਈ॥

ਨਜ਼ਰਾਂ ਨਜ਼ਰੀਏ ਹੀ, ਮਾਪਦੇ ਨੇ ਜ਼ਿੰਦਗੀ ਨੂੰ,
ਸੋਚ ਸਮਝ ਆਪਣੀ, ਪਸੰਦ ਵਖੋ ਵੱਖਰੀ;
ਕੋਈ ਜੀਵਨ ਸਵਾਰਦਾ, 'ਅਰਸ਼ੀ' ਸ਼ਿੰਗਾਰਦਾ ਹੈ,
ਪਰ ਕੋਈ ਪਿਆ ਗਾਲਦਾ, ਵੰਗਾਰ ਜੇਹੀ ਬਣ ਗਈ॥

ਹੋਦਾ ਆਪਣਾ ਹੀ ਅਕਸ ਹੈ, ਜਿਵੇਂ ਦਾ ਹੀ ਬਣ ਜਾਂਦਾ,
ਓਵੇਂ ਹੀ ਹਰ ਪਾਸੇ, ਭਾਸਦੀ ਹੈ ਜਿੰਦਗੀ;
ਆਪਣੀ ਹੀ ਲੋਚ ਸੋਚ, ਝਲਕਦੀ ਹੈ ਪਰ ਪਾਸੇ,
ਹੈ ਬਣ ਜਾਂਦਾ ਬੰਦਾ, ਵਿਚਾਰ ਜਿਵੇਂ ਬਣ ਗਈ॥

**''ਜਿਉ ਜਲ ਮਹਿ ਕਮਲੁ ਅਲਿਪਤੁ ਹੈ, ਐਸੀ ਬਣਤ ਬਣਾਇ॥**
**ਸੇ ਸੁਖੀਏ ਸਦਾ ਸੋਹਣੇ, ਜਿਨ ਵਿਚਹੁ ਆਪੁ ਗਵਾਇ॥''**
**(ਪੰਨਾ 1281 ਗੁਃ ਗ੍ਰੰਃ ਸਾਃ)**

* * *

# ਹੈ ਅਮਲਾਂ ਨਾਲ ਬਣਦੀ ਜ਼ਿੰਦਗੀ

ਜਿਹੜਾ ਕੰਮ ਮੈਂ ਖੁਦ ਨਹੀਂਕਰਦਾ, ਉਹ ਥੋਪ ਸਕਦਾ ਹਾਂ ਕਿੰਜ ਦੂਜੇ ਨੂੰ॥
ਜਿਸ ਪਾਸੇ ਮੈਂ ਖੁਦ ਨਹੀਂ ਤੁਰਦਾ, ਤੋਰ ਸਕਦਾ ਹਾਂ ਕਿੰਜ ਦੂਜੇ ਨੂੰ॥

**'ਅਵਰ ਉਪਦੇਸੈ ਆਪਿ ਨ ਕਰੈ॥ ਆਵਤ ਜਾਵਤ ਜਨਮੈ ਮਰੈ॥'**
ਕੋਈ ਹੱਕ ਨਹੀਂ ਬਣਦਾ ਦੂਜੇ ਨੂੰ ਕਹਿਣ ਦਾ॥ ਐਵੇਂ ਫੋਕੀ ਸਿਖਿਆ ਦੇਣ ਦਾ॥

ਅਸਰ ਕੀ ਹੋਣਾ ਜੋ ਖੁਦ ਧੋਖਾ ਹੈ, ਖੁਦ ਹੀ ਜਿਹੜਾ ਬਿਲਕੁਲ ਥੋਥਾ ਹੈ॥
ਜਦ ਪੱਲੇ ਦੇ ਵਿੱਚ ਹੈ ਹੀ ਕੁੱਝ ਨਹੀਂ, ਬਣ ਗਿਆ ਜਿਹੜਾ ਖਾਲੀ ਖੋਖਾ ਹੈ॥

ਕੋਈ ਬਲ ਨਹੀਂ ਹੋਂਦਾ ਖਾਲੀ ਬੋਲਾਂ ਵਿੱਚ, ਕਿਉਂਕਿ ਅੰਦਰ ਦਮ ਨਹੀਂ ਹੋਂਦਾ॥
ਪਿਆ ਖਾਲੀ ਭਾਂਡੇ ਵਾਂਗ ਖੜਕਦਾ, ਖਾਲੀ ਵਿਚ ਕੋਈ ਖਮ ਨਹੀਂ ਹੋਂਦਾ॥

**''ਪਹਿਲਾ ਮਨ ਪ੍ਰਬੋਧੇ ਆਪਣਾ, ਪਾਛੇ ਅਵਰ ਰੀਝਾਵੇ॥''**
ਪਹਿਲਾਂ ਆਪਣਾ ਆਪ ਸਵਾਰੇ, ਫਿਰ ਦੂਜੇ ਨੂੰ ਸਮਝਾਵੇ॥

ਸਫਲ ਕਰਨ ਲਈ ਜੀਵਨ ਆਪਣਾਂ, ਹੈ ਹੋਂਦਾ ਆਪਣਾਂ ਜੀਵਨ ਆਪ ਬਨਾਣਾਂ॥
ਆਪਣੇ ਅੰਦਰ ਮਾਰ ਝਾਤੀਆਂ, ਆਪਣਾਂ ਆਪਾ ਆਪ ਸਜਾਣਾਂ॥

ਪੈਂਦਾ ਹੈ ਪ੍ਰਭਾਵ ਜੀਵਨ ਦਾ, ਜੇ ਅਮਲੀ ਜੀਵਨ ਬਣੇ ਨਮੂਨਾਂ॥
ਜੋ ਕਹਿੰਦਾ ਪਰ ਖੁਦ ਨਹੀਂ ਕਰਦਾ, ਉਹ ਜੀਵਨ ਬਣ ਜਾਏ ਨਗੂਨਾਂ॥

ਨਿਰੀਆਂ ਗਲਾਂ ਕੁੱਝ ਨਹੀਂ ਹੋਂਦੀਆਂ, ਹੈ ਅਮਲ ਤੇ ਕਰਨੀ ਨੂੰ ਫਲ ਲੱਗਦਾ॥
ਕਰਨੀਆਂ ਵਾਲੇ ਕਰਨ ਕਮਾਈਆਂ, ਘਾਲ ਘਾਲਿਆਂ ਜੀਵਨ ਦਗ਼ੱਦਾ॥

ਫੁੱਲ ਦੀ ਖੁਸ਼ਬੋਈ ਕਿੰਜ ਆਪੇ ਹੀ, ਖਿੱਚ ਹੈ ਪਾਂਦੀ ਮਨ ਮੋਹ ਲੈਂਦੀ॥
ਬਣੇ ਪ੍ਰਭਾਵੀ ਦਿੱਖ ਅਕਰਸ਼ਕ, ਕੋਮਲਤਾਈ ਦਿਲ ਛੋਹ ਲੈਂਦੀ॥

ਹਨ ਫੁੱਲਾਂ ਵਾਂਗ ਹੀ ਬਣਦੇ ਜਿਹੜੇ, ਜੀਵਨ ਵਿਚ ਖੂਬੀਆਂ ਭਰਦੇ॥
ਉਹ ਜੀਵਨ ਬਣ ਜਾਣ ਦਰਸ਼ਨੀ, ਹਨ ਫੁੱਲਾਂ ਵਾਂਗ ਸੋਭਦੇ ਸਰਦੇ॥

ਕਥਨੀਆਂ ਨਾਲ ਨਹੀਂ ਕੁੱਝ ਸਰਦਾ, ਹਨ ਪੈਂਦੇ ਜੀਵਨ ਅਮਲ ਕਮਾਣੇ॥
ਅਮਲੀ ਜੀਵਨ ਬਣੇ ਸਾਰਥਕ, ਪੁਰਸ਼ਾਰਥ ਵੀ ਪੈਣ ਹੰਡਾਣੇ॥

ਅਮਲ ਹੈ ਵੱਸਦਾ ਵਰਤਮਾਨ ਵਿੱਚ, ਜੋ ਆਪਣੇ ਵਰਤਮਾਨ ਨੂੰ ਵਰਤਦੇ॥
ਸਦ ਵਰਤੋਂ ਕਰਦੇ ਮਿਲੇ ਸਮੇਂ ਦੀ, ਉਹ ਸੁਰਖਰੂ ਹੋਕੇ ਘਰ ਪਰਤਦੇ॥

ਕਿਸੇ ਲਗਣ ਵਿੱਚ ਜੋ ਲੱਗ ਜਾਂਦੇ, ਹਨ ਉਹੀ ਮੰਜ਼ਿਲ ਤੇ ਵੀ ਪੁੱਜਦੇ॥
ਪਰ ਜੋ ਇਰਾਦੇ ਰਹਿਣ ਬਦਲਦੇ, ਹਨ ਉਹੀ ਰਹਿੰਦੇ ਸਦਾ ਉਲਝਦੇ॥

**'ਆਪ ਸਵਾਰਹਿ ਮੈਂ ਮਿਲਹਿ, ਮੈਂ ਮਿਲਿਆ ਸੁਖੁ ਹੋਇ॥'**
ਸੁਧਰ ਜਾਏ ਜੇਕਰ ਇਹ ਜੀਵਨ, ਕੋਈ ਫਿਰ ਪਛਤਾਵਾ ਖੇਦ ਨਾਂ ਹੋਇ॥

ਹੋਰਾਂ ਲਈ ਬਣ ਜਾਣ ਪ੍ਰੇਰਨਾਂ, ਜੋ ਆਪਣਾਂ ਆਪ ਸਵਾਰ ਲੈਂਦੇ ਨੇ॥
ਫਿਰ ਆਪੇ ਲੋਕ ਆਕਰਸ਼ਕ ਹੋਂਦੇ, ਖੁਦ ਜੀਵਨ ਤਾਂਈ ਸ਼ਿੰਗਾਰ ਲੈਂਦੇ ਨੇ॥

ਅਮਲਾਂ ਨਾਲ ਹੀ ਬਣਦੀ ਹੈ ਜਿੰਦਗੀ, ਬੰਦਾ ਜਿਵੇਂ ਬਨਾਣਾਂ ਚਾਹੇ॥
ਜਿਹੜੀ ਪਉੜੀ ਚੜਨਾਂ ਚਾਹੇ, ਜਿਹੜੇ ਰਾਹੇ ਜਾਣਾਂ ਚਾਹੇ॥

ਹਨ ਹੋਂਦੇ ਅਮਲਾਂ ਉਤੇ ਨਬੇੜੇ, 'ਅਰਸ਼ੀ' ਅਮਲ ਹੀ ਫਲਦਾਤੇ ਨੇ॥
ਹੈ ਅਮਲਾਂ ਨਾਲ ਸੌਰਦਾ ਜੀਵਨ, ਅਮਲ ਬੰਦੇ ਲਈ ਵਰਦਾਤੇ ਨੇ॥

* * *

## ਇਹ ਧਰਤੀ ਤਾਂ ਧਰਮਸਾਲ ਹੈ (ਗਜ਼ਲ)

ਇਹ ਧਰਤੀ ਤਾਂ ਧਰਮਸਾਲ ਹੈ, ਚਾਹੀਦਾ ਏਥੇ ਧਰਮ ਕਮਾਣਾਂ॥
ਕਰਮਸ਼ਾਲਾ ਹੈ ਇਹ ਜੀਵਨ ਦੀ, ਚਾਹੀਦੇ ਚੰਗੇ ਕਰਮ ਕਮਾਣਾਂ॥

ਕਰਮ ਜੂਨੀ ਹੈ ਮਿਲੀ ਬੰਦੇ ਨੂੰ, ਹਨ ਹੋਣੇ ਕਰਮਾਂ ਉੱਤੇ ਸਭ ਨਬੇੜੇ,
ਚੰਗੇ ਮਾੜੇ ਕਰਮਾਂ ਨੇ ਹੀ, ਹੈ ਆਖਰ ਦੁੱਖ ਸੁੱਖ ਹੀ ਬਣ ਜਾਣਾਂ॥

ਧਰਮ ਹੈ ਹੋਂਦਾ ਸੀਮਾਂ ਵਿੱਚ ਰਹਿਣਾਂ, ਕਾਦਰ ਦੇ ਨਿਯਮਾਂ ਨੂੰ ਪਾਲਣਾਂ,
ਆਪਣੇ ਫਰਜਾਂ ਨੂੰ ਪਹਿਚਾਨਣਾਂ, ਧਰਮ ਹੈ ਹੋਂਦਾ ਫਰਜ ਨਿਬਾਹਣਾਂ।

ਚੰਗੇ ਕਰਮ ਤੇ ਸੁਕ੍ਰਿਤਕਰਨੀਆਂ, ਹਨ ਸੋਂਹਦੀਆਂ ਇਸ ਜੀਵਨ ਅੰਦਰ,
ਸਭ ਤੋਂ ਉੱਤਮ ਮਿਲੀ ਹੈ ਜੂਨੀ, ਇਸ ਜੂਨੀ ਨੂੰ ਦਾਗ਼ ਨਹੀਂ ਲਾਣਾਂ॥

ਹਨ ਦੇਵਤੇ ਤਰਸਦੇ ਇਸ ਜੂਨੀ ਲਈ, ਦੇਵਤਿਆਂ ਕੋਲ ਤਨ ਨਹੀਂ ਹੋਂਦੇ,
ਹਨ ਤਨ ਮਨ ਕੇਵਲ ਮਿਲੇ ਬੰਦੇ ਨੂੰ, ਹੈ ਬੰਦਗੀ ਕਰਕੇ ਮੁਕਤੀ ਪਾਣਾਂ॥

ਹੈ ਜੀਵਨ ਮਿਲਿਆ ਮੁਕਤ ਹੋਣਲਈ, ਭੁਗਤ ਲਈਆਂ ਹਨ ਕਈ ਜੂਨੀਆਂ,
ਹੁਣ ਵੀ ਜੇ ਨਾਂ ਸੰਭਲੇ ਸੁਧਰੇ, ਹੈ ਫੇਰ ਚੌਰਾਸੀ ਗਲ ਪੈ ਜਾਣਾਂ॥

ਆਇਆ ਤਾਂ ਸੀ ਲਾਹਾ ਲੈਣ ਲਈ, ਪਰ ਲੱਗਦਾ ਮੂਲ ਗਵਾਈ ਜਾਂਦਾ,
ਪਿਆ ਧਨ ਪਦਾਰਥ ਕੱਠੇ ਕਰਦਾ, ਜੋ ਸਭ ਕੁੱਝ ਏਥੇ ਹੀ ਰਹਿ ਜਾਣਾਂ॥

ਜੋ ਛੱਡ ਜਾਣਾਂ ਮਨ ਵਿੱਚ ਵੱਸਿਆ, ਜਿੱਥੇ ਜਾਣਾਂ ਉਹ ਚੇਤੇ ਨਹੀਂ,
ਪਰ ਏਥੇ ਸਦਾ ਨਹੀਂ ਬੈਠੇ ਰਹਿਣਾਂ, ਹੈ ਇਹ ਜਗ ਵਾਂਗ ਮੁਸਾਫਰ ਖਾਨਾਂ॥

'ਅਰਸ਼ੀ' ਆਪਣਾਂ ਮੂਲ ਪਛਾਣਕੇ, ਕਿਉਂ ਨਹੀਂ ਤੁਰਦਾ ਰਾਹ ਰੂਹਾਨੀ,
ਪਲਪਲ ਜਾਂਦਾ ਜੀਵਨ ਕਿਰਦਾ, ਲੰਘਿਆ ਵੇਲਾ ਹੱਥ ਨਹੀਂ ਆਣਾਂ॥

* * *

## ਸਵੈ ਪੜਚੋਲ

**'ਫਰੀਦਾ ਜੇ ਤੂੰ ਅਕਲ ਲਤੀਫ ਕਾਲੇ ਲਿਖ ਨਾ ਲੇਖ॥**
**ਅਪਨੜੇ ਗਿਰੀਵਾਨ ਮਹਿ, ਸਿਰੁ ਨੀਵਾ ਕਰਿ ਦੇਖ॥'**

ਦੂਜਿਆਂ ਨੂੰ ਕੁੱਝ ਕਹਿਣ ਤੋਂ ਪਹਿਲਾਂ, ਆਪਣੇ ਅੰਦਰ ਝਾਤੀਮਾਰ॥
ਹੋਰਾਂ ਨੂੰ ਸਮਝਾਣ ਤੋਂ ਪਹਿਲਾਂ, ਆਪਣੇ ਖੁਦ ਨੂੰ ਸਾਂਭ ਸਵਾਰ॥

ਕੋਈ ਜੈਸਾ ਕਰਦਾ ਹੈ ਆਪੇ ਭਰਦਾ, ਪਿਆ ਜੈਸੇ ਜੈਸੇ ਕਰਮ ਕਮਾਂਦਾ॥
ਫਿਰ ਵੈਸਾ ਹੀ ਹੈ ਬਣਦਾ ਜਾਂਦਾ, ਹੈ ਜੇਹੋ ਜੇਹਾ ਰੂਪ ਵਟਾਂਦਾ॥

ਹੋਰਾਂ ਦੀਆਂ ਬਦਖੋਹੀਆਂ ਤੋਂ ਪਹਿਲਾਂ, ਆਪਣਾ ਆਪ ਹੰਗਾਲਣਾਂ ਸਿੱਖ॥
ਮੈਲ ਦੂਜਿਆਂ ਦੀ ਧੋਣ ਤੋਂ ਪਹਿਲਾਂ, ਖੁਦ ਦੀਆਂ ਕਮੀਆਂ ਭਾਲਣਾਂ ਸਿੱਖ॥

ਹੋਂਦੇ ਮਾੜੇ ਕੰਮਾਂ ਦੇ ਫਲ ਵੀ ਮਾੜੇ, ਹੈ ਜੋ ਬੀਜਿਆ ਉਹੀ ਉੱਗਣਾਂ॥
ਫਿਰ ਆਪਣਾਂ ਬੀਜਿਆ ਆਪੇ ਵੱਢਣਾਂ, ਜੋ ਖੁਦ ਖਲਾਰਿਆ ਆਪੇ ਚੁੱਗਣਾਂ॥

ਇਹ ਜੀਵਨ ਕੋਈ ਬਚਿਆਂ ਦੀ ਖੇਡ ਨਹੀਂ, ਇਹ ਤਾਂ ਹੈ ਸ਼ਤਰੰਜ ਦੀ ਬਾਜੀ॥
ਬੜੀ ਹੀ ਦੁਰਲਭ ਹੈ ਇਹ ਜਿੰਦੜੀ, ਹੈ ਮਿਲਦੀ ਹੋਵੇ ਰਬ ਜੇ ਰਾਜੀ॥

ਪਰ ਪੈਂਦੀ ਸੋਚ ਸਮਝਕੇ ਵਰਤਨੀ, ਸੂਝ ਬੂਝ ਨਾਲ ਪਵੇ ਹੰਡਾਣੀ॥
ਨਹੀਂ ਐਵੇਂ ਹੀ ਅਜਾਈ ਕਰਨੀ, ਹੈ ਜਿੰਦੜੀ ਪੈਂਦੀ ਆਪ ਬਨਾਣੀ॥

**'ਅਗੋਂ ਦੇ ਜੇ ਚੇਤੀਐ, ਤਾਂ ਕਾਇਤੁ ਮਿਲੈ ਸਜਾਇ॥'**
ਕੁਝ ਸੋਚ ਸਮਝ ਲਈਏ ਜੇ ਪਹਿਲੋਂ, ਫਿਰ ਬੰਦਾ ਕਾਹਨੂੰ ਪਛਤਾਇ॥

ਇਹ ਤਾਂ ਕਾਠ ਦੀ ਹਾਂਡੀ ਵਾਂਗ ਹੈ, ਮੁੜ ਮੁੜਕੇ ਨਹੀਂ ਚੜ੍ਹਦੀ ਚੁੱਲੇ॥
ਨਹੀਂ ਮੁੜ ਮੁੜਕੇ ਮਿਲਣੀ ਜਿੰਦਗੀ, ਹੈ ਮਿਲਦੀ ਵਾਂਗ ਹਵਾ ਦੇ ਬੁੱਲੇ॥

ਇਹ ਕੱਟਣੀ ਨਹੀਂ ਹੈ ਸਗੋਂ ਮਾਨਣੀ, ਹੈ ਕਰਨੀ ਜਿੰਦੜੀਸੁਘੜ ਸੁਹਾਣੀ॥
ਇਹ ਰੱਬੀ ਦਾਤ ਹੈ ਇੱਕ ਸੁਗਾਤ ਹੈ, ਐਵੇਂ ਨਹੀਂ ਵਿਅਰਥ ਗੁਆਣੀ॥

ਕਿਸੇ ਜੁਗਤੀ ਮਰਿਯਾਦਾ ਅੰਦਰ, ਪੈਂਦਾਹੈ ਜਿੰਦਗੀ ਨੂੰ ਢਾਲਣਾਂ॥
ਪਾਲਣਾਂ ਪੈਂਦਾ ਹੈ ਅਨੁਸ਼ਾਸਨ, ਘਾਲਣੀ ਪੈਂਦੀਹੈ ਕੋਈ ਘਾਲਣਾਂ॥

ਹੈ ਭੂਤਕਾਲ ਤੋਂ ਸਿਖਣਾਂ ਪੈਂਦਾ, ਵਰਤਮਾਨ ਨੂੰ ਹੋਂਦਾ ਹੈ ਵਰਤਣਾਂ॥
ਫੁੱਲਾਂ ਵਾਂਗ ਬਣਾਕੇ ਜੀਵਨ ਨੂੰ, ਹੈ ਚਾਹੀਦਾ ਵਾਪਸ ਘਰ ਪਰਤਣਾਂ॥

ਹੌਲਾ ਹਲਕਾ ਮਹਿਕਾਂ ਵੰਡਦਾ, ਜੇ ਬਣ ਜਾਵੇ ਜੀਵਨ ਬੰਦੇ ਦਾ॥
ਕਾਲਾ ਧੱਬਾ ਕੋਈ ਨਾਂ ਦਿੱਸੇ, ਨਾਂ ਬਦਬੂ ਮਾਰੇ ਜੀਵਨ ਬੰਦੇ ਦਾ॥

ਇਸ ਲਈ ਸਵੈ ਪੜਚੋਲ ਦੀ ਡਾਢੀਂ ਲੋੜ ਹੈ, ਜੀਵਨ ਕਾਇਆ ਪਲਟਨ ਦੇ ਲਈ॥
ਮਾਨਵ ਧਰਮ ਕਮਾਣ ਦੀ ਲੋੜ ਹੈ, ਸੁਰਖ਼ਰੂ ਹੋ ਘਰ ਪਰਤਣ ਦੇ ਲਈ॥

ਆਪਣਾਂ ਮੂਲ ਪਛਾਣ ਲਵੇ ਜੇ, ਤਾਂ ਮਾਨਵ ਪਦਵੀ ਪਾ ਸਕਦਾ ਹੈ॥
ਰਾਹ ਰੂਹਾਨੀ ਫੜਕੇ 'ਅਰਸ਼ੀ', ਮੰਜ਼ਿਲ ਤੀਕਰ ਜਾ ਸਕਦਾ ਹੈ॥

**'ਨਾਨਕ ਪਰਖੇ ਆਪ ਕਉ, ਤਾਂ ਪਾਰਖ ਜਾਣੁ॥**
**ਰੋਗ ਦਾਰੂ ਦੋਵੈ ਬੁਝੈ, ਤਾਂ ਵੈਦ ਸੁਜਾਣੁ॥'**
**(ਪੰਨਾ 148 ਗੁ: ਗ੍ਰੰ: ਸ:)**

* * *

## ਜੀਵਨ ਅਜਾਈ ਹੈ ਜਾ ਰਿਹਾ (ਗਜ਼ਲ)

ਇਨਸਾਨੀ ਮਿਲੀ ਹੈ ਜਿੰਦਗੀ, ਜੀਵਨ ਨੂੰ ਸਮਝਣ ਜਾਨਣ ਲਈ,
ਪਰ ਐਸਾ ਪੜਦਾ ਹੈ ਪੈ ਗਿਆ, ਕੁਝ ਵੀ ਸਮਝ ਨਹੀਂ ਆ ਰਿਹਾ॥

ਕਈ ਭੋਗ ਭੋਗ ਕੇ ਜੂਨੀਆਂ, ਚੌਰਾਸੀਆਂ ਵਿੱਚ ਭੱਟਕ ਕੇ,
ਮਸਾਂ ਮਿਲਿਆ ਜੀਵਨ ਮਾਨਵੀ, ਹੈ ਲੱਗਦਾ ਅਜਾਈ ਜਾ ਰਿਹਾ॥

ਅਗਿਆਨਤਾ ਵਿੱਚ ਅਣਜਾਨਤਾ, ਨਹੀਂ ਸਮਝੀ ਜੀਵਨ ਮਹਾਨਤਾ,
ਮਿਲੀ ਬੜੀ ਅਮੁਲੀ ਦਾਤ ਸੀ, ਪਰ ਬੰਦਾ ਕਦਰ ਨਹੀਂ ਪਾ ਰਿਹਾ॥

ਦੁਨੀਆਂਦਾਰੀਆਂ ਲੋਕਾਚਾਰੀਆਂ, ਵਿਚ ਜੀਵਨ ਵਿਅਸਤ ਹੈ ਕਰ ਲਿਆ,
ਬੰਦਾ ਮੱਦ ਮਾਇਆ ਵਿਚ ਫੱਸ ਗਿਆ, ਬਣਦਾ ਦੀਵਾਨਾਂ ਜਾ ਰਿਹਾ॥

ਧਨ ਦੌਲਤਾਂ ਕੱਠੀਆਂ ਕਰਨ ਦੀ, ਹੈ ਧੁਨ ਹੀ ਲੱਗ ਗਈ ਜਾਪਦੀ,
ਚਸਕਾ ਇੰਦਰੀ ਅਤੇ ਜਬਾਨ ਦਾ, ਜੀਵਨ ਨੂੰ ਖਾਂਦਾ ਜਾ ਰਿਹਾ॥

ਜਿਸ ਖਾਤਰ ਜੀਵਨ ਮਿਲਿਆ ਸੀ, ਉਹ ਕਾਰਜ ਹੀ ਹੈ ਭੁੱਲ ਗਿਆ,
ਖੁਦ ਨੂੰ ਸਵਾਰਨ ਆਇਆ ਸੀ, ਪਰ ਹੋਰ ਹੈ ਲਿਬੜੀ ਜਾ ਰਿਹਾ॥

ਕਿਰਦੀ ਹੈ ਜਾਂਦੀ ਜਿੰਦਗੀ, ਹੈ ਸਫਰ ਹੀ ਮੁਕੱਦਾ ਜਾ ਰਿਹਾ,
ਪਰ ਲਾਪਰਵਾਹ ਇਹ ਯਾਤਰੀ, ਨਗਮੇ ਹੈ ਇਸ਼ਕੀ ਗਾ ਰਿਹਾ॥

**'ਮਨ ਜਾਨਤ ਸਭ ਬਾਤ, ਜਾਨਤ ਅਉਗਣ ਕਰੇ,'**
ਹੁਣ ਕੌਣ ਬਚਾਵੇ ਉਸਨੂੰ, ਜੋ ਖੁਦ ਹੀ ਡੁੱਬਣ ਹੈ ਜਾ ਰਿਹਾ॥

ਰੱਬੀ ਮਿਹਰਾਂ ਜਿਨਾਂ ਤੇ ਹੋਂਦੀਆਂ, ਫੜ ਲੈਂਦੇ ਰਾਹ ਰੂਹਾਨੀ ਉਹ,
ਹੋ ਅੰਤਰ ਮੁਖੀ ਵਿਚਾਰ ਦੇ, ਬੇ ਅਰਥ ਹੈ ਜੀਵਨ ਜਾ ਰਿਹਾ॥

ਕਿਸੇ ਮੁਰਸ਼ਦ ਦਾ ਦਰ ਮਲ ਲੈਂਦੇ, 'ਅਰਸ਼ੀ' ਫਿਰ ਪਿਛੇ ਵਿਹੰਦੇ ਨਹੀਂ,
ਲੱਗ ਜਾਂਦੀ ਲਗਣ ਹੀ ਅੰਦਰ ਫਿਰ, ਜਦ ਨਿਸਚਾ ਪੱਕਾ ਬਣਾ ਲਿਆ॥

* * *

## ਰੱਬੀ ਰਜ਼ਾ ਵਿੱਚ ਰਹਿਣਾਂ

ਸੁੱਖਾਂ ਦਾ ਜੀਵਨ ਹੈ ਝੱਟ ਲੰਘ ਜਾਂਦਾ,
ਪਰ ਦੁੱਖਾਂ 'ਚ ਜਿੰਦੜੀ ਕੱਟਦੀ ਨਹੀਂ॥
ਹਨ ਭਾਵੇ ਸੁੱਖ ਦੁੱਖ ਕਪੜੇ ਤਨ ਦੇ,
ਇਹ ਭਾਵੀ ਵਰਤਨੋ ਹੱਟਦੀ ਨਹੀਂ॥

ਇਹ ਭਾਵੀ ਹੋਂਦੀ ਹੈ ਰੱਬ ਦਾ ਭਾਣਾਂ,
ਜੋ ਟਲਦਾ ਨਹੀਂ ਕਦੇ ਰੁੱਕਦਾ ਨਹੀਂ॥
ਹੋਂਦਾ ਭਾਣਾਂ ਹੈ ਹੁਕਮ ਇਲਾਹੀ,
ਜੋ ਹੈ ਅੱਟਲ ਕਦੇ ਉੱਕਦਾ ਨਹੀਂ॥

ਹੈ ਆਪਣਾਂ ਕੀਤਾ ਪੈਂਦਾ ਭੁਗੱਤਣਾਂ,
ਆਪਣਾਂ ਬੀਜਿਆ ਪੈਂਦਾ ਖਾਣਾਂ॥
ਭੱਜ ਨਹੀਂ ਸਕਦੇ ਬਿਨਾਂ ਭੁਗਤਿਆਂ,
ਹੈ ਏਹੀ ਤਾਂ ਹੋਂਦਾ ਰੱਬ ਦਾ ਭਾਣਾਂ॥

ਜੋ ਭਾਣੇ ਨੂੰ ਹਨ ਸੀਸ ਨਿਵਾਂਦੇ,
ਉਹਨਾਂ ਨੂੰ ਦੁੱਖ-ਸੁੱਖ ਪੋਂਹਦਾ ਨਹੀਂ॥
ਹੋ ਜਾਂਦੇ ਜੋ ਰੱਬ ਸਮਰਪਣ,
ਫਿਰ ਝੋਰਾ ਫਿਕਰ ਕੋਈ ਛੂੰਹਦਾ ਨਹੀਂ॥

ਐਪਰ ਮਨ ਦੇ ਪਿੱਛੇ ਲੱਗਕੇ ਜਿਹੜੇ,
ਹਨ ਕਰਦੇ ਰਹਿੰਦੇ ਮਨ ਮਰਜੀਆਂ॥
ਨਹੀਂ ਕੋਈ ਜੀਵਨ ਜੁਗਤੀ ਧਾਰਦੇ,
ਕਰਦੇ ਰਹਿੰਦੇ ਹਨ ਅਲਗਰਜ਼ੀਆਂ॥

ਉਹਨਾਂ ਨੂੰ ਚਿੰਤਾ ਝੋਰੇ ਖਾਂਦੇ,
ਬਣੇ ਰਹਿੰਦੇ ਹਨ ਦੁਨੀਆਂਦਾਰ ਜੋ॥
ਲਿਬੜੇ ਰਹਿੰਦੇ ਹਉਂ ਆਪਣੀ ਵਿੱਚ,
ਹਨ ਹੋਂਦੇ ਰਹਿੰਦੇ ਖੱਜਲ ਖੁਆਰ ਉਹ॥

ਨਹੀਂ ਜੋ ਆਪਣੇ ਵਿਰਸੇ ਨੂੰ ਜਾਣਦੇ,
ਆਪਣੇ ਮੂਲ ਨੂੰ ਨਹੀਂ ਪਹਿਚਾਣਦੇ ॥
ਉਹ ਫੱਸ ਜਾਂਦੇ ਮਾਇਆ ਜਾਲ ਵਿੱਚ,
ਹਨ ਉਲਝੇ ਰਹਿੰਦੇ ਖਾਕ ਛਾਣਦੇ ॥

ਪਰ ਜੋ ਤੁਰਦੇ ਹਨ ਰਾਹੇ ਰੂਹਾਨੀ,
ਉਹ ਹਨ ਜੀਵਨ ਖੁਸ਼ੀਆਂ ਮਾਣਦੇ ॥
'ਅਰਸ਼ੀ' ਭਾਣੇ ਅੰਦਰ ਵੱਸਦੇ,
ਹਨ ਓਹੀ ਜੀਵਨ ਭੇਦ ਨੂੰ ਜਾਣਦੇ ॥

ਪਏ ਮਨਮੁੱਖ ਨਰਕੀ ਜੀਵਨ ਭੋਗਦੇ,
ਦੁੱਖ ਕਲੇਸ਼ ਹੰਡਾਈ ਜਾ ਰਹੇ ॥
ਦੁਸ਼ ਕਰਮਾਂ ਦੀ ਅੱਗ ਵਿੱਚ ਸੜਦੇ,
ਹਨ ਅਹਿਲਾ ਜਨਮ ਗਵਾਈ ਜਾ ਰਹੇ ॥

ਸੀ ਮਿਲਿਆ ਤਾਂ ਜੀਵਨ ਕੁੱਝ ਕਰਨ ਲਈ,
ਸਮਾਂ ਸੀ ਮਿਲਿਆ ਆਪਾ ਧੋਣ ਲਈ ॥
ਪਰ ਐਵੇਂ ਹੀ ਅਜਾਈ ਕਰ ਲਿਆ,
ਕੋਈ ਯਤਨ ਨਹੀਂ ਕੀਤਾ ਨਿਰਮਲ ਹੋਣ ਲਈ ॥

ਸਮਝ ਰਿਹਾ ਨਹੀਂ ਸੁਧਰ ਰਿਹਾ ਨਹੀਂ,
ਭਾਵੇਂ ਭੁਗਤ ਤੇ ਭੋਗ ਰਿਹਾ ਹੈ ॥
ਤਨ ਮਨ ਦੇ ਦੁੱਖਾਂ ਦਾ ਮਾਰਿਆ,
ਹੋ ਅਜੇ ਵੀ ਨਹੀਂ ਅਰੋਗ ਰਿਹਾ ਹੈ ॥

ਕਿਰਦੀ ਜਾਂਦੀ ਹੈ ਪਲ ਪਲ ਜਿੰਦਗੀ,
ਜਿਵੇਂ ਟੁੱਟੇ ਘੜੇ 'ਚੋਂ ਸਿੰਮਦਾ ਪਾਣੀ ॥
ਪਿਆ ਅਜੇ ਵੀ ਮਨ ਪਾਗਲ ਨਹੀਂ ਸੰਭਲਦਾ,
ਨਹੀਂ ਹੱਟਦਾ ਕਰਨੋ ਅਜੇ ਸ਼ੈਤਾਨੀ ॥

* * *

# ਇੱਕ ਨੂਰੀ ਝਲਕਾਰਾ (ਗਜ਼ਲ)

ਨੂਰ ਨੂਰਾਨੀ ਤੱਕ ਝਲਕਾਰਾ, ਅਜਬ ਹੀ ਕੋਈ ਅਹਿਸਾਸ ਹੈ ਹੋਇਆ॥
ਰਾਹ ਰੂਹਾਨੀ ਵੇਖ ਨਜ਼ਾਰਾ, ਅਰਸ਼ੀ ਅਨੁਭਵ ਖਾਸ ਹੈ ਹੋਇਆ॥

ਜਿੰਦਗਾਨੀ ਜਗ ਮਗਾ ਹੈ ਉੱਠੀ, ਭਾਵਨਾਂ ਲਹਿਲਹਾ ਹੈ ਉੱਠੀ,
ਅਤਮਾਂ ਗਦਗਦਾ ਹੈ ਉੱਠੀ, ਮਨ ਅੰਦਰ ਪਰਗਾਸ ਹੈ ਹੋਇਆ॥

ਹਨ ਨੱਚ ਉਠੇ ਚਿੱਤ ਚਾਅ ਹੀ ਸਾਰੇ, ਖੁਸ਼ੀਆਂ ਖੇੜੇ ਜਿਨਾਂ ਖਲਾਰੇ,
ਐਸਾ ਮਿਹਰਾਂ ਦਾ ਮੀਹ ਵੱਸਿਆ, ਸਭ ਚੌਗਿਰਦਾ ਪਾਕ ਹੈ ਹੋਇਆ॥

ਅਖੀਂ ਡਿੱਠੇ ਹਰਸ਼ ਹੁਲਾਰੇ, ਅਜਬ ਅਨੂਠੇ ਦ੍ਰਿਸ਼ ਨਜ਼ਾਰੇ,
ਵੇਖ ਲਏ ਕਾਦਰ ਦੇ ਕ੍ਰਿਸ਼ਮੇ, ਅਜਬ ਅਚੰਭਾ ਖਾਸ ਹੈ ਹੋਇਆ॥

ਕੋਈ ਵੇਖ ਲਈ ਅਣਡਿੱਠੀ ਦੁਨੀਆਂ, ਕੋਈ ਗੈਬੀ ਪੈਗਾਮ ਵੀ ਸੁਣਿਆਂ,
ਸਾਂ ਜਿਸਦੀ ਤਲਾਸ਼ ਪਏ ਕਰਦੇ, ਉਸਦਾ ਅੰਦਰ ਵਾਸ ਹੈ ਹੋਇਆ॥

ਵਿਹੰਦੇਸਾਰ ਚੜ ਗਈ ਖੁਮਾਰੀ, ਲੱਗੇ ਜਿਵੇਂ ਹੁਲਾਰ ਆ ਗਿਆ,
ਝੂੰਮਦਾ ਮਨੂਆਂ ਗਦਗਦ ਹੋ ਗਿਆ, ਕੋਈ ਭੇਦ ਤੋਂ ਪੜਦਾ ਫਾਸ਼ ਹੈ ਹੋਇਆ॥

ਹੁਣ ਖੇੜਾ ਖੇੜਾ ਹਰ ਪਾਸੇ ਹੀ, ਟਹਿਕਦਾ ਜਾਪੇ ਹਰ ਪੱਤਾ ਹੀ,
ਹੈ ਵੱਡੀ ਰਹਿਮਤ ਹੋ ਗਈ ਲੱਗਦੀ, ਤਾਂ ਏਡਾ ਹੁਲਾਸ ਹੈ ਹੋਇਆ॥

ਬੂੰਦ ਨੂੰ ਮਿਲ ਗਿਆ ਜਾਪੇ ਸਾਗਰ, ਰੂਹ ਨੂੰ ਮਿਲ ਗਿਆ ਆਪਣਾ ਕਾਦਰ,
ਜੀਵਨ ਮੁਕਤ ਮਿਲਾਪ ਹੋ ਗਿਆ,ਕੋਈ ਦੈਵੀ ਪ੍ਰਕਾਸ਼ ਹੈ ਹੋਇਆ॥

ਹੁਣ ਕੋਈ ਇੱਛਾ ਹੀ ਨਹੀਂ ਰਹਿ ਗਈ, ਹਰ ਇਕ ਲੋੜ ਹੀ ਪੂਰੀ ਹੋ ਗਈ,
ਤ੍ਰਿਪਤ ਅਘਾਨੇ ਹੋਇ ਅਨੰਦਤ, ਸਭ ਭੁੱਖ ਅਦੇਸਾ ਨਾਸ ਹੈ ਹੋਇਆ॥

ਲੱਗਦਾ ਗੁਰ ਪ੍ਰਸਾਦ ਹੈ ਹੋਇਆ, ਮੁਰਸ਼ਦ ਦਾ ਇਰਸ਼ਾਦ ਹੈ ਹੋਇਆ,
ਇਹ ਮਿਹਰਾਂ ਵਾਲੇ ਮਿਹਰ ਹੈ ਕੀਤੀ, 'ਅਰਸ਼ੀ' ਦ੍ਰਿੜ ਵਿਸ਼ਵਾਸ ਹੈ ਹੋਇਆ॥

* * *

## ਇੱਕ ਨਿਜੀ ਅਨੁਭਵ ਅਹਿਸਾਸਾ

ਹੈ ਅਨੁਭਵ ਤੇ ਅਹਿਸਾਸ ਹੋ ਗਿਆ,
ਹਾਂ ਆ ਗਏ ਅਸੀਂ ਵੀ ਨਜ਼ਰ ਸਵੱਲੀ ਥੱਲੇ॥
ਉਹ ਮਾਲਕ ਸਾਡੇ ਨਾਲ ਹੈ ਰਹਿੰਦਾ,
ਨਹੀਂ ਹੁਣ ਅਸੀਂ ਯਤੀਮ ਇਕੱਲੇ॥
ਸੀ ਉਹ ਤਾਂ ਪਹਿਲਾਂ ਵੀ ਨਾਲ ਹੀ ਸਾਡੇ,
ਪਰ ਬੇਸਮਝੀ ਵਿੱਚ ਅਸੀਂ ਸੀ ਭੁੱਲੇ;
ਦ੍ਰਿੜ ਪੂਰਾ ਹੁਣ ਵਿਸ਼ਵਾਸ ਹੋ ਗਿਆ,
ਹਨ ਫੜ ਲੈ ਅਸਾਂ ਵੀ ਘੁਟਕੇ ਪੱਲੇ ॥ ੧॥

**"ਕਬੀਰ ਜਾ ਕਉ ਖੋਜਤੇ, ਪਾਇਓ ਸੋਈ ਠਉਰੁ॥**
**ਸੋਈ ਫਿਰਿ ਕੈ ਤੂੰ ਭਇਆ, ਜਾ ਕਉ ਕਹਤਾ ਅਉਰ॥"**

ਅਸੀਂ ਲੱਭ ਰਹੇ ਸੀ ਉਸਨੂੰ ਬਾਹਰੋਂ,
ਪਰ ਉਹ ਸੀ ਛੁੱਪਿਆ ਬੈਠਾ ਅੰਦਰ॥
ਆਤਮ ਰੂਪ ਬਣਾਕੇ ਬੈਠਾ,
ਸੀ ਮੱਲੀ ਬੈਠਾ ਉਹ ਮਨ ਮੰਦਰ॥
ਇਹ ਚੇਤਨ ਸ਼ਕਤੀ ਹੈ ਓਸੇ ਦੀ,
ਹੈ ਜਿਸਦੇ ਕਾਰਨ ਜੀਵਨ ਬਣਿਆ;
ਜੇ ਉਹ ਨਾ ਹੋਵੇ ਤਾਂ ਦੇਹ ਮਿੱਟੀ ਹੈ,
ਹੈ ਉਹਦੇ ਕਰਕੇ ਇਹ ਮਛੰਦਰ॥ ੨॥

ਪਰ ਉਸਨੂੰ ਬੁੱਝਣਾਂ ਕੋਈ ਸੋਖਾ ਨਹੀਂ,
ਉਸਦਾ ਰੂਪ ਰੰਗ ਹੀ ਕੋਈ ਨਹੀਂ॥
ਉਹ ਨਹੀਂ ਵਿਅਕਤੀ ਹੈ ਚੇਤਨ ਸ਼ਕਤੀ,
ਢੂੰਢ ਸੱਕਣ ਦਾ ਢੰਗ ਹੀ ਕੋਈ ਨਹੀਂ॥
ਹੈ ਉਹ ਕੇਵਲ ਅਨੁਭਵ ਹੀ ਹੋਂਦਾ,
ਜੋ ਉਹਦੇ ਵਰਗਾ ਹੈ ਹੋ ਜਾਂਦਾ;
ਉਹਦੇ ਹੁਕਮ ਰਜਾ ਵਿੱਚ ਰਹਿੰਦਾ,
ਰੱਖਦਾ ਹੋਰ ਉਮੰਗ ਹੀ ਕੋਈ ਨਹੀਂ ॥ ੩॥

ਹੈ ਉਸਨੂੰ ਮਿਲਣ ਦਾ ਰਾਹ ਇੱਕੋ ਹੀ,
ਓਸੇ ਵਰਗਾ ਹੀ ਬਣ ਜਾਣਾਂ॥
ਧਾਰਨ ਕਰਕੇ ਉਸਦੇ ਗੁਣਾਂ ਨੂੰ,
ਉਸਨੂੰ ਹੀ ਸਮਰਪਤ ਹੋ ਜਾਣਾਂ॥
ਆਪਣੀ ਹਉਮੈ ਹੋਂਦ ਮਿਟਾਕੇ,
ਲੀਣ ਹੋ ਜਾਣਾਂ ਉਹਦੇ ਅੰਦਰ;
ਜੀਵਨ ਨਿਰਮਲ ਖਾਲਸ ਕਰਕੇ,
ਆਪਣਾ ਮਾਨਵ ਧਰਮ ਕਮਾਣਾਂ ॥ ੪॥

ਹੈ ਉਸਦੀ ਰਹਿਮਤ ਜਿਨ੍ਹਾਂ ਤੇ ਹੋਂਦੀ;
ਉਹਨਾਂ ਨੂੰ ਆਪਣੇ ਲੜ ਲਾ ਲੈਂਦਾ॥
ਖਿੱਚ ਹੈ ਲੈਂਦਾ ਆਪਣੇ ਵੱਲੀ,
ਸਿੱਧੇ ਰਸਤੇ ਤੇ ਪਾ ਦੇਂਦਾ॥
ਜਦ ਸਿਰ ਤੇ ਹੱਥ ਮਿਹਰ ਦਾ ਧਰਦਾ,
ਕੱਢ ਹੈ ਦੇਂਦਾ ਮਾਇਆ ਜਾਲ 'ਚੋਂ;
'ਅਰਸ਼ੀ' ਮਸਤ ਮੌਲਾ ਚਾ ਕਰਦਾ,
ਆਪਣਾ ਖਾਸ ਬਣਾ ਹੈ ਲੈਂਦਾ॥ ੫॥

ਹੈ ਰਾਹ ਰੂਹਾਨੀ ਜਦ ਤੋਂ ਫੜਿਆ,
ਲੱਗਦੀ ਸੁਧਰ ਗਈ ਹੈ ਜਿੰਦਗੀ॥
ਨਿਰਵਿਰਤੀ ਨੇ ਚਰਨੀ ਲਾ ਲਿਆ,
ਹੈ ਵੱਸ ਗਈ ਅੰਦਰ ਪ੍ਰਭੂ ਬੰਦਗੀ॥
ਰਹੀ ਦੁਨੀਆਂਦਾਰੀ ਵਿੱਚ ਨਹੀਂ ਸੁਰਤੀ,
ਲੱਗਣ ਕੋਈ ਸੱਚੀ ਅੰਦਰ ਲੱਗ ਗਈ;
ਮਿਹਰਾਂਵਾਲੇ ਮਿਹਰ ਹੈ ਕੀਤੀ,
ਹੈ ਲੱਗਦੀ ਮਿਲ ਗਈ ਬਖਸ਼ਿੰਦਗੀ॥ ੬॥

* * *

## ਬੰਦੇ ਦੀਆਂ ਪਰੇਸ਼ਾਨੀਆਂ (ਗਜ਼ਲ)

ਬੰਦੇ ਦੀਆਂ ਪਰੇਸ਼ਾਨੀਆਂ, ਹਨ ਓਸੇ ਦੀਆਂ ਨਾਦਾਨੀਆਂ,
ਖੁਦਗਰਜੀਆਂ ਮਨਮਰਜ਼ੀਆਂ, ਹਨ ਬਣ ਦੀਆਂ ਬਦਮਗਜੀਆਂ॥

ਜਦ ਭੁੱਲ ਜਾਂਦਾ ਮੂਲ ਆਪਣਾਂ, ਵਿਰਸਾ ਹੀ ਜਦੋਂ ਵਿਸਾਰਦਾ,
ਨਹੀਂ ਦੀਨ ਧਰਮ ਕੋਈ ਰੱਖਦਾ, ਹੈ ਕਰਦਾ ਗੱਲਾਂ ਫਰਜੀਆਂ॥

ਜਦ ਜਿਉਣ ਲੱਗਦਾ ਸੁਪਨਿਆਂ 'ਚ, ਮਨ ਆਈਆਂ ਕਰਦਾ ਸ਼ੇਖੀਆਂ,
ਮੱਦ ਮਾਇਆ ਵਿੱਚ ਹੈ ਲਿਬੜਦਾ, ਗਾਂਦਾ ਗਜ਼ਲਾਂ ਬੇਤਰਜੀਆਂ॥

ਮਾਇਆ ਦੀਵਾਨਾਂ ਬਣ ਗਿਆ, ਲੱਗਦਾ ਸ਼ੌਦਾਈ ਹੋ ਗਿਆ,
ਪੈਸਾ ਹੀ ਪੈਸਾ ਕਰ ਰਿਹਾ, ਪਿਆ ਕੱਢਦਾ ਤਰਲੇ ਅਰਜੀਆਂ॥

ਹਿਰਦੇ 'ਚ ਕਪਟ ਹੀ ਭਰ ਲਿਆ, ਬਦਖੋਹੀਆਂ ਰਹਿੰਦਾ ਸੋਚਦਾ,
ਫਿਰ ਕਹਿੰਦਾ ਮਨ ਬੇਚੈਨ ਹੈ ਰਹਿੰਦਾ, ਕਰਦਾ ਹੈ ਗੱਲਾਂ ਖਿਲਜੀਆਂ॥

ਪਿਆ ਦੂਜਿਆਂ ਨੂੰ ਕੋਸਦਾ, ਨਹੀਂ ਕਰਨੀਆਂ ਵੱਲ ਵੇਖਦਾ,
ਦੁੱਖਾਂ ਦੇ ਕਾਰਨ ਬਣਦੀਆਂ, ਹਨ ਬੰਦੇ ਦੀਆਂ ਅਲਗਰਜੀਆਂ॥

ਹੋਰਾਂ ਦੀਆਂ ਨੁਕਤਾ ਚੀਨੀਆਂ, ਹੋਰਾਂ ਦੀਆਂ ਛਾਨਾਂ ਬੀਨੀਆਂ,
ਨਹੀਂ ਆਪਣਾ ਆਪਾ ਚੀਣਦਾ, ਨਹੀਂ ਢਾਂਹਦਾ ਹੈਂਕੜ ਬੁਰਜੀਆਂ॥

**'ਆਪ ਸਵਾਰਹਿ ਮੈਂ ਮਿਲੇ, ਮੈਂ ਮਿਲਿਆ ਸੁਖ ਹੋਏ,'**
ਸੁਧਰ ਜਾਵੇ ਜਨਮ ਹੀ 'ਅਰਸ਼ੀ', ਛੱਡ ਦੇਵੇ ਜੇ ਮਨਮਰਜ਼ੀਆਂ॥

* * *

## ਨਾਕਾਰਾਤਮਕ ਸੋਚਣੀ-ਨਾਹਵਾਦੀ ਰੁਚੀ

ਹਨੇਰਾ ਤਾਂ ਹੋਂਦਾ ਹੀ, ਕਾਲਖ ਧੂੰਆ ਅੰਧਕਾਰ ਹੈ॥
ਪਰ ਹੋਂਦਾ ਅਗਿਆਨ ਵੀ, ਨਿਰਾ ਅੰਧਿਆਰ ਹੈ॥

ਸੁੱਝਦਾਂ ਬੁੱਝਦਾ ਕੁੱਝ ਨਹੀਂ, ਦੋਹਾਂ ਦੇ ਅੰਦਰ ਹੀ॥
ਜੀਵਨ ਨਾਕਾਰਾ ਬਣ ਜਾਂਦਾ, ਅਸਲੋਂ ਇੱਕ ਖੰਡਰ ਹੀ॥

ਪੈਰ ਪੈਰ ਤੇ ਹੋਂਦੀਆਂ ਹਨ, ਕਈ ਖਜਲ ਖੁਆਰੀਆਂ॥
ਕਦਮ ਕਦਮ ਤੇ ਪੇਸ਼ ਆਵਨ, ਕਈ ਦਿਕਤਾਂ ਦੁਸ਼ਵਾਰੀਆਂ॥

ਹੈ ਬਣ ਜਾਂਦਾ ਜੀਵਨ ਹੀ, ਇਕ ਕੰਡਿਆਲਾ ਰਸਤਾ ਜੇਹਾ॥
ਡਾਢਾ ਹੀ ਰਾਹ ਕੋਥੱਰਾ, ਅਸਲੋਂ ਹੀ ਖਸਤਾ ਜੇਹਾ॥

ਮਨ ਮਤੀਆ ਮੂਰਖ ਹੀ, ਇਸ ਰਸਤੇ ਤੇ ਤੁਰਦਾ ਹੈ॥
ਜਿਸ ਕੋਲ ਸੋਚਣ ਵਾਲਾ, ਨਹੀਂ ਹੋਂਦਾ ਹੀ ਪੁਰਜਾ ਹੈ॥

ਅਗਿਆਨ ਹੀ ਹੋਂਦਾ ਹੈ, ਉਸ ਅੰਦਰ ਭਰਿਆ ਹੋਇਆ॥
ਆਪਣਾਂ ਮਨ ਕਾਲਾ ਅੰਦਰੋਂ, ਉਸ ਹੋਂਦਾ ਹੈ ਕਰਿਆ ਹੋਇਆ॥

ਜਦ ਭਰ ਜਾਂਦੀ ਹੈ ਮਨ ਵਿੱਚ ਕਾਲਖ, ਹਰ ਪਾਸੇ ਹੀ ਦਿੱਸੇ ਕਾਲਾ॥
ਜਦ ਚੜ ਜਾਂਦੀ ਕਾਲੀ ਐਨਕ, ਫਿਰ ਕਾਲਾ ਹੀ ਆਲਦੁਆਲਾ॥

ਜਦ ਬਣ ਜਾਂਦੀ ਸੋਚ ਨਿਕਾਰਾ॥ ਫਿਰ ਕਾਲਾ ਹੋ ਜਾਂਦਾ ਹਰ ਕਾਰਾ॥
ਹੈ ਸੋਚਣੀ ਹੀ ਵਿਗੜ ਖੜੋਂਦੀ॥ ਜਦ ਨਾਂਹਵਾਦੀ ਸੁਰਤੀ ਹੋਂਦੀ॥

ਮਨ ਨੂੰ ਕੋਈ ਚੈਣ ਨਹੀਂ ਮਿਲਦੀ, ਵੱਸਦੀ ਨਹੀਂ ਅੰਦਰ ਸ਼ਾਂਤੀ॥
ਬਹਿਬਲ ਮਨ ਹੋਇਆ ਰਹਿੰਦਾ, ਮਿਲਦੀ ਨਹੀਂ ਬੂੰਦ ਸਵਾਂਤੀ॥

ਮਨ ਉਬੱਲਦਾ ਉੱਡਦਾ ਰਹਿੰਦਾ, ਕੜਦਾ ਤੇ ਰਿੱਝਦਾ ਰਹਿੰਦਾ॥
ਗੁੱਸੇ ਵਿੱਚ ਰਹਿੰਦਾ ਭਰਿਆ, ਕਰਿਝਦਾ ਤੇ ਖਿੱਝਦਾ ਰਹਿੰਦਾ॥

ਹੈ ਅੰਦਰ ਇਕ ਜ਼ਹਿਰ ਬਣ ਜਾਂਦਾ॥ ਜੋ ਕਾਇਆ ਨੂੰ ਅੰਦਰੋਂ ਖਾਂਦਾ॥
ਇੰਜ ਤਨ ਮਨ ਹੋ ਜਾਂਦਾ ਰੋਗੀ॥ ਜੀਵਨ ਬਣ ਜਾਂਦਾ ਹੈ ਸੋਗੀ॥

ਜਿਵੇਂ ਸੱਪ ਹੈ ਰਹਿੰਦਾ ਵਿੱਸ ਘੋਲਦਾ, ਫਿਰ ਆਪੇ ਹੀ ਮਰ ਮੁੱਕ ਹੈ ਜਾਂਦਾ॥
ਤਿਵੇਂ ਹੀ ਨਾਂਹਵਾਦੀ ਬੰਦਾ ਵੀ, ਹੈ ਆਪਣਾ ਜੀਵਨ ਆਪ ਗਵਾਂਦਾ॥

ਕਿਸੇ ਦਾ ਕੁੱਝ ਨਹੀਂ ਵਿਗਾੜਦਾ, ਹੈ ਕਰ ਲੈਂਦਾ ਨਾਸ ਆਪਣਾ ਹੀ॥
'ਅਰਸ਼ੀ' ਬਣ ਕੇ ਨਾਂਹ ਵਾਦੀਆ, ਹੈ ਕਰ ਲੈਂਦਾ ਵਿਨਾਸ਼ ਆਪਣਾ ਹੀ॥

* * *

## ਸਾਕਾਰਾਤਮਕ ਸੋਚਣੀ- ਹਾਂ ਵਾਦੀ ਰੁਚੀ

ਹੈ ਇੱਕ ਹੋਰ ਵੀ ਰਾਹ ਜੀਵਨ ਦੀ, ਪਰ ਉਸ ਉੱਤੇ ਹਨ ਤੁਰਦੇ ਥੋੜ੍ਹੇ॥
ਉਹ 'ਹਾਂ ਵਾਚੀ' ਹੋਂਦਾ ਹੈ ਰਸਤਾ, ਜਿਸ ਵਿੱਚ ਹੋਂਦੇ ਨਹੀਂ ਬਖੇੜੇ॥

ਇਹ ਰਸਤਾ ਰਹੇ ਜਗਮਗਾਂਦਾ, ਇਸ ਵਿੱਚ ਕੋਈ ਭਰਮ ਨਹੀਂ ਹੋਂਦਾ॥
ਕੀਤੇ ਦਾ ਕੋਈ ਸ਼ਰਮ ਨਹੀਂ ਹੋਂਦਾ, ਕਰ ਸਕਣਾਂ ਹੀ ਧਰਮ ਹੈ ਹੋਂਦਾ॥

ਇਸ ਵਿੱਚ ਹੋਂਦਾ ਗਿਆਨ ਦਾ ਚਾਨਣ, ਜੋ 'ਅਰਸ਼ੀ' ਪਾਰਦਰਸ਼ੀ ਹੈ ਹੋਂਦਾ॥
ਵਿੱਚ ਓਹਲਾ ਪੜਦਾ ਨਹੀਂ ਕੋਈ ਹੋਂਦਾ, ਬਲਕਿ ਹੈ ਸਮਦਰਸ਼ੀ ਹੋਂਦਾ॥

ਜਦ ਮਨ ਦਾ ਫੁਰਨਾਂ ਹੀ ਹੈ ਸੁੱਥਰਾ, ਫਿਰ ਕਰਮ ਕਿੰਜ ਹੋ ਸਕਦਾ ਹੈ ਕੋਥਰਾ॥
ਜਦ ਰਸਤਾ ਹੀ ਹੈ ਸਾਫ ਤੇ ਸੁੱਥਰਾ, ਕਿੰਜ ਠੇਡਾ ਖਾ ਸਕਦਾ ਹੈ ਲੋਥਰਾ॥

ਹਨ ਜੀਵਨ ਦੇ ਲਈ ਦੋ ਹੀ ਰਸਤੇ, ਹੈ ਜਿਨਾਂ ਤੇ ਸੰਸਾਰ ਚਲ ਰਿਹਾ॥
ਇਕ ਹੈ ਸੁੱਥਰਾ ਚਾਨਣ ਭਰਿਆ, ਦੂਜੇ ਵਿਚ ਅੰਧਕਾਰ ਪਲ ਰਿਹਾ॥

ਜਿਵੇਂ ਦਾ ਰਸਤਾ ਜਿਸ ਆਪਣਾਇਆ, ਤਿਵੇਂ ਹੀ ਉਸਦਾ ਜੀਵਨ ਬਣ ਗਿਆ॥
ਕਾਲੀ ਐਨਕ ਦੇਖਦੀ ਕਾਲਖ, ਚਿੱਟੀ 'ਚ ਚਿੱਟਾ ਅੰਬਰ ਤਣ ਗਿਆ॥

ਸੀ ਕੁੱਝ ਪਾਣੀ ਬਰਤਨ ਅੰਦਰ, ਜਦ ਦੋਹਾਂ ਦੇ ਅੱਗੇ ਜਾ ਧਰਿਆ॥
ਨਾਂਹਵਾਦੀ ਕਹਿ ਅੱਧਾ ਖਾਲੀ ਹੈ, ਹਾਂ ਵਾਦੀ ਕਹਿ ਅੱਧਾ ਭਰਿਆ॥

ਆਪਣੀ ਆਪਣੀ ਹੋਂਦੀ ਦ੍ਰਿਸ਼ਟੀ॥ ਜੈਸੀ ਦ੍ਰਿਸ਼ਟੀ ਵੈਸੀ ਸਰਿਸਟੀ॥
ਦ੍ਰਿਸਟੀ ਨੂੰ ਸੋਧਣ ਦੀ ਲੋੜ ਹੈ॥ ਜੀਵਨ ਪ੍ਰਬੋਧਨ ਦੀ ਲੋੜ ਹੈ॥

ਹੈ ਹਾਂ ਵਾਦੀ ਲਈ ਹਰ ਥਾਂ ਖੇੜਾ, ਹਰ ਥਾਂ ਖੁਸ਼ੀਆਂ ਅਤੇ ਬਹਾਰਾਂ॥
ਉਸਨੂੰ ਮਾੜਾ ਦਿੱਸਦਾ ਹੀ ਨਹੀਂ, ਕੋਈ ਮਾੜਾ ਲੱਗਦਾ ਹੀ ਨਹੀਂ ਕਾਰਾ॥

ਰਹੇ ਆਪਣੇ ਅੰਦਰ ਝਾਤੀਆਂ ਮਾਰਦਾ॥ ਆਪਣਾ ਆਪਾ ਰਹੇ ਸਵਾਰਦਾ॥
ਆਪਣਾਂ ਜੀਵਨ ਧੋਂਦਾ ਰਹਿੰਦਾ॥ ਗੁਣਾਂ ਦੇ ਹਾਰ ਪਰੋਂਦਾ ਰਹਿੰਦਾ॥

ਨਹੀਂ ਬਹਿਸਾਂ ਕਰਦਾ ਨਹੀਂ ਖਬਿੜਦਾ, ਆਪਣੀ ਮਸਤੀ ਅੰਦਰ ਜੀਂਦਾ॥
ਸਾਦਕ ਸਿਦਕੀ ਬਣਿਆ ਰਹਿੰਦਾ, ਆਤਮ ਚਿੰਤਨ ਅੰਮ੍ਰਿਤ ਪੀਂਦਾ॥

ਅੰਦਰੋਂ ਬਾਹਰੋਂ ਇਕੋ ਬਣਦਾ, ਕੋਈ ਦੁਬਿਧਾ ਦੋਗਲਾਪਣ ਨਹੀਂ ਹੋਂਦਾ॥
'ਅਰਸ਼ੀ' ਜੀਵਨ ਪਦਵੀ ਪਾਣ ਲਈ, ਹੈ ਰਹਿੰਦਾ ਆਪਣਾ ਆਪਾ ਧੋਂਦਾ॥

* * *

## ਮਨੁੱਖੀ ਮਨ (ਸੂਫੀ ਗੀਤ)

**ਮਨ ਖੁਟਹਰ ਤੇਰਾ ਨਹੀਂ ਬਿਸਾਸੁ, ਤੂੰ ਮਹਾ ਉਦਮਾਦਾ॥
ਖਰ ਕਾ ਪੈਖਰੁ ਤਉ ਛੁਟੈ, ਜਉ ਊਪਰਿ ਲਾਦਾ॥
(ਪੰਨਾ 815 ਗੁ: ਗ੍ਰੰ: ਸ:)**

ਮਨ ਚੰਚਲ ਹੈ ਟਿੱਕਦਾ ਹੀ ਨਹੀਂ, ਬਸ ਨੱਚਦਾ ਤੇ ਟੱਪਦਾ ਹੀ ਰਹਿੰਦਾ॥
ਸ਼ਾਂਤ ਨਹੀਂ ਹੋਂਦਾ ਅੰਦਰੋਂ ਮੱਚਲਾ, ਉਲਝਿਆ ਖਿੱਝਦਾ ਖਪਦਾ ਰਹਿੰਦਾ॥

ਨਿਤ ਨਵੇਂ ਸ਼ਗੂਫੇ ਛੱਡਦਾ ਰਹਿੰਦਾ, ਰਹੇ ਕਰਦਾ ਹੀ ਸਦਾ ਦਲੀਲਾਂ॥
ਨਿਤ ਨਵੇਂ ਹੀ ਸੁਪਨੇ ਵਿਹੰਦਾ ਰਹਿੰਦਾ, ਕਈ ਨਵੀਆਂ ਘੜ ਘੜ ਤਪਸੀਲਾਂ॥

ਸ਼ੇਖ ਚਿੱਲੀਆਂ ਵਾਂਗ ਵਿਉਂਤਾਂ, ਬਿਨ ਸਿਰ ਪੈਰੋਂ ਘੜੇ ਘਾੜਤਾਂ॥
ਅੱਲਵਲੱਲੀਆਂ ਅਲੋਕਾਰੀਆਂ, ਜੋ ਜਾਪਣ ਵਾਂਗ ਬੁਝਾਰਤਾਂ॥

**''ਕਬਹੂੰ ਜੀਅੜਾ ਊਭਿ ਚੜਤ ਹੈ, ਕਬਹੂ ਜਾਇ ਪਇਆਲੇ॥
ਲੋਭੀ ਜੀਅੜਾ ਥਿਰੁ ਨ ਰਹਤ ਹੈ, ਚਾਰੇ ਕੁੰਡਾ ਭਾਲੇ॥''
(ਪੰਨਾ 876 ਗੁ: ਗ੍ਰੰ: ਸਾ:)**

ਵਿਹਲਾ ਮਨ ਸ਼ੈਤਾਨ ਦਾ ਡੇਰਾ, ਦੱਬੇ ਮੁਰਦੇ ਰਹੇ ਉਖਾੜਦਾ॥
ਰਹੇ ਖਰੋਚਦਾ ਭੁੱਲੀਆਂ ਯਾਦਾਂ, ਘੁੱਗ ਵੱਸਦੇ ਵੀ ਰਹੇ ਉਜਾੜਦਾ॥

ਚਿੰਤਾਵਾਂ ਵਿੱਚ ਡੁੱਬਿਆ ਰਹਿੰਦਾ, ਖੁੱਭਿਆ ਰਹਿੰਦਾ ਫਿਕਰਾਂ ਅੰਦਰ॥
ਬਹਿਬਲ ਤੇ ਬੇਚੈਨ ਹੀ ਰਹਿੰਦਾ, ਰੁਝਿੱਆ ਰਹਿੰਦਾ ਫਿਕਰਾਂ ਅੰਦਰ॥

ਮਨ ਬੰਦੇ ਦਾ ਵੱਸ ਨਹੀਂ ਰਹਿੰਦਾ, ਉਦਾਸੀਨ ਹੀ ਬਣਿਆ ਰਹਿੰਦਾ॥
ਬਿਨਾ ਕਾਰਨੋਂ ਰਹੇ ਉਦਾਸਿਆ, ਹੈ ਗਮਗ਼ੀਨ ਹੀ ਬਣਿਆ ਰਹਿੰਦਾ॥

ਕੁੱਝ ਵੀ ਤਾਂ ਚੰਗਾ ਨਹੀਂ ਲੱਗਦਾ, ਜਾਪੇ ਉੱਡਦਾ ਉੱਡਦਾ॥
ਸਮਾਂ ਗੁਜ਼ਾਰਨਾ ਔਖਾ ਬਣਦਾ, ਜਾਪੇ ਚੁੱਭਦਾ ਚੁੱਭਦਾ॥

ਫਿਰ ਚੰਬੜ ਜਾਂਦੀ ਚਿੰਤਾ ਚੰਦਰੀ, ਮਨ ਰੋਗੀ ਹੋ ਜਾਂਦਾ॥
ਘੁਣ ਵਾਂਗੂ ਲੱਗ ਜਾਏ ਬੀਮਾਰੀ, ਮਨ ਸੋਗੀ ਹੋ ਜਾਂਦਾ॥

ਇੰਜ ਪੱਲਰ ਸਕਦਾ ਕਿਵੇਂ ਹੈ ਜੀਵਨ, ਜਦ ਵਿਗੜ ਹੈ ਜਾਂਦੀ ਮਨੋਦਿਸ਼ਾ ਹੀ॥
ਮਨੋਬਲ ਹੀ ਜਦ ਗਿਰ ਜਾਵੇ, ਭੁੱਲ ਹੀ ਜਾਵੇ ਜਦੋਂ ਵਿਸ਼ਾ ਹੀ॥

ਇਹ ਮਨ ਤਾਂ ਇੱਕ ਗਦੇ ਵਾਂਗ ਹੈ, ਇਸ ਨੂੰ ਪੈਂਖੜ ਪਾ ਕੇ ਰੱਖੋ॥
ਇਸ ਉੱਪਰ ਕੁੱਝ ਲੱਦ ਕੇ ਰੱਖੋ, ਇਸ ਦੀ ਦੁੰਬ ਦਬਾਕੇ ਰੱਖੋ॥

ਕਦੇ ਨਾ ਛੱਡੋ ਇਸਨੂੰ ਵਿਹਲਾ, ਬਲਕਿ ਆਹਰੇ ਲਾਈ ਰੱਖੋ॥
ਰੁੰਨ ਕੇ ਰੱਖੋ, ਨੱਥਕੇ ਰੱਖੋ, ਕਿਸੇ ਵੀ ਕਾਰੇ ਲਾਈ ਰਖੋ॥

ਚੰਗਾ ਹੈ ਸੁਕ੍ਰਿਤ ਕਮਾਏ, ਕਿਸੇ ਚੰਗੇ ਪਾਸੇ ਲਾਕੇ ਰੱਖੋ॥
ਇਸਦੀ ਦੁਰਮੱਤ ਮਾਰਕੇ ਰੱਖੋ, ਸੋਝੀ ਸੁਰਤ ਬਚਾਕੇ ਰੱਖੋ॥

ਸੁਧਰ ਜਾਵੇ ਜੇਕਰ ਇਹ ਮਨੂਆਂ, ਫਿਰ ਜੀਵਨ ਆਪੇ ਸੁਧਰ ਜਾਏਗਾ॥
ਰਹਿਮਤ ਹੋ ਜਾਵੇਗੀ ਰੱਬ ਦੀ, ਮਾਨਵ ਜੀਵਨ ਉਧਰ ਜਾਏਗਾ॥

ਆ ਜਾਂਦਾ ਹੈ ਮਨ ਕਾਬੂ ਵਿੱਚ, ਲੱਗ ਜਾਂਦੀ ਹੈ ਲਗਣ ਜਦ ਕੋਇ॥
**'ਮਨੁ ਵਸਿ ਆਵੈ ਨਾਨਕਾ, ਜੇ ਪੂਰਨ ਕਿਰਪਾ ਹੋਇ॥'**

ਫੇਰ ਨਹੀਂ ਮਾੜਾ ਫੁਰਨਾਂ ਫੁਰਦਾ, ਕੋਈ ਮਾੜਾ ਕਰਮ ਫੇਰ ਨਹੀਂ ਹੋਂਦਾ॥
ਮਨ ਬਣ ਜਾਂਦਾ ਹੈ ਰਖਵਾਲਾ, ਜਦ ਮਨ ਵਿੱਚ ਕਾਲਾਪਣ ਨਹੀਂ ਹੋਂਦਾ॥

ਅੰਦਰੋਂ ਬਾਹਰੋਂ ਹੋ ਕੇ ਨਿਰਮਲ, 'ਅਰਸ਼ੀ', ਫੇਰ ਹੀ ਬੰਦਾ ਪਦਵੀ ਪਾਂਦਾ॥
ਬਣਕੇ ਅੰਦਰੋਂ ਬਾਹਰੋਂ ਇੱਕੋ ਹੀ, ਹੈ ਜੀਵਨ ਹੀ ਧੰਨ ਧੰਨ ਹੋ ਜਾਂਦਾ॥

**''ਮਨ ਮੈਲੈ ਸਭ ਕਿਛੁ ਮੈਲਾ, ਤਨਿ ਧੋਤੈ ਮਨ ਹਛਾ ਨ ਹੋਇ॥**
**ਇਹ ਜਗਤੁ ਭਰਮਿ ਭੁਲਾਇਆ, ਵਿਰਲਾ ਬੂਝੈ ਕੋਇ॥''**
**(ਅੰਗ 558 ਗੁ: ਗ੍ਰੰ: ਸਾ:)**

* * *

## ਅਸੀਂ ਸਾਰੇ ਹੀ ਹਾਂ ਯਾਤਰੀ

ਅਸੀਂ ਸਾਰੇ ਹੀ ਹਾਂ ਯਾਤਰੀ, ਇਸ ਮਾਤ ਲੋਕ ਵਿੱਚ ਭਰਮਣ ਆਏ॥
ਪਰ ਹੈ ਅਸਲੋਂ ਹੀ ਆਰਜ਼ੀ ਫੇਰੀ, ਪਏ ਜਾਣਾਂ ਵਾਪਸ, ਗਏ ਜਦੋਂ ਬੁਲਾਏ॥

ਹਾਂ ਆਏ ਸਾਰੇ ਕੱਲੇ ਕੱਲੇ ਹੀ, ਹੈ ਕੱਲ ਮੁਕੱਲਿਆਂ ਸਭਨਾਂ ਜਾਣਾਂ॥
ਪੱਕਾ ਨਹੀਂ ਕੋਈ ਸੰਗੀ ਸਾਥੀ, ਨਹੀਂ ਹੈ ਕਿਸੇ ਵੀ ਸਾਥ ਨਿਭਾਣਾਂ॥

ਇਹ ਮਾਤਾ, ਪਿਤਾ, ਭੈਣਾਂ ਤੇ ਭਾਈ, ਹਨ ਇਹ ਵੀ ਤਾਂ ਯਾਤਰੀ ਸਾਰੇ॥
ਪਤੀ, ਪਤਨੀਆਂ, ਧੀਆਂ, ਪੁੱਤਰ, ਇਹ ਵੀ ਯਾਤਰੀ ਹਨ ਵਿਚਾਰੇ॥

ਹੈ ਵੱਖੋ ਵੱਖਰੀ ਮੰਜ਼ਿਲ ਸਭਦੀ, ਹੈ ਵੱਖਰਾ ਪੈਂਡਾ ਆਪੋ ਆਪਣਾਂ॥
ਕਰਮ ਕਰਨੀਆਂ ਸਭਦੇ ਵੱਖਰੇ, ਰਾਹ ਟਿਕਾਣਾਂ ਆਪੋ ਆਪਣਾਂ॥

ਪਰ ਜੂਨ ਮਾਨਵੀ ਕਰਮ ਜੂਨ ਹੈ, ਹਨ ਸਭਨਾਂ ਨੂੰ ਪੈਣੇ ਕਰਮ ਕਮਾਣੇ॥
ਹਨ ਕਰਮਾਂ ਦੇ ਫਲ ਵੀ ਮਿਲਦੇ, ਜੋ ਆਪੇ ਬੀਜ ਕੇ ਪੈਣੇ ਖਾਣੇ॥

ਕਰਮ ਤਾਂ ਪੈਣੇ ਹੀ ਹਨ ਕਰਨੇ, ਐਪਰ ਸੋਚ ਸਮਝਕੇ ਕਰਨੇ॥
ਹਨ ਇਹਨਾਂ ਦੇ ਫਲ ਵੀ ਮਿਲਣੇ, ਜੋ ਕੀਤੇ ਕਾਰੇ ਪੈਣੇ ਭਰਨੇ॥

ਇਹ ਜੀਵਨ ਮਾਨਵ ਕਰਮਸ਼ਾਲਾ ਹੈ, ਕਰਮ ਕਮਾਵਣ ਲਈ ਹੈ ਦੁਨੀਆਂ॥
ਇਹ ਧਰਤੀ ਵੀ ਧਰਮਸ਼ਾਲਾ ਹੈ, ਧਰਮ ਕਮਾਵਣ ਲਈ ਹੈ ਦੁਨੀਆਂ॥

ਹਨ ਹੋਣੇ ਕਰਮਾਂ ਉੱਤੇ ਨਬੇੜੇ, ਇਸ ਜੀਵਨ ਦੇ ਆਖਰੀ ਵੇਲੇ॥
ਕਰਮ ਧੁਰਾ ਹਨ ਇਸ ਜੀਵਨ ਦੇ, ਪਿਆ ਜਿਨਾਂ ਉੱਤੇ ਜੀਵਨ ਖੇਲੇ॥

ਇਹ ਜੋ ਰਿਸ਼ਤੇ ਹਨ ਸੰਸਾਰੀ, ਇਹ ਹਨ ਸਾਰੇ ਲੈਣ ਦੇਣ ਦੇ॥
ਪਿਛਲੇ ਜਨਮਾਂ ਦੇ ਹਨ ਵਾਹਦੇ, ਹਨ ਇਹ ਲਾਰੇ ਦੇਣ ਲੈਣਦੇ॥

ਹੈ ਕਰਤੇ ਨੇ ਖੇਲ ਰਚਾਇਆ॥ ਆਗਿਆਕਾਰੀ ਕੀਤੀ ਮਾਇਆ॥
ਹਨ ਪਾਤਰ ਆਉਂਦੇ ਜਾਂਦੇ ਰਹਿੰਦੇ॥ ਆਪਣੇ ਰੋਲ ਨਿਭਾਂਦੇ ਰਹਿੰਦੇ॥

ਅਸੀਂ ਤਾਂ ਸਾਰੇ ਹੀ ਹਾਂ ਪਾਤਰ, ਮਿਲਿਆ ਰੋਲ ਨਿਬਾਹਨ ਆਏ॥
ਪਰ ਹਾਂ ਸਾਰੇ ਪੁੱਤਲੀਆਂ ਵਰਗੇ, ਹਨ ਵੱਖਰੇ ਵੱਖਰੇ ਭੇਸ ਵਟਾਏ॥

ਪੁੱਤਲੀ ਦੀ ਕੋਈ ਹੋਂਦ ਨਹੀਂ ਹੋਦੀ, ਨਹੀਂ ਕੋਈ ਹੋਂਦੀ ਉਸ ਦੀ ਹਸਤੀ॥
ਪਿਆ ਸੂਤਰਧਾਰ ਹੈ ਜਿਵੇਂ ਨਚਾਂਦਾ, ਓਵੇਂ ਨੱਚਦੀ ਟੱਪਦੀ ਦਿੱਸਦੀ॥

ਪਰ ਐਸਾ ਹਉਮੈ ਰੋਗ ਲਗਾਇਆ, ਪਈ ਐਵੇਂ ਹੀ ਰਹਿੰਦੀ ਇਤਰਾਂਦੀ॥
ਆਪਣੀਆਂ ਮਨ ਮਰਜੀਆਂ ਕਰਕੇ, ਮਾਇਆ ਜਾਲ 'ਚ ਫੱਸਦੀ ਜਾਂਦੀ॥

ਨਹੀਂ ਹੋਂਦਾ ਪੁੱਤਲੀ ਦਾ ਕੋਈ ਰਿਸ਼ਤਾ, ਨਾਂ ਹੀ ਹੋਂਦੀ ਸਾਂਝ ਸੀਰ ਹੈ॥
ਹੈ ਰਹਿੰਦੀ ਆਪਣੇ ਕਰਤਬ ਕਰਦੀ, ਕਰਨੀ ਹੀ ਉਸਦੀ ਤਕਦੀਰ ਹੈ॥

ਪਈ ਜੈਸਾ ਕਰਦੀ ਵੈਸਾ ਭਰਦੀ, ਜਿਵੇਂ ਸੋਚਦੀ ਤਿਵੇਂ ਹੀ ਬਣਦੀ॥
ਜੀਵਨ ਕਿਰਿਆ ਕਰਦੀ ਰਹਿੰਦੀ, ਪੁਣਦੀ ਰਹਿੰਦੀ ਰਹਿੰਦੀ ਛਣਦੀ॥

ਹੈ ਏਹੀ ਤਾਂ ਮਾਨਵ ਜ਼ਿੰਦਗੀ, ਹੈ ਏਹੀ ਉਸਦੀ ਕਾਰਜ ਕਰਨੀ॥
ਜੇਕਰ ਸੋਚ ਲਵੇ ਕੁਝ ਪਹਿਲੋਂ, ਹਰ ਕਰਨੀ ਪੈਣੀ ਹੈ ਭਰਨੀ॥

ਜੀਵਨ ਦੇ ਇਸ ਸੱਚ ਨੂੰ ਜਾਣੀਏ॥ ਆਪਣਾ ਮੂਲ ਔਕਾਤ ਪਛਾਣੀਏ॥
ਇਹ ਕਪਟ ਤੇ ਧੋਖੇ ਠੱਗੀਆਂ ਛੱਡੀਏ॥ ਮਨ 'ਚੋਂ ਈਰਖਾ ਸਾੜੇ ਕੱਢੀਏ॥

ਪਿਆਰ ਮੁਹੱਬਤਾਂ ਨਾਲ ਵੱਸੀਏ, ਘਰ ਪਰਵਾਰ ਸਵਰਗ ਬਣਾਈਏ॥
ਆਪਣੀ ਜੀਵਨ ਸ਼ੈਲੀ ਬਦਲੀਏ, ਹੋਰਾਂ ਲਈ ਆਦਰਸ਼ ਬਣ ਜਾਈਏ॥

ਹੈ ਛੋਟੀ ਜਿਹੀ ਇਹ ਜੀਵਨ ਯਾਤਰਾ, ਨਾਂ ਆਪਸ ਵਿੱਚ ਹੀ ਲੜਦੇ ਰਹੀਏ॥
ਨਾਲ ਸਾਥੀਆਂ ਮਿਲਕੇ ਬੈਠੀਏ, ਜੀ ਅਖਵਾਈਏ ਜੀ ਜੀ ਕਹੀਏ॥

ਨਹੀਂ ਚੰਗੇ ਲੱਗਦੇ ਲੜਦੇ ਯਾਤਰੂ, ਹੈ ਆਖਰ ਸਭਨਾਂ ਵਿੱਛੜ ਜਾਣਾਂ॥
ਜਿਹੜੇ ਯਾਤਰੂ ਰਹਿਣ ਝਗੜਦੇ, ਹੈ ਓਹਨਾ ਪਿੱਛੇ ਪੱਛੜ ਜਾਣਾਂ॥

ਜੀਵਨ ਯਾਤਰਾ ਸਫਲ ਕਰਨ ਲਈ, ਕੋਈ ਜੀਵਨ ਜੁਗਤੀ ਨੂੰ ਆਪਣੀਏ॥
ਬਣੇ ਨਾ ਰਹੀਏ ਕੀੜੇ ਮਾਇਆ ਦੇ, ਕੋਈ ਜੀਵਨ ਦੀ ਪਦਵੀ ਵੀ ਪਾਈਏ॥

ਖੁਦ ਹੀ ਆਤਮ ਚਿੰਤਨ ਕਰੀਏ, ਆਪਣਾਂ ਜੀਵਨ ਆਪ ਸਵਾਰੀਏ॥
ਇਸ ਵਰਤਮਾਨ ਨੂੰ ਹੁਣੇ ਵਰਤੀਏ, ਹੁਣੇ ਸੋਚੀਏ ਹੁਣੇ ਵਿਚਾਰੀਏ॥

ਫੜ ਲਈਏ ਜੇ ਰਾਹ ਰੂਹਾਨੀ, ਸੁਧਰ ਸਕਦੀ ਹੈ ਜਿੰਦਗਾਨੀ॥
'ਅਰਸ਼ੀ' ਮੰਜ਼ਿਲ ਪਾਵਣ ਖਾਤਰ, ਹੈ ਕਰਨੀ ਪੈਣੀ ਖੁਦ ਕੁਰਬਾਨੀ॥

* * *

## ਹੁਣ ਪਿੱਛੇ ਮੁੜਕੇ ਨਹੀਂ ਵੇਖਣਾਂ (ਗ਼ਜ਼ਲ)

ਜਦ ਹੈ ਇਰਾਦਾ ਕਰ ਲਿਆ, ਹੁਣ ਪਿੱਛੇ ਮੁੜਕੇ ਕੀ ਵੇਖਣਾਂ॥
ਜਦ ਕਦਮ ਹੈ ਅਗੇ ਧਰ ਲਿਆ, ਹੁਣ ਮੁੜ ਮੁੜਕੇ ਕੀ ਸੋਚਣਾਂ॥

ਪਹਿਲਾਂ ਕਰ ਲਈਆਂ ਮਨ ਮਰਜੀਆਂ, ਮਨ ਆਈਆਂ ਮੌਜਾਂ ਮਸਤੀਆਂ,
ਨਹੀਂ ਕਦੇ ਸੀ ਸੋਚ ਵਿਚਾਰਿਆ, ਪੈ ਸਕਦੀਆਂ ਹਨ ਅੜਚਣਾਂ॥

ਕਰ ਲਈਆਂ ਦੁਨੀਆਂਦਾਰੀਆਂ, ਖੇਡ ਲਈਆਂ ਖੇਡਾਂ ਸਾਰੀਆਂ,
ਹੁਣ ਰਾਹ ਰੂਹਾਨੀ ਹੈ ਫੜ ਲਿਆ, ਤੇ ਹੈ ਮੰਜ਼ਿਲ ਤੇ ਵੀ ਪਹੁੰਚਣਾਂ॥

ਖੁਦ ਨੂੰ ਹੀ ਹੁਣ ਪੜਚੋਲਣਾਂ, ਆਪਣੇ ਆਪੇ ਨੂੰ ਹੀ ਫੋਲਣਾਂ,
ਖੁਦ ਨੂੰ ਹੀ ਘੋਖਣਾਂ ਪਰਖਣਾਂ, ਹੈ ਮੁੜ ਮੁੜ ਆਪਾ ਖੁਰਚਣਾਂ॥

ਕੀ ਫਾਇਦਾ ਹੋਰਾਂ ਨੂੰ ਛਾਨਣਦਾ, ਗੈਰਾਂ ਦੇ ਦੋਸ਼ ਉਛਾਲਣ ਦਾ,
ਹੈ ਸਭਨੇ ਕੀਤਾ ਭੁਗਤਣਾਂ, ਫਿਰ ਕਾਦੀਆਂ ਕਿਉਂ ਅਲੋਚਣਾਂ॥

ਆਪਣੇ ਲੇਖੇ ਦੀ ਲੋੜ ਹੈ, ਹੈ ਕੀ ਖਟਿਆ ਤੇ ਕੀ ਗਵਾਇਆ,
ਪਾਕੇ ਇਹ ਉੱਤਮ ਮਾਨਸ ਦੇਹੀ, ਰਿਹਾ ਕਰਦਾ ਕੀ ਕੀ ਲੋਚਣਾਂ॥

ਹੈ ਕੀ ਪਾਇਆ ਤੇ ਕੀ ਕਮਾਇਆ, ਜਾ ਐਵੇਂ ਹੀ ਸਮਾਂ ਗਵਾਇਆ,
ਸੋਧਣ ਸਾਧਣ ਲਈ ਜੀਵਨ ਨੂੰ, ਹੈ ਕਰਨੀ ਅਰਚਣਾਂ ਪਰਚਣਾਂ॥

ਅਗਲੇ ਸਫਰ ਤੁਰਨ ਤੋਂ ਪਹਿਲਾਂ, ਹੈ ਰਾਹ ਅਗੰਮੀ ਤਾਂਈਂ ਜਾਚਣਾਂ,
ਪਿਛੋਂ ਪਛਤਾਵਣ ਤੋਂ ਪਹਿਲਾਂ, ਹੈ ਪੈਣਾਂ ਰਸਤਾ ਪੋਚਣਾਂ॥

ਹੈ ਆਤਮ ਚਿੰਤਨ ਕਰਨਾਂ ਪੈਣਾਂ, 'ਅਰਸ਼ੀ' ਛੱਡਕੇ ਦੁਨੀਆਂਦਾਰੀਆਂ,
ਹੈ ਸਾਦਕ ਜਗਿਆਸੂ ਬਨਣਾਂ ਪੈਣਾਂ, ਤਾਂਜੋ ਮਿਲ ਜਾਏ ਸੰਕਟ ਮੋਚਣਾਂ॥

ਪ੍ਰੇਰਣਾਂ
**''ਆਗਾਹਾ ਕੂ ਤ੍ਰਾਘਿ, ਪਿਛਾ ਫੇਰਿ ਨ ਮੁਹਡੜਾ॥
ਨਾਨਕ ਸਿਝਿ ਏਵੇਹਾਵਾਰ, ਬਹੁੜਿ ਨ ਹੋਵੀ ਜਨਮੜਾ॥''**
**(ਪੰਨਾ 1096 ਗੁ: ਗ੍ਰੰ: ਸ:)**

* * *

## ਮੈਂ ਸ਼ਾਇਰ ਨਹੀਂ ਹਾਂ

ਮੈਂ ਸ਼ਾਇਰ ਨਹੀਂ ਹਾਂ, ਮੈਂ ਹਾਂ ਜਗਿਆਸੂ,
ਸ਼ਾਇਰ ਤਾਂ ਮੈਨੂੰ, ਬਣਾਇਆ ਗਿਆ ਹੈ॥
ਮੈਂ ਸਾਦਕ ਹਾਂ, ਸਿੱਖ ਹਾਂ, ਅਰਸ਼ੀ ਨਾਨਕ ਦਾ,
ਇਹ ਸ਼ਾਇਰੀ ਤਾਂ ਰਸਤਾ ਦਿਖਾਇਆ ਗਿਆ ਹੈ॥

ਸ਼ਾਇਰੀ ਵਸੀਲਾ ਹੈ, ਮੇਰੀ ਸਾਧਨਾ ਦਾ,
ਮੈਂ ਕਵਿਤਾ ਨਹੀਂ, ਦਿਲਦੇ ਵਲਵਲੇ ਹਾਂ ਪਰੋਂਦਾ॥
ਪੜਦਾ ਹਾਂ ਰਹਿੰਦਾ, ਜਦ ਗੁਰਾਂ ਦੀ ਬਾਣੀ ਨੂੰ,
ਫਿਰ ਆਪੇ ਕੋਈ ਜਜਬਾ, ਅੰਦਰੋਂ ਉਗਮ ਹੈ ਖਲੋਂਦਾ॥

ਗੁਰ ਸ਼ਬਦ ਗੁਰੂ ਦੇ, ਚਰਨਾਂ ਵਿੱਚ ਬਹਿਕੇ ਤੇ,
ਮੈਂ ਭਾਉ ਭਾਵਨਾਂ ਨਾਲ, ਪੜਦਾ ਹਾਂ ਬਾਣੀ॥
ਬਾਣੀ ਹੀ ਹੁਣ ਤਾਂ ਮੇਰੀ, ਬਣ ਗਈ ਬੰਦਗੀ ਹੈ,
ਇਸ ਬਾਣੀ ਦੀ ਰਾਹੀ ਹੀ, ਹੈ ਮੈਂ ਜਿੰਦਗੀ ਬਨਾਣੀ॥

ਜੋ ਗੁਰੂ ਦੱਸਦਾ ਹੈ, ਮੈਂ ਓਹੀ ਤਾਂ ਲਿੱਖਦਾ ਹਾਂ,
ਕਿਤੇ ਭੁੱਲ ਹੀ ਨਾਂ ਜਾਵਾਂ, ਹਾਂ ਮੈਂ ਕਵਿਤਾ ਬਣਾ ਲੈਂਦਾ॥
ਮੇਰੀ ਕੋਈ ਕਵਿਤਾ, ਐਵੇਂ ਕਲਪਣਾਂ ਨਹੀਂ ਹੋਂਦੀ,
ਮੈਂ ਕਵਿਤਾ ਨੂੰ ਪਹਿਲੋਂ ਹਾਂ, ਹਡੀਂ ਹੰਡਾ ਲੈਂਦਾ॥

ਮੇਰੀ ਤਾਂ ਸਾਰੀ ਕਵਿਤਾ ਹੀ, ਹੈ ਹੀ ਸੁਧਾਰਵਾਦੀ,
ਮੈਂ ਲਿਖਿਆ ਨਹੀਂ ਐਵੇਂ, ਕੇਵਲ ਮਨ ਦੇ ਪਰਚਾਵਣ ਲਈ॥
ਮੈਂ ਜੀਵਨ ਨੂੰ ਮਾਂਜਣਾਂ, ਧੋਣਾਂ ਸਵਾਰਨਾਂ ਹੈ,
ਮੈਂ ਲਿਖਿਆ ਹੈ ਜੀਵਨ ਨੂੰ, ਉੱਪਰ ਉਠਾਵਣ ਲਈ॥

ਮੇਰੇ ਗੀਤ ਗਜਲਾਂ ਕਵਿਤਾ, ਹਨ ਸਾਰੇ ਪ੍ਰੇਰਨਾ ਮਈ,
ਮਨੋਰਥ ਹੈ ਜਿੰਦਗੀ ਨੂੰ, ਮਿਲ ਸਕੇ ਸੇਧ ਕੋਈ॥
ਜੀਵਨ ਸਵਾਰਨਾਂ ਹੈ, ਇਸਨੂੰ ਉਭਾਰਨਾਂ ਹੈ,
ਟੀਚੇ ਤੱਕ ਪੁੱਜਣ ਲਈ, ਲੱਭ ਸਕੇ ਭੇਦ ਕੋਈ॥

ਹੋਂਦੀ ਕਵਿਤਾ ਹੈ ਸੋਚ ਡੂੰਘੀ, ਏਹੀ ਤਾਂ ਅਰਾਧਨਾਂ ਹੈ,
ਅਰਸ਼ੀ ਉਡਾਰੀ ਉੱਚੀ, ਜਿੱਥੇ ਵਿਰਲੇ ਹੀ ਪੁੱਜਦੇ ਨੇ॥
ਸੋਚਾਂ ਦੇ ਮੰਡਲ ਗਾਹਕੇ, ਪਾਕੇ ਇਕਾਗਰਤਾ ਨੂੰ,
ਕਰ ਲੈਂਦੀ ਵੱਡੇ ਅਨੁਭਵ, ਫਿਰ ਨਵੇਂ ਰਾਹ ਸੁੱਝਦੇ ਨੇ॥

ਕਵਿਤਾ ਹੈ ਰਹਿਮਤ ਰੱਬਦੀ, ਹੈ ਭਾਗਾਂ ਵਾਲੇ ਨੂੰ ਲੱਭਦੀ,
ਇਹ ਦੈਵੀ ਹੈ ਦਾਤ ਅਮੁੱਲੀ, ਇਹ ਤਾਂ ਵਰਦਾਨ ਹੈ॥
ਨਹੀਂ ਐਰੇ ਗੈਰੇ ਨੂੰ ਮਿਲਦੀ, ਹੈ ਆਪੇ ਅਚਿੰਤੇ ਖਿਲਦੀ,
ਇਹ ਤਾਂ ਹੈ ਨੂਰੀ ਝੱਲਕੀ, ਇਹ ਬਖਸ਼ਿਸ਼ ਮਹਾਨ ਹੈ॥

ਪਿਘਲ ਹੈ ਜਾਂਦਾ ਜਦੋਂ ਮਨ, ਖੇੜੇ ਵਿੱਚ ਆ ਜਾਂਦਾ ਹੈ,
ਵੱਗ ਤੁਰਦਾ ਚਸ਼ਮਾਂ ਬਣਕੇ, ਕਿਸੇ ਮਸਤੀ ਵਿੱਚ ਲੋਰ ਵਿੱਚ॥
ਇੰਜ ਪੈਦਾ ਹੋਂਦੀ ਹੈ ਕਵਿਤਾ, ਵਹਿ ਤੁਰਦੀ ਝਰਨੇ ਵਾਂਗੂ;
ਰੁੱਕਦਾ ਨਹੀਂ ਵੇਗ ਕਦੇ ਫਿਰ, ਹੈ ਨੱਚਦਾ ਹਿਲੋਰ ਵਿੱਚ॥

ਨਹੀਂ ਤੁਕ ਬੰਦੀ ਕਵਿਤਾ ਹੋਂਦੀ, ਚੋਰੀ ਵੀ ਰਤਾ ਨਹੀਂ ਸੋਂਹਦੀ,
ਕੱਚੀਆਂ ਤੇ ਨੀਵੀਆਂ ਸੋਚਾਂ, ਨਹੀਂ ਕਵਿਤਾ ਅਖਵਾਂਦੀਆਂ॥
ਸੁਣੀਆਂ ਸੁਣਾਈਆਂ ਗੱਲਾਂ, ਘਸੀਆਂ ਤੇ ਰਟੀਆਂ ਹੋਈਆ,
ਵਾਰ ਵਾਰ ਮੁੜ ਮੁੜ ਮਿੱਧਕੇ, ਨਹੀਂ ਕਾਵਿ ਬਣ ਜਾਂਦੀਆਂ॥

ਪਰ ਮੇਰਾ ਤਾਂ ਇੱਕ ਇੱਕ ਅੱਖਰ, ਹੈ ਅਰਥ ਭਰਪੂਰ ਹੋਂਦਾ,
ਐਵੇਂ ਹੀ ਵਿਅਰਥ ਨਹੀਂ ਲਿਖਦਾ, ਨਾਂ ਸਮਾਂ ਹੀ ਗਵਾਂਦਾ ਹਾਂ॥
ਹੋਂਦਾ ਹੈ ਵਿਸ਼ਾ ਵਸਤੂ, ਮੇਰੀ ਹਰ ਕਵਿਤਾ ਅੰਦਰ,
ਨਿਰਾਰਥ ਨਹੀਂ ਹੋਂਦਾ ਕੁਝ ਵੀ, ਨਹੀਂ ਚੁੱਟਕਲੇ ਸੁਣਾਂਦਾ ਹਾਂ॥

ਹੈ ਕਵਿਤਾ ਤਾਂ ਦਿਲ ਦੀ ਬੋਲੀ, ਜੇ ਨਿਕਲੇ ਵੀ ਹਿਰਦੇ ਵਿੱਚੋਂ,
ਟੁੰਬਦੀ ਹੈ ਫੇਰ ਦਿਲਾਂ ਨੂੰ, ਹੋਵੇ ਜੇ ਬਣਤਰ ਸੁੱਚੀ॥
ਬਣ ਜਾਂਦੀ ਅਮਰ ਕਹਾਣੀ, 'ਅਰਸ਼ੀ' ਫਿਰ ਕਵਿਤਾ ਰਾਣੀ,
ਦਾਤੇ ਦੀ ਦਾਤ ਅਦੂਤੀ, ਇਹ ਕਾਦਰ ਦੀ ਕੁਦਰਤ ਉੱਚੀ॥

* * *

## ਦਿੱਲੀ ਖਾਹਿਸ਼ (ਸੋਰਠੇ)

ਮੇਰੀ ਛੁੱਪੇ ਰਹਿਣ ਦੀ ਚਾਹ, ਸ਼ਾਲਾ ਬਣੀ ਰਹੇ,
ਨਾਂ ਛੁੱਟੇ ਰੂਹਾਨੀ ਰਾਹ, ਤੁਰਦਾ ਰਹਾਂ ਸਦਾ॥
ਕਦੇ ਹੋਵਾਂ ਨਾਂ ਗੁਮਰਾਹ, ਨਾਂ ਹੀ ਅਵੇਸਲਾ,
ਮਿਲ ਜਾਏ ਕਿਤੇ ਪਨਾਹ, ਮੈਂ ਜੁੜਿਆ ਰਹਾਂ ਸਦਾ॥

ਇਹ ਜੀਵਨ ਮਿਲੀ ਹੈ ਦਾਤ, ਅਮੁਲੀ ਰੱਬ ਦੀ,
ਹੈ ਵੱਡੀ ਮਿਲੀ ਸੁਗਾਤ, ਇਹ ਮਾਨਵੀ ਜਿੰਦਗੀ॥
ਬਣ ਜਾਏ ਜੀਵਨ ਬਾਤ, ਜੇ ਮੰਜਿਲ ਵੀ ਮਿਲੇ,
ਫਿਰ ਰਾਤ ਬਣੇ ਪ੍ਰਭਾਤ, ਕਰਾ ਰੱਝ ਬੰਦਗੀ॥

ਜੱਗ ਲੱਗੇ ਯਾਤਰੂ ਵਾਸ, ਹਰ ਬੰਦਾ ਯਾਤਰੀ,
ਹੈ ਕੱਟਣੀ ਕੇਵਲ ਰਾਤ, ਤੁਰ ਜਾਣਾਂ ਸਾਰਿਆਂ॥
ਜੋ ਉੱਠ ਤੁਰਦੇ ਪ੍ਰਭਾਤ, ਹਨ ਛੇਤੀ ਪੁੱਜਦੇ,
ਮਿਲ ਜਾਂਦੀ ਦਰਸ਼ਨ ਦਾਤ, ਪ੍ਰਭ ਸਿਮਰ ਚਿਤਾਰਿਆਂ॥

ਰੱਬੀ ਯਾਦਾਂ ਵਿੱਚ, ਹੋ ਜਾਂਦੇ ਵਿਆਸਤ ਜੋ॥
ਦੈਵੀ ਖਾਬਾਂ ਵਿੱਚ, ਹੋ ਜਾਂਦੇ ਮਸਤ ਜੋ॥
ਹੋ ਜਾਂਦੇ ਹਨ ਵਲੀਣ, ਲੀਣ ਹੀ ਪ੍ਰੇਮ ਵਿੱਚ॥
ਬਣ ਜਾਂਦੇ ਹਨ ਮਸਕੀਣ, ਨਿਮਾਣੇ ਨੇਮ ਵਿੱਚ॥

ਲੱਗ ਹੈ ਜਾਂਦੀ ਲਗਣ, ਜਦ ਰੱਬੀ ਪਿਆਰ ਦੀ॥
ਫਿਰ ਜੋਤ ਹੈ ਲੱਗਦੀ ਜਗਣ, ਅੰਦਰ ਕਰਤਾਰ ਦੀ॥
ਹੋ ਜਾਂਦਾ ਹੈ ਪਰਕਾਸ਼, ਰਹਿੰਦਾ ਅੰਧਕਾਰ ਨਹੀਂ॥
ਜੀਵਨ ਜਾਏ ਹੁਲਾਸ, ਰਹਿੰਦਾ ਵਿਕਾਰ ਨਹੀਂ॥

ਅਰਸ਼ੀ ਚੜ੍ਹੇ ਸਰੂਰ, ਖੁਮਾਰੀ ਨਾਮ ਦੀ,
ਹੋਂਦਾ ਮਨ ਮਖਮੂਰ, ਇਲਾਹੀ ਨੂਰ ਵਿੱਚ॥
ਤਿਨਕਾ ਬਣੇ ਕੋਹਤੂਰ, ਬਖਸ਼ਿਸ਼ ਰੱਬਦੀ,
ਐਪਰ ਨਹੀਂ ਗ਼ਰੂਰ, ਸੰਧੂਰੀ ਬੂਰ ਵਿੱਚ॥

ਰੱਬੀ ਗੁਣ ਆਪਣਾ, ਰੱਬ ਬਣ ਜਾਈਦਾ॥
ਨਿਰਮਲ ਕਰਮ ਕਮਾ, ਹੈ ਮਰਤਬਾ ਪਾਈਦਾ॥
ਬੂੰਦ ਦਾ ਟੀਚਾ ਹੋਂਦਾ, ਸਾਗਰ ਵਿੱਚ ਰਲਣਦਾ॥
ਹੈ ਹਰ ਜੀਵਨ ਦਾ ਟੀਚਾ, ਮਾਲਕ ਨੂੰ ਮਿਲਣ ਦਾ॥

ਹੈ ਹਰ ਸਾਦਕ ਦੀ ਚਾਹਤ, ਦਿਲਾਂ ਦੀ ਖਾਹਿਸ਼ ਇਹ,
ਮਿਲ ਜਾਵੇ ਦਰਸ਼ਨ ਦਾਤ, ਬਣ ਜਾਏ ਜਿੰਦਗੀ॥
ਹੈ ਹੋਂਦੀ ਵੱਡੀ ਰਾਹਤ, 'ਅਰਸ਼ੀ' ਜੇ ਤਰੁੱਠ ਪਏ,
ਮਿਲ ਜਾਂਦੀ ਆਬ ਹਯਾਤ, ਜੇ ਬਖਸ਼ੇ ਬੰਦਗੀ॥

* * *

## ਗਰਜ਼ਾਂ ਲਈ ਹੀ ਰੱਬ ਨੂੰ ਚਿਤਵਨਾਂ

ਗਰਜ਼ਾ ਲਈ ਹੀ ਰੱਬ ਨੂੰ ਚਿਤਵਨਾਂ, ਹੈ ਅੱਜਕੱਲ ਬਣ ਗਈ ਦੁਨੀਆਂਦਾਰੀ॥
ਪਏ ਲੋੜਾਂ ਵੇਲੇ ਪਾਣੇ ਹਾੜੇ, ਹੈ ਲੱਗ ਗਈ ਅੱਜਕੱਲ ਨਵੀਂ ਬੀਮਾਰੀ॥

ਬਸ ਲੋੜ ਪੈਣ ਤੇ ਰੱਬ ਨੂੰ ਚਿਤਵਨਾਂ, ਹੈ ਬੰਦੇ ਦਾ ਰੁਝਾਣ ਹੀ ਬਣ ਗਿਆ॥
ਬਹੁਤਾ ਹੀ ਚੁਸਤ ਚਾਲਾਕ ਤੇ ਦੰਭੀ, ਹੈ ਅੱਜ ਦਾ ਇਨਸਾਨ ਬਣ ਗਿਆ॥

ਘਟ ਘਟ ਵਾਸੀ ਅੰਤਰਜਾਮੀ, ਜੋ ਬਿਨਾਂ ਬੋਲਿਆਂ ਸਭ ਕੁੱਝ ਜਾਣਦਾ॥
ਹੈ ਓਸੇ ਨੂੰ ਹੀ ਠੱਗਣਾਂ ਚਾਹੁੰਦਾ, ਨਹੀਂ ਉਸਦੀ ਹਸਤੀ ਨੂੰ ਪਹਿਚਾਣਦਾ॥

ਨਿੱਕੀਆਂ ਨਿੱਕੀਆਂ ਲੋੜਾਂ ਲਈ ਵੀ, ਰਹੇ ਬੰਦਾ ਉਸਨੂੰ ਵਾਜਾਂ ਮਾਰਦਾ॥
ਨਹੀਂ ਹੋਂਦੀਆਂ ਜਦ ਪੂਰੀਆਂ ਆਸਾਂ, ਫਿਰ ਨਾਸ਼ੁਕਰਾ ਰਹੇ ਫੁੰਕਾਰਦਾ॥

ਉਂਜ ਕਰਦਾ ਰਹਿੰਦਾ ਮਨ ਮਰਜੀਆਂ, ਰੱਬੀ ਰਜ਼ਾ ਹੁਕਮ ਨਹੀਂ ਮੰਨਦਾ॥
ਆਪਣੀ ਹਉਮੈ ਹੰਗਤਾ ਵਿੱਚ ਹੀ, ਰੱਬ ਦੀ ਹੋਂਦ ਨੂੰ ਰਹਿੰਦਾ ਭੰਡਦਾ॥

**'ਲੋਗਨ ਰਾਮ ਖਿਲੌਨਾ ਜਾਣਾ'**, ਹਨ ਵਰਤਣਾਂ ਚਾਹੁੰਦੇ ਵਾਂਗ ਖਿਲੌਣੇ॥
ਇਹ ਰੂਪ ਧਾਰੀਆ ਦੰਭੀ ਪਾਖੰਡੀ, ਰਬ ਨੂੰ ਸਮਝੇ ਵਾਂਗ ਪ੍ਰਹੁਣੇ॥

ਉਸਨੂੰ ਚਾਹੁੰਦਾ ਹੈ ਵਰਗਲਾਣਾਂ, ਬੱਦ-ਨੀਯਤ ਲੋਭੀ ਇਹ ਹੰਕਾਰੀ॥
ਉਸਨੂੰ ਚਾਹੁੰਦਾ ਹੈ ਫਸਲਾਉਣਾ, ਦੱਸਕੇ ਆਪਣੀ ਲਿਲਕ ਲਾਚਾਰੀ॥

ਹੈ ਕਣ ਕਣ ਵਿੱਚ ਜੋ ਰਮਿਆ ਹੋਇਆ, ਉਸ ਤੋਂ ਸੱਚ ਲੁਕਾਣਾਂ ਚਾਹੁੰਦਾ॥
ਅੰਦਰੋਂ ਹੋਰ ਤੇ ਬਾਹਰੋਂ ਹੋਰ ਬਣ, ਬਣ ਕਪਟੀ ਕਪਟ ਕਮਾਣਾਂ ਚਾਹੁੰਦਾ॥

ਪਿਆ ਮਾਸਾ ਸ਼ੁੱਕਰ ਗੁਜਾਰ ਨਹੀਂ ਹੋਂਦਾ, ਏਨੀਆਂ ਜਿਸਨੇ ਦਿੱਤੀਆਂ ਦਾਤਾਂ॥
ਭੁਲੱੜ ਬਣਕੇ ਭਟੱਕ ਰਿਹਾ ਹੈ, ਬੇਸ਼ੁਕਰਾ ਖਾ ਖਾ ਖੈਰਾਤਾਂ॥

**'ਦੇਂਦਾ ਦੇ ਲੈਂਦਾ ਥਕਿ ਪਾਹਿ॥ ਜੁਗਾ ਜੁਗੀਤਰਿ ਖਾਹੀ ਖਾਹਿ॥'**
ਫੇਰ ਵੀ ਲੋਭੀ ਨਹੀਂ ਰੱਝਦਾ॥ ਪਿਆ ਹੋਰ ਹੋਰ ਲਈ ਮੂੰਹ ਅੱਡਦਾ॥

**'ਦਾਤ ਪਿਆਰੀ ਵਿਸਰਿਆ ਦਾਤਾਰਾ॥'** ਹੈ ਅੱਜ ਦੇ ਆਦਮ ਦਾ ਵਰਤਾਰਾ॥
ਬਣ ਗਿਆ ਭੇਖੀ ਰੂਪ ਧਾਰੀਆ॥ ਹੈ ਦੇਣਹਾਰ ਨੂੰ ਮਨੋ ਵਿਸਾਰਿਆ॥

ਜਦ ਰੋਗ ਲੱਗਣ ਤਾਂ ਪੜ੍ਹਦਾ ਬਾਣੀ, ਆਖੇ ਸਰਬ ਰੋਗ ਕਾ ਔਖਦ ਨਾਮ ਹੈ॥
ਸ਼ਰਧਾਹੀਣ ਬੇਸਿਦਕ ਪਾਖੰਡੀ, ਫਿਰ ਬਾਣੀ ਨੂੰ ਕਰਦਾ ਬਦਨਾਮ ਹੈ॥

ਜੇ ਪਹਿਲਾਂ ਹੀ ਬਾਣੀ ਨੂੰ ਪੜਲੈ॥ ਬਾਣੀ ਵਾਂਗੂ ਜੀਵਨ ਘੜ ਲੈ॥
ਨਹੀਂ ਫਿਰ ਤਨ ਨੂੰ ਰੋਗ ਸਤਾਂਦੇ॥ ਹਨ ਤਨ ਮਨ ਹੋ ਅਰੋਗ ਹੀ ਜਾਂਦੇ॥

ਗੁਰਬਾਣੀ ਔਖਧ ਤਾਂ ਹੈ ਬਣਦੀ, ਜੇ ਬਾਣੀ ਤੇ ਅਮਲ ਕਮਾਈਏ॥
ਬਾਣੀ ਪੜੀਏ ਸੁਣੀਏ ਧਾਰੀਏ, ਜੀਵਨ ਬਾਣੀ ਵਾਂਗ ਬਣਾਈਏ॥

ਤਨ ਮਨ ਬਾਣੀ ਵਾਂਗੂ ਢਾਲੀਏ, ਘੜੀਏ ਜੀਵਨ ਬਾਣੀ ਵਾਂਗ ਹੀ॥
ਬਾਣੀ ਦੀ ਸਿੱਖਿਆ ਨੂੰ ਪਾਲੀਏ, ਕਰੀਏ ਜੀਵਨ ਬਾਣੀ ਵਾਂਗ ਹੀ॥

ਰਹੇਗਾ ਫਿਰ ਅਰੋਗ ਹੀ ਤਨ ਮਨ, ਜੇ ਤਨ ਮਨ ਅੰਦਰ ਵੱਸ ਜਾਏ ਬਾਣੀ॥
ਫਿਰ ਨਹੀਂ ਰੋਗ ਸੋਗ ਕੋਈ ਰਹੇਗਾ, ਜੇ ਲੂੰ ਲੂੰ ਅੰਦਰ ਰੱਚ ਜਾਏ ਬਾਣੀ॥

'ਅਰਸ਼ੀ' ਗੁਰਾਂ ਤੋਂ ਪਾਕੇ ਸੋਝੀ, ਜੀਵਨ ਬਾਣੀ ਵਾਂਗ ਬਣਾਈਏ॥
ਤਨ ਮਨ ਦੀ ਪਾਈਏ ਤੰਦਰੁਸਤੀ, ਇਹ ਮਾਨਵ ਜੀਵਨ ਸੁਖੀ ਹੰਢਾਈਏ॥

**''ਬਾਣੀ ਗੁਰੂ ਗੁਰੂ ਹੈ ਬਾਣੀ, ਵਿਚਿ ਬਾਣੀ ਅੰਮ੍ਰਿਤੁ ਸਾਰੇ॥**
**ਗੁਰਬਾਣੀ ਕਹੈ ਸੇਵਕੁ ਜਨੁ ਮਾਨੈ, ਪ੍ਰਤਖਿ ਗੁਰੂ ਨਿਸਤਾਰੇ॥''**
**(ਪੰਨਾ 982 ਗੁ: ਗ੍ਰੰ: ਸਾ:)**

* * *

## ਜੀਵਨ ਦਾ ਸੱਚ

ਫੁੱਲ ਦੀ ਆਪਣੀ ਮਹਿਕ ਹੈ ਹੋਂਦੀ, ਮਹਿਕ ਤੋਂ ਖਾਲੀ ਫੁੱਲ ਨਹੀਂ ਫੱਬਦਾ॥
ਰੰਗ ਰੂਪ ਤੇ ਆਭਾ ਫੁੱਲ ਦੀ, ਰੂਪ ਵਿਹੂਣਾਂ ਫੁੱਲ ਨਹੀਂ ਸੱਜਦਾ॥

ਪੱਤੀ ਪੱਤੀ ਬਿਖਰ ਜਾਏ ਜੇ, ਫਿਰ ਕਿਹੜਾ ਉਸਨੂੰ ਫੁੱਲ ਭਾਖੇਗਾ॥
ਰੁਲ ਜਾਵੇ ਜੇਕਰ ਮਿੱਟੀ ਵਿੱਚ ਹੀ, ਫਿਰ ਕਿਹੜਾ ਉਸਨੂੰ ਫੁੱਲ ਆਖੇਗਾ॥

ਹੈ ਰੂਪ ਨਾਲੋਂ ਕਿਰਦਾਰ ਉਚੇਰਾ, ਪਰ ਹੋਵੇ ਜੇਕਰ ਅੰਦਰੋਂ ਬਾਹਰੋਂ॥
ਐਵੇਂ ਢੋਂਗ ਨਾਂ ਪਿਆ ਖਲਾਰੇ, ਹੋਵੇ ਸਚਮੁਚ ਅੰਦਰੋਂ ਬਾਹਰੋਂ॥

ਝੂਠ ਛਲਾਵਾ ਸਦਾ ਨਹੀਂ ਰਹਿੰਦਾ, ਹੈ ਆਖਰਕਾਰ ਤਾਂ ਸੱਚ ਨਿੱਤਰਦਾ॥
ਸੱਚ ਹੀ ਧੁਰਾ ਹੈ ਏਸ ਜਗਤ ਦਾ, ਹੈ ਸੱਚ ਹੀ ਆਖਰ ਪੂਰਾ ਉਤੱਰਦਾ॥

ਹਨ ਲੈਂਦੇ ਜੋ ਪਹਿਚਾਣ ਸੱਚ ਨੂੰ, ਹਨ ਓਹੀ ਸੱਚ ਦੇ ਵਿੱਚ ਸਮਾਂਦੇ॥
ਹਨ ਬਣ ਜਾਂਦੇ ਜੋ ਸੱਚਦੇ ਆਸ਼ਕ, ਹਨ ਓਹੀ ਸੱਚਦਾ ਰੂਪ ਵਟਾਂਦੇ॥

ਮੇਲ ਸਜਾਤੀ ਹੀ ਹੋਂਦਾ ਹੈ, ਇਕੋ ਜਿਹੇ ਹੀ ਹਨ ਮਿਲ ਸਕਦੇ॥
ਸੋਨੇ ਵਿੱਚ ਸੋਨਾ ਰਲ ਸਕਦੈ, ਲੋਹਾ ਸੋਨਾ ਨਹੀਂ ਮਿਲ ਸਕਦੇ॥

ਰੱਬੀ ਗੁਣ ਆਪਣਾਕੇ ਬੰਦਾ ਵੀ, ਹੈ ਮਿਲ ਸਕਦਾ ਪਰਮਾਤਮ ਦੇ ਵਿੱਚ॥
ਨਿਰਮਲ ਹੋਕੇ ਖਾਲਸ ਬਣਕੇ, ਹੀ ਮਿਲ ਸਕਦਾ ਰੱਬ ਆਤਮ ਦੇ ਵਿੱਚ॥

ਜਿਵੇਂ ਬੂੰਦ ਹੈ ਹੋਂਦੀ ਹੀਸਾ ਸਾਗਰਦਾ, ਹੈ ਆਖਰ ਸਾਗਰ ਵਿੱਚ ਉਸ ਰਲਣਾਂ॥
ਹਰ ਜੀਵ ਵੀ ਅੰਸ਼ ਪਰਮਾਤਮ ਦਾ ਹੈ, ਹੈ ਉਸਨੇ ਵੀ ਓਸੇ ਵਿੱਚ ਹੀ ਮਿਲਣਾਂ॥

ਏਹੀ ਮੇਲ ਹੈ ਹੋਂਦੀ ਮੁਕਤੀ॥ ਜੋ ਮਿਲਦੀ ਕੇਵਲ ਨਾਲ ਹੈ ਜੁਗਤੀ॥
ਜੁਗਤੀ ਜੀਵਨ ਦਾ ਇਕ ਢੰਗ ਹੈ॥ ਮੁਕਤ ਹੋ ਜਾਣਾਂ ਮਹਾਂ ਅਨੰਦ ਹੈ॥

ਜੇਕਰ ਮਿਲਣਾਂ ਹੈ ਮਾਲਕ ਨੂੰ, ਤਾਂ ਹਉਮੈ ਮਾਰ ਨਿਮਾਣਾਂ ਹੋ ਜਾਂ॥
ਬਣਕੇ ਦੀਨ ਲੀਣ ਹੋ ਸੱਚ ਵਿੱਚ, ਹੋਂਦੇ ਤਾਣ ਨਿਤਾਣਾਂ ਹੋ ਜਾ॥

ਮਿੱਟੀ ਵਿੱਚ ਮਿਲਕੇ ਹੀ ਦਾਣਾਂ, ਹੈ ਆਖਰ ਫਿਰ ਗੁਲਜ਼ਾਰ ਬਣ ਜਾਂਦਾ॥
ਹੋਕੇ ਪਾਵਨ ਖਾਲਸ ਨਿਰਮਲ, ਹੈ ਬੰਦਾ ਵੀ ਕਰਤਾਰ ਬਣ ਜਾਂਦਾ॥

ਹੈ ਮਿਲ ਜਾਂਦੀ ਜਦ ਬੂੰਦ ਸਾਗਰ ਵਿੱਚ, ਫਿਰ ਉਹ ਸਾਗਰ ਹੀ ਬਣ ਜਾਂਦੀ॥
ਘੁੱਲ ਮਿਲ ਜਾਂਦੀ ਸਾਗਰ ਵਿਚ ਹੀ, ਹੈ 'ਅਰਸ਼ੀ' ਫਿਰ ਸਾਗਰ ਹੀ ਅਖਵਾਂਦੀ॥

**''ਜਿਉ ਜਲ ਮਹਿ ਜਲੁ ਆਇ ਖਟਾਨਾ॥ ਤਿਉ ਜੋਤੀ ਸੰਗਿ ਜੋਤਿ ਸਮਾਨਾ॥**
**ਮਿਟਿ ਗਏ ਗਵਨ ਪਾਏ ਬਿਸ੍ਰਾਮ॥ ਨਾਨਕ ਪ੍ਰਭਕੈ ਸਦ ਕੁਰਬਾਨ॥''**
(**ਸੁਖਮਣੀ**)

* * *

# ਹਉਮੈ ਰੋਗ (ਗਜ਼ਲ)

ਕੋਈ ਹਉਮੈ ਵਰਗਾ ਹੋਰ ਰੋਗ ਨਹੀਂ, ਹੈ ਇਹ ਲਾ ਇਲਾਜ ਬੀਮਾਰੀ॥
ਖਾ ਲਈ ਜਿਸ ਮਨੁਖਤਾ ਸਾਰੀ, ਹੈ ਬਣ ਗਈ ਲੱਗਦੀ ਹੀ ਮਹਾਂਮਾਰੀ॥

ਜੰਮਦੇ ਸਾਰ ਹੀ ਲੱਗ ਜਾਂਦੀ ਹੈ, ਲੱਗਦੇ ਸਾਰ ਹੀ ਹਵਾ ਦੁਨੀਆਂ ਦੀ,
ਫਿਰ ਵੱਧਦੀ ਜਾਂਦੀ ਪਣਪਦੀ ਜਾਂਦੀ, ਉਭਰਦੀ ਜਾਂਦੀ ਖੁਦੀ ਖੁਮਾਰੀ॥

ਜਦ ਮੈਂ ਮੇਰੀ ਹੈ ਪੈਦਾ ਹੋਂਦੀ, ਫਿਰ ਤ੍ਰਿਸ਼ਨਾ ਵਾਸ਼ਨਾਂ ਵੀ ਉੱਗ ਪੈਂਦੀ,
ਬਣਕੇ ਜਾਦੂਗਰਨੀ ਮਾਇਆ, ਆਪਣਾ ਜਾਦੂ ਜਾਏ ਖਲਾਰੀ॥

ਹੈ ਵੱਧਦੀ ਜਾਂਦੀ ਲੋਭ ਲਾਲਸਾ, ਖੁਦਗਰਜੀ ਵੀ ਵੱਧਦੀ ਜਾਂਦੀ,
ਇੱਕ ਵੱਖਰੀ ਹੋਂਦ ਹੈ ਪਣਪ ਖਲੋਂਦੀ, ਜੋ ਬਣ ਜਾਂਦੀ ਦੁਨੀਆਂਦਾਰੀ॥

ਜਿਵੇਂ ਹੈ ਮੱਕੜੀ ਜਾਲਾ ਤਣਦੀ, ਤਿਵੇਂ ਹੀ ਹਉਮੈ ਜਾਏ ਫੈਲਦੀ,
ਜੀਵਨ ਹੀ ਜਾਂਦਾ ਹੈ ਜਕੜਿਆਂ, ਜਿੱਦਾਂ ਮੱਕੜੀ ਫੱਸੇ ਵਿਚਾਰੀ॥

ਗ੍ਰਹਿਣ ਹੈ ਜਾਂਦਾ ਜੀਵਨ ਸਾਰਾ, ਹੋ ਜਾਂਦਾ ਦੂਸ਼ਿਤ ਪ੍ਰਦੂਸ਼ਿਤ,
ਸੋਚ ਵਿਚਾਰ ਮਲੀਣ ਹੋ ਜਾਂਦੀ, ਹੈ ਕਰਨੀ ਬਣ ਜਾਂਦੀ ਬਦਕਾਰੀ॥

ਫਿਰ ਕਰਨੀ ਦਾ ਫਲ ਮਿਲਣਾਂ ਹੀ ਹੈ, ਭੁਗਤਣੀ ਪੈਂਦੀ ਫੇਰ ਚੌਰਾਸੀ,
ਭੁਗਤ ਭੁਗਤ ਕੇ ਫਲ ਕਰਮਾਂ ਦੇ, ਹੋਂਦੀ ਰਹਿੰਦੀ ਖਜਲ ਖੁਆਰੀ॥

ਸਭ ਦੁਸ਼ਕਰਮਾਂ ਦੀ ਮਾਂ ਹਉਮੈ ਹੈ, ਜੋ ਖਹਿੜਾ ਹੀ ਨਹੀਂ ਫੇਰ ਛੱਡਦੀ,
ਅਜਲਾਂ ਤੀਕਰ ਚੰਬੜੀ ਰਹਿੰਦੀ, ਰਹੇ ਕੱਟਦੀ ਵਾਂਗ ਕਟਾਰੀ॥

ਹਨ ਅਸਲੋਂ ਥੋੜੇ ਕਰਮਾਂ ਵਾਲੇ, ਜੋ ਇਸ ਖੁਦੀ ਨੂੰ ਮਾਰ ਲੈਂਦੇ ਨੇ,
'ਅਰਸ਼ੀ' ਬਣ ਜਾਂਦੇ ਧਰੂ ਤਾਰੇ, ਹੋ ਜਾਂਦੇ ਬੰਦੇ ਕਰਤਾਰੀ॥

**''ਖੁਦੀ ਮਿਟੀ ਤਬ ਸੁਖ ਭਏ, ਮਨ ਤਨ ਭਏ ਅਰੋਗ॥
ਨਾਨਕ ਦ੍ਰਿਸਟੀ ਆਇਆ, ਉਸਤਤਿ ਕਰਨੈ ਜੋਗੁ॥''**
**(ਪੰਨਾ 260 ਗੁ: ਗ੍ਰੰ: ਸਾ:)**

* * *

# ਕਮਲ ਵਾਂਗ ਨਿਰਲੇਪ ਜੀਵਨ

**''ਜੈਸੇ ਜਲ ਮਹਿ ਕਮਲ ਹੈ, ਤੈਸੀ ਬਣਤ ਬਣਾਏ॥**
**ਸੇ ਸੁਖੀਏ ਸਦਾ ਸੋਹਣੇ, ਜੋ ਸਚ ਮਹਿ ਰਹਿ ਸਮਾਏ॥''**
**(ਪੰਨਾ 1281 ਗੁ: ਗ੍ਰੰ: ਸ:)**

ਫੁੱਲਾਂ ਵਰਗਾ ਜੀਵਨ ਕਰ ਲੈ, ਕੀ ਕੰਡੇ ਬਣਕੇ ਲੈਣਾਂ;
ਅਸਲੋਂ ਨਿਮਰ ਨਿਮਾਣਾਂ ਹੋਜਾ, ਤਾਂ ਜੋ ਜੀਵਨ ਪਦਵੀ ਪਾਏ॥

ਕਮਲ ਹੈ ਚਿੱਕੜ ਅੰਦਰ ਉੱਗਦਾ, ਪਾਣੀ ਅੰਦਰ ਰਹਿੰਦਾ ਪਲਦਾ॥
ਪਰ ਹੈ ਨਿਰਲੇਪ ਰਹਿੰਦਾ ਪਾਣੀ ਤੋਂ, ਨਹੀਂ ਪਾਣੀ ਵਿੱਚ ਗਲਦਾ॥
ਤੂੰ ਵੀ ਰਹਿਣਾਂ ਹੈ ਜੱਗ ਅੰਦਰ, ਪਰ ਲਿਪਤ ਲਿਬੜ ਨਹੀਂ ਜਾਣਾਂ;
ਰੱਖਣਾਂ ਹੈ ਨਿਰਲੇਪ ਜੀਵਨ ਨੂੰ, ਹੈ ਫੇਰ ਹੀ ਜੀਵਨ ਫੁੱਲਦਾ ਫਲਦਾ॥

ਫੁੱਲਾਂ ਵਰਗੇ ਜੇ ਬਣ ਜਾਈਏ, ਫੁੱਲਾਂ ਵਰਗੇ ਗੁਣ ਅਪਣਾਕੇ॥
ਫੁੱਲਾਂ ਵਰਗੇ ਹੀ ਹੋ ਜਾਈਏ, ਫੁੱਲਾਂ ਵਰਗੀ ਆਭਾ ਪਾਕੇ॥
ਫੁੱਲ ਕਦੇ ਨਹੀਂ ਮੰਦਾ ਸੋਚਦੇ, ਕੋਈ ਹਿਰਦਾ ਵੀ ਨਹੀਂ ਦੁਖਾਂਦੇ;
ਹਨ ਹੋਂਦੇ ਸਭਨਾਂ ਲਈ ਹੀ ਸਾਂਝੇ, ਅਮਰ ਹੋ ਜਾਂਦੇ ਅਮਲ ਕਮਾਕੇ॥

ਫੁੱਲ ਨਹੀਂ ਕਿਸੇ ਨੂੰ ਕਦੇ ਕੋਸਦੇ, ਬਲਕਿ ਵੰਡਦੇ ਹਨ ਖੁਸ਼ਬੋਈਆਂ॥
ਖੁਦੀ ਨਹੀਂ ਕਰਦੇ ਨਹੀਂ ਹੈਕੜਦੇ, ਨਹੀਂ ਕਰਦੇ ਕੋਝੀਆਂ ਦਿਲਜੋਈਆਂ॥
ਹਨ ਹੌਲੇ ਹਲਕੇ ਬਣਕੇ ਰਹਿੰਦੇ, ਬੋਝ ਨਹੀਂ ਬਣਦੇ ਕਿਸੇ ਵੀ ਸਿਰਦਾ;
ਜੇ ਬਣ ਜਾਈਏ ਫੁੱਲਾਂ ਵਰਗੇ, ਮੁੱਕ ਜਾਵਣ ਤਰਲੇ ਅਰਜੋਈਆਂ॥

ਹੈ ਭਾਵੇਂ ਫੁੱਲ ਦਾ ਜੀਵਨ ਛੋਟਾ, ਪਰ ਨਾਲ ਸੁਹੱਪਣ ਭਰਿਆ ਰਹਿੰਦਾ॥
ਖਿੜਿਆ ਤਿੜਿਆ ਹੱਸਦਾ ਰਹਿੰਦਾ, ਨਹੀਂ ਮਰਿਆ ਮਰਿਆ ਰਹਿੰਦਾ॥
ਕਿਸੇ ਮਟੱਕ ਮਲਾਰ ਨਾਲ ਹੈ ਜੀਂਦਾ, ਸਭ ਨੂੰ ਭਾਉਂਦਾ ਤੇ ਹਰਸ਼ਾਉਂਦਾ;
ਹੈ ਫੁੱਲ ਦਾ ਜੀਵਨ ਨਿਰੀ ਪ੍ਰੇਰਨਾਂ, ਸਦਾ ਹੀ ਹਰਿਆ ਭਰਿਆ ਰਹਿੰਦਾ॥

ਚਾਹੁੰਦਾ ਹਾਂ ਫੁੱਲ ਹੀ ਬਣ ਜਾਵਾਂ, ਜੀਵਨ ਯਾਤਰਾ ਸਫਲ ਕਰਨ ਲਈ॥
ਫੁੱਲਦੇ ਵਾਂਗ ਹੀ ਜੀਵਨ ਜੀਵਾਂ, ਜੀਵਨ ਅੰਦਰ ਮਹਿਕ ਭਰਨ ਲਈ॥
ਸਰਲ ਸੁਹੇਲਾ ਬਣ ਜਾਏ ਜੀਵਨ, ਨਵਾਂ ਨਵੇਲਾ ਬਣ ਜਾਏ ਜੀਵਨ;
ਨਿਰਾ ਹੀ ਖੇੜਾ ਬਣ ਜਾਏ ਜੀਵਨ, ਭਵ ਸਾਗਰ ਨੂੰ ਸੌਖਿਆਂ ਤਰਨ ਲਈ॥

**''ਸਭ ਕੋ ਮੀਤ ਹਮ ਆਪਨ ਕੀਨਾ, ਹਮ ਸਭਨਾਂ ਕੇ ਸਾਜਨ॥**
**ਦੂਰ ਪਰਾਇਓ ਮਨ ਕਾ ਬਿਰਹਾ, ਮੇਲ ਕੀਓ ਮੇਰੇ ਰਾਜਨ''**
ਤਾਤ ਪਰਾਈ ਵੈਰ ਵਿਤਕਰਾ, ਨਹੀਂ ਰਹਿੰਦਾ ਫੁੱਲ ਬਨਿਆਂ;
ਹੈ ਫੁੱਲ ਬਣ ਜਾਣਾਂ ਹੀ ਮਾਨਵਤਾ, ਨਹੀਂ ਹੋਂਦਾ ਫੇਰ ਵਿਭਾਜਨ॥

ਹਾਂ ਜਦ ਤੋਂ ਫੁੱਲਾਂ ਵਰਗੇ ਹੋ ਗਏ, ਹੈ ਜੀਵਨ ਵਿੱਚ ਬਹਾਰ ਹੀ ਆ ਗਈ॥
ਹੈਂ ਜਦ ਤੋਂ ਨਿਰਛਲ ਹੋ ਗਈ ਕਾਇਆਂ, ਹੈ ਲੱਗਦੀ ਸੁੱਖ ਸ਼ਾਂਤੀ ਹੀ ਛਾ ਗਈ॥
ਹੁਣ ਹਰ ਦਿਨ ਲੱਗੇ ਬਸੰਤ ਵਾਂਗਰਾਂ, ਹੈ ਬਣ ਗਈ ਰਾਤ ਦੀਵਾਲੀ;
'ਅਰਸ਼ੀ' ਜੀਵਨ ਜੁਗਤੀ ਮਿਲ ਗਈ, ਅਸੀਂ ਰੱਬੀ ਰਹਿਮਤ ਪਾ ਲਈ॥

ਗੁਰਾਂ ਦੀ ਸਿਖਿਆ ਬੰਨਕੇ ਪੱਲੇ, ਕਰ ਲਿਆ ਹੋ ਗਿਆ ਜਨਮ ਸੁਹੇਲਾ॥
ਰਾਹ ਰੂਹਾਨੀ ਨੂੰ ਅਪਣਾ ਕੇ, ਹੈ ਬਣ ਗਿਆ ਜੀਵਨ ਅੰਮ੍ਰਿਤ ਵੇਲਾ॥
ਏਥੇ ਸੁੱਖ ਅਗੇ ਵਡਿਆਈਆਂ, ਹਨ ਹੋ ਗਈਆਂ ਰੱਬੀ ਮਿਹਰਾਂ;
ਕੋਈ ਮਨ ਚਿੰਤਾ ਰੋਗ ਰਿਹਾ ਨਹੀਂ, ਹੈ ਹੋ ਗਿਆ ਜੀਵਨ ਨਵਾਂ ਨਵੇਲਾ॥

* * *

## ਹਾਲਾਤ ਸੁਖਾਵੇਂ ਸੁੱਖ ਸ਼ਾਂਤੀਆਂ

ਹਾਲਾਤ ਸੁਖਾਵੇਂ ਤੇ ਸੁੱਖ ਸ਼ਾਂਤੀਆਂ, ਹਨ ਮਿਲਦੀਆਂ ਵਿਰਲਿਆ ਨੂੰ,
ਬਹੁਤੇ ਲੋਕੀ ਰਹਿਣ ਕਲਪਦੇ, ਪਏ ਫਲ ਕਰਮਾਂ ਦੇ ਭੋਗਦੇ॥
ਤੰਦਰੁਸਤੀਆਂ ਮਨ ਮਸਤੀਆਂ, ਵੀ ਮਿਲਦੀਆਂ ਹਨ ਟਾਂਵਿਆਂ ਨੂੰ,
ਬਹੁਤੇ ਲੋਕੀ ਰੋਗਾਂ ਕਾਰਨ, ਪਏ ਰਹਿੰਦੇ ਦੁਖੜੇ ਭੋਗਦੇ॥

ਹਰ ਬੰਦਾ ਹੀ ਜਿੰਮੇਵਾਰ ਹੈ, ਆਪਣੇ ਕਰਮ ਕਾਰਿਆਂ ਖਾਤਰ,
ਆਪੇ ਹੀ ਜੋ ਬੀਜੀ ਦਾ ਹੈ, ਓਹੀ ਫਿਰ ਹੈ ਖਾਣਾਂ ਪੈਂਦਾ॥
ਹੋਰ ਕੋਈ ਵੀ ਜਿੰਮੇਵਾਰ ਨਹੀਂ, ਦੁੱਖਾਂ ਸੁੱਖਾਂ ਮੇਰਿਆਂ ਲਈ,
ਹੈ ਮੇਰਾ ਕੀਤਾ ਮੈਨੂੰ ਮਿਲਣਾਂ, ਆਪਣਾ ਕੀਤਾ ਪਾਣਾਂ ਪੈਂਦਾ॥

ਫਿਰ ਕਾਹਨੂੰ ਹਨ ਲੋਕੀ ਲੜਦੇ, ਸਾੜੇ ਰੋਸ ਤੇ ਸ਼ਿਕਵੇ ਕਰਦੇ,
ਜਦ ਸਾਰੇ ਹੀ ਤਾਂ ਹਨ ਯਾਤਰੀ, ਕੇਵਲ ਸਮਾਂ ਗੁਜਾਰਨ ਆਏ॥
ਕਿਉਂ ਧੋਖੇ ਠੱਗੀਆਂ ਕਪਟ ਕਮਾਂਦੇ, ਜਦ ਤੁਰ ਜਾਣਾਂ ਹੈ ਸਭਨਾ ਨੇ ਹੀ,
ਨਾਲ ਕਿਸੇ ਨਹੀਂ ਕੁੱਝ ਲੈ ਜਾਣਾਂ, ਹਨ ਕੇਵਲ ਕਰਜ ਉਤਾਰਨ ਆਏ॥

ਇਹ ਧਰਤੀ ਤਾਂ ਧਰਮਸਾਲ ਹੈ, ਕਰਮਸ਼ਾਲਾ ਹੈ ਇਹ ਜੀਵਨ ਦੀ,
ਹਨ ਏਥੇ ਕਰਮ ਕਮਾਣੇ ਪੈਂਦੇ, ਜਿਸਦਾ ਪਿਛੋਂ ਫਲ ਵੀ ਮਿਲਣਾਂ॥
ਹੈ ਭੋਗਣਾਂ ਪੈਂਦਾ ਫਲ ਜਰੂਰੀ, ਭੋਗੇ ਬਿਨਾਂ ਨਹੀਂ ਭੱਜਿਆ ਜਾਂਦਾ,
ਸੀ ਜੋ ਵੀ ਜਿਹੜਾ ਬੀਜ ਬੀਜਿਆ, ਉਸ ਉੱਗਨਾ ਵੀ ਤੇ ਹੈ ਵੀ ਫਲਣਾਂ॥

**'ਅੱਗੋ ਦੇ ਜੇ ਚੇਤੀਐ, ਤਾ ਕਾਇਤ ਮਿਲੈ ਸਜਾਇ॥'**
ਪਿੱਛੋਂ ਨਹੀਂ ਪਛਤਾਣਾਂ ਪੈਂਦਾ, ਜੇਕਰ ਪਹਿਲੋ ਹੀ ਕੁੱਝ ਸੋਚੀਏ॥
ਵੇਲੇ ਦੀ ਨਮਾਜ਼ ਹੈ ਹੋਂਦੀ, ਹੋਣ ਕਵੇਲੇ ਦੀਆਂ ਟਕੱਰਾਂ,
ਪਹਿਲੋਂ ਹੀ ਉਹ ਰਸਤਾ ਚੁਣੀਏ, ਜਿੱਧਰ ਜਾਣਾਂ ਲੋਚੀਏ॥

ਹੈ ਨਰਕ ਸੁਰਗ ਏਸੇ ਧਰਤੀ ਤੇ, ਬੈਕੁੰਠ ਧਾਮ ਵੀ ਹੈ ਏਥੇ ਹੀ,
ਐਪਰ ਸਮਝ ਰਿਹਾ ਨਹੀਂ ਬੰਦਾ, ਗਿਆ ਅਸਲੋਂ ਹੀ ਅਗਿਆਨਿਆਂ॥
ਰਹਿੰਦਾ ਰੱਬ ਵੀ ਹੈ ਏਥੇ ਹੀ, ਉਸਦਾ ਹੁਕਮ ਅਦਾਲਤ ਨਾਲ ਹੈ,
ਪਰ ਮਨ ਮਤੀਏ ਨੂੰ ਨਜ਼ਰ ਨਹੀਂ ਪੈਂਦਾ, ਹੈ ਰਹਿੰਦਾ ਉਹ ਅਣਜਾਨਿਆਂ॥

ਹਨ ਮਨ ਆਈਆਂ ਕਰਦੇ ਜਿਹੜੇ, ਕੋਈ ਜੀਵਨ ਜੁਗਤੀ ਨਹੀਂ ਧਾਰਦੇ,
ਉਹ ਫੱਸ ਜਾਂਦੇ ਹਨ ਮੱਕੜੀ ਵਾਂਗੂ, ਆਪਣੇ ਕਪਟੀ ਜਾਲਾਂ ਅੰਦਰ॥
ਹਨ ਰਹਿੰਦੇ ਉਹ ਦੁੱਖ ਭੋਗਦੇ, ਚੌਰਾਸੀ ਦੇ ਚੱਕਰ ਕੱਟਦੇ,
ਔਖਾ ਬਣ ਜਾਂਦਾ ਛੁਟਕਾਰਾ, ਹਨ ਨੱਚਦੇ ਰਹਿੰਦੇ ਤਾਲਾਂ ਅੰਦਰ॥

ਜੋ ਵਰਤਮਾਨ ਨੂੰ ਨਹੀਂ ਵਰਤਦੇ, ਪਸ਼ੂਆਂ ਵਾਂਗੂੰ ਜੀਵਨ ਕੱਟਦੇ,
ਨਹੀਂ ਸੋਚਦੇ ਨਹੀਂ ਵਿਚਾਰਦੇ, ਮਾਨਵ ਜੂਨ ਅਜਾਈ ਕਰਦੇ॥
ਉਹ ਘਰਦੇ ਰਹਿੰਦੇ ਨਹੀਂ ਘਾਟਦੇ, ਜੀਵਨ ਬਾਜੀ ਜਾਣ ਹਾਰਦੇ,
ਨਰਕੀ ਜੀਵਨ ਰਹਿਣ ਭੋਗਦੇ, ਜੰਮਦੇ ਰਹਿੰਦੇ, ਰਹਿੰਦੇ ਮਰਦੇ॥

ਤੂੰ ਕੁੱਝ ਬਣ ਸਿਆਣਾ 'ਅਰਸ਼ੀ', ਡੁੱਲੇ ਬੇਰ ਅਜੇ ਨਹੀਂ ਵਿਗੜੇ,
ਧਾਰ ਲੈ ਕੋਈ ਜੀਵਨ ਜੁਗਤੀ, ਅਜੇ ਵੀ ਵੇਲਾ ਹੈ ਸੰਭਲਣ ਦਾ॥
ਹੈ ਅਜੇ ਵੀ ਹੋ ਸਕਦਾ ਕੋਈ ਹੀਲਾ, ਬਣ ਸਕਦਾ ਅਜੇ ਵਸੀਲਾ,
ਸਤਿਗੁਰ ਦੇ ਚਰਨਾ ਨੂੰ ਫੜਲੈ, ਸਮਾਂ ਅਜੇ ਵੀ ਹੈ ਹੰਭਲਣ ਦਾ॥

ਭੁੱਲਜਾ ਭੁੱਲਜਾ ਪਰਵਿਤੀ ਨੂੰ, ਇਹ ਝੂਠਾ ਮਾਯਾਵੀ ਜਾਲ ਹੈ,
ਹੰਭਲਾ ਮਾਰਕੇ ਤੋੜਦੇ ਇਸਨੂੰ, ਨਿਰਵਿਰਤੀ ਦੀ ਪੈਜਾ ਸ਼ਰਨੀ॥
ਰਾਹ ਰੂਹਾਨੀ ਨੂੰ ਆਪਣਾ ਲਏ, ਮਨ ਵਿੱਚ ਸੱਚੀ ਲਗਣ ਲਗਾ ਲੈ,
ਭਵਸਾਗਰ ਨੂੰ ਪਾਰ ਕਰਨ ਲਈ, 'ਅਰਸ਼ੀ' ਪੈਜਾ ਗੁਰਾਂ ਦੀ ਚਰਨੀ॥

ਪ੍ਰੇਰਣਾ :

**''ਪ੍ਰਾਣੀ ਤੂੰ ਆਇਆ ਲਾਹਾ ਲੈਣਿ॥**
**ਲਗਾ ਕਿਤੁ ਕੁਫਕੜੇ, ਸਭ ਮੁਕਦੀ ਚਲੀ ਰੈਣਿ॥''**

(ਪੰਨਾ 43 ਗੁ: ਗ੍ਰੰ: ਸਾ:)

* * *

## ਮਾਨਵੀ ਜਿੰਦਗੀ (ਗੀਤ)

ਮੈਂ ਜਿੰਦਗੀ ਸਵਾਰਨੀ ਹੈ, ਰੋਲਣਾਂ ਨਹੀਂ ਜਿੰਦਗੀ ਨੂੰ,
ਜਿੰਦਗੀ ਉਭਾਰਨੀ ਹੈ, ਬੱਸ ਏਹੋ ਅਰਮਾਨ ਹੈ॥

ਇਹ ਡਾਢੀ ਹੀ ਨਿਆਬ ਹੈ, ਨਿਆਮਤ ਹੈ ਅਮੁੱਲੀ ਦਾਤ,
ਹੋ ਜਾਵੇ ਨਾਂ ਅਜਾਈ ਕਿਤੇ, ਮਨ ਵੱਡਾ ਫਿਕਰਵਾਨ ਹੈ॥

ਮੈਂ ਸਾਧਨਾਂ ਸਵਾਰਨਾਂ, ਸ਼ਿੰਗਾਰਨਾਂ ਹੈ ਜਿੰਦਗੀ ਨੂੰ,
ਮੋਤੀ ਸੁੱਚੇ ਵਾਂਗ ਘੜਕੇ, ਮੈਂ ਭਰਨੀ ਉਡਾਨ ਹੈ॥

ਇਹ ਮਿਲਦੀ ਨਹੀਂ ਵਾਰਵਾਰ, ਹੈ ਮੱਸਾਂ ਮਿਲੀ ਏਸ ਵਾਰ,
ਕਈ ਭੁੱਗਤਕੇ ਚੌਰਾਸੀਆਂ, ਮਿਲਿਆ ਜਾਮਾਂ ਇਨਸਾਨ ਹੈ॥

ਇਸ ਜਿੰਦਗੀ ਦੀ ਜੰਗ ਨੂੰ, ਹੈ ਜਿੱਤ ਲੈਣਾਂ ਹਰ ਹੀਲੇ,
ਲਿਆ ਧਾਰ ਹੈ ਇਰਾਦਾ ਪੱਕਾ, ਮਨ ਕੀਤਾ ਬਲਵਾਨ ਹੈ॥

ਜੀਵਨ ਉੱਤਮ ਬਨਾਣ ਲਈ, ਜੀਵਨ ਮੁਕਤੀ ਨੂੰ ਪਾਣ ਲਈ,
ਕੋਈ ਘਾਟ ਕਸਰ ਛੱਡਣੀ ਨਹੀਂ, ਪੂਰਾ ਲਾ ਦੇਣਾਂ ਤਾਣ ਹੈ॥

ਹੁਣ ਕਰਨੀ ਹੈ ਬੰਦਗੀ ਹੀ, ਹੋਰ ਕੁਝ ਕਰਨਾਂ ਹੀ ਨਹੀਂ,
ਬੱਸ ਬੰਦਗੀ ਹੀ ਜਿੰਦਗੀ ਹੈ, ਇਹੋ ਲਿਆ ਠਾਣ ਹੈ॥

ਆਪਣੇ ਵਿਰਸੇ ਨੂੰ ਜਾਣਕੇ, ਮੁੱਢ ਮੂਲ ਨੂੰ ਪਛਾਣਕੇ,
ਨਹੀਂ ਹੋਣਾਂ ਹੁਣ ਅਵੇਸਲੇ, ਹੋ ਜਾਣਾਂ ਸਾਵਧਾਨ ਹੈ॥

ਬੰਦਗੀ ਤੋਂ ਬਿਨਾਂ ਬੰਦਾ, ਹੋਂਦਾ ਕਿਸੇ ਕੰਮ ਦਾ ਨਹੀਂ,
ਮਿਲੀ ਬੰਦਗੀ ਲਈ ਜਿੰਦਗੀ, ਇਹ 'ਅਰਸ਼ੀ' ਵਰਦਾਨ ਹੈ॥

* * *

# ਨਰਕ-ਸੁਰਗ

ਇਹ ਨਰਕ ਸੁਰਗ ਨਹੀਂ ਕੋਈ ਟਿਕਾਣੇ, ਬਲਕਿ ਹਨ ਇਹ ਤਾਂ ਅਵਸਥਾਵਾਂ॥
ਨਹੀਂ ਨਰਕ ਸੁਰਗ ਕੋਈ ਅੰਬਰ ਉੱਤੇ, ਹਨ ਧਰਤੀ ਉੱਤੇ ਹੀ ਇਹ ਥਾਵਾਂ॥

ਹਰ ਜੀਵਨ ਹੀ ਭੋਗ ਰਿਹਾ ਹੈ, ਨਰਕ ਸੁਰਗ ਏਸੇ ਧਰਤੀ ਤੇ॥
ਹਰ ਜੀਵਨ ਹੀ ਭੁਗਤ ਰਿਹਾ ਹੈ, ਕਰਮਾਂ ਦੇ ਫਲ ਏਥੇ ਧਰਤੀ ਤੇ॥

ਜਿੱਥੇ ਹਰ ਵਸਤੂ ਦਾ ਅਭਾਵ ਹੈ, ਨਹੀਂ ਹੋਂਦੀਆਂ ਜਿੱਥੇ ਪੂਰੀਆਂ ਲੋੜਾਂ॥
ਖਾਣ ਪੀਣ ਦੀਆਂ ਘਾਟਾਂ ਜਿੱਥੇ, ਸਾਰੇ ਪਾਸੇ ਥੋੜਾਂ ਥੋੜਾਂ॥

ਦੁੱਖਾਂ ਦੀ ਭਰਮਾਰ ਹੈ ਜਿੱਥੇ, ਹਰ ਪਾਸੇ ਹਾਹਾਕਾਰ ਹੈ ਜਿੱਥੇ॥
ਚਿੰਤਾਵਾਂ ਥੋੜਾਂ ਤੇ ਮਜਬੂਰੀਆਂ, ਦੀ ਤੜਪਣ ਬਣੀ ਪੁਕਾਰ ਹੈ ਜਿੱਥੇ॥

ਨਹੀਂ ਹੱਜ ਹੀ ਕੋਈ ਜਿੱਥੇ ਜੀਣਦਾ, ਅੰਗ ਅੰਗ ਵਿੱਚ ਚੋਬਾਂ ਚੀਸਾਂ॥
ਹਨ ਅੰਗ ਹੀ ਜਿੱਥੇ ਟੇਢੇ ਮੇਢੇ, ਕਦਮ ਕਦਮ ਤੇ ਟਸੱਕਾਂ ਟੀਸਾਂ॥

ਜਿੱਥੇ ਉਲਟੇ ਪੁਲਟੇ ਅੰਗ ਨੇ ਉੱਗੇ, ਲੂਲੀਆਂ ਲੰਙੀਆਂ ਲੱਤਾਂ ਜਿੱਥੇ॥
ਹੈ ਕੁਲਟਾ ਕੋਝਾ ਤਨ ਹੀ ਸਾਰਾ, ਕੀ ਜੀਵਨ ਦਾ ਹੱਜ ਹੈ ਉੱਥੇ॥

ਹਨ ਨਿਰੀਆਂ ਹੀ ਪਰੇਸ਼ਾਨੀਆਂ, ਹੈ ਜੀਣਾਂ ਜਿੱਥੇ ਜ਼ਹਿਰ ਬਣ ਗਿਆ॥
ਤਰਲੇ ਮਿਣਤਾਂ ਝਿੜਕਾਂ ਜਿੱਥੇ, ਹੈ ਜੀਵਨ ਜਿੱਥੇ ਕਹਿਰ ਬਣ ਗਿਆ॥

ਕੀ ਇਹ ਨਰਕ ਹੀ ਨਹੀਂ ਹੈ ਸਾਰਾ ? ਕੀ ਇਸ ਤੋਂ ਵੱਖਰਾ ਨਰਕ ਹੈ ਹੋਂਦਾ ?
ਹੈ ਤੜਪ ਲੁੱਛ ਰਹੀ ਜਿੱਥੇ ਜਿੰਦਗੀ, ਕੀ ਨਰਕ 'ਚ ਇਸ ਤੋਂ ਫਰਕ ਹੈ ਹੋਂਦਾ ?

ਬਸ ਏਹੀ ਨਰਕ ਹੈ ਜੋ ਹੈ ਏਥੇ ਹੀ, ਭੋਗ ਰਹੇ ਹਨ ਕਰਮਾਂ ਮਾਰੇ॥
ਭੁਗਤ ਰਹੇ ਨੇ ਫਲ ਕਰਮਾਂ ਦੇ, ਦੁਖਿਆਰੇ ਆਤਰ ਲੋਕ ਵਿਚਾਰੇ॥

ਹੈ ਦੂਜਾ ਪਾਸਾ ਵੀ ਝਾਕੀ ਦਾ, ਜਿਸਨੂੰ ਲੋਕੀ ਸਵਰਗ ਆਖਦੇ॥
ਹਨ ਸੁੱਖ ਆਰਾਮ ਜਿੱਥੇ ਸਾਰੇ ਹੀ, ਜੀਵਨ ਦਾ ਗੁਲਬਰਗ ਆਖਦੇ॥

ਪਰ ਸੁੱਖਾਂ ਨੂੰ ਮਾਣਦੇ ਹੋਇਆਂ, ਹਨ ਕਈ ਜੀਵਨ ਗੁਮਰਾਹ ਹੋ ਜਾਂਦੇ॥
ਐਸ਼ ਇਸ਼ਰਤਾਂ ਵਿੱਚ ਰੁੱਲ ਜਾਂਦੇ, ਫਿਰ ਕਈ ਜੀਵਨ ਹਨ, ਤਬਾਹ ਹੋ ਜਾਂਦੇ॥

ਮਾਣਦੇ ਹੋਇਆਂ ਰੱਬੀ ਦਾਤਾਂ ਨੂੰ, ਦੇਵਣਹਾਰ ਵਿਸਾਰ ਦੇਂਦੇ ਨੇ॥
ਹਨ ਹੋ ਜਾਂਦੇ ਗਲਤਾਣ ਦਾਤਾਂ ਵਿੱਚ, ਕਰ ਦਾਤਾ, ਦਰਕਿਨਾਰ ਦੇਂਦੇ ਨੇ॥

ਹਨ ਕਰ ਲੈਂਦੇ ਕੁੱਝ ਮਨ ਮਰਜੀਆਂ, ਮਿਲੇ ਸੁੱਖਾਂ ਦੀ ਕਰ ਦੁਰਵਤੋਂ॥
ਹਨ ਕਰਦੇ ਧੱਕੇ ਜਬਰ ਵਧੀਕੀਆਂ, ਮਿਲੀ ਤਾਕਤ ਦੀ ਕਰ ਦੁਰਵਰਤੋਂ॥

ਮੱਦ ਮਾਇਆ ਦੇ ਅੱਡੇ ਚੜ੍ਹਕੇ, ਹਨ ਜੀਵਨ ਦਾ ਦਸਤੂਰ ਭੁੱਲਦੇ॥
ਹਨ ਜਾਂਦੇ ਬਣ ਪਦਾਰਥਵਾਦੀ, ਸੁਵਰਗ ਤੋਂ ਗਿਰਦੇ ਨਰਕ 'ਚ ਰੁਲਦੇ॥

ਖਾਣ ਵਿਗਾੜਿਆ ਪੀਣ ਵਿਗਾੜਿਆ॥ ਸੋਚ ਵਿਗਾੜੀ ਜੀਣ ਵਿਗਾੜਿਆ॥
ਜੀਵਨ ਦਾ ਰੰਗ ਢੰਗ ਵਿਗੜਿਆ॥ ਸੰਗੀ ਸਾਥੀ ਸੰਗ ਵਿਗੜਿਆ॥

**''ਜਿਉ ਕੂਕਰ ਹਰਕਾਇਆ, ਧਾਵੈ ਦਹ ਦਿਸ ਜਾਇ॥**
**ਲੋਭੀ ਜੰਤ ਨਾ ਜਾਣਈ, ਭਖ ਅਭਖ ਸਭੁ ਖਾਇ॥''**

ਏਦਾ ਸੁਰਗ ਵੀ ਨਰਕ ਬਣ ਜਾਂਦੈ, ਪਿਆ ਬੰਦਾ ਏਹੀ ਕਰਮ ਕਮਾਂਦੈ॥
ਨਰਕੋਂ ਸੁਰਗ ਤੇ ਸੁਰਗੋਂ ਨਰਕਾ, ਹਰ ਬੰਦਾ ਆਪ ਬਣਾਈ ਜਾਂਦੈ॥

ਹਨ ਨਰਕ ਸੁਰਗ ਜੀਵਨ ਦੇ ਮੰਡਲ, ਸੋਚ ਤੇ ਕਰਨੀ ਦਾ ਹੈ ਦਰਜਾ॥
ਪਿਆ ਜਿਦਾਂ ਦਾ ਕੋਈ ਕਰਮ ਕਮਾਂਦਾ, ਹੈ ਓਦਾਂ ਦਾ ਹੀ ਜਾਂਦਾ ਬਨਦਾ॥

ਜੇ ਹੋ ਜਾਵੇ ਸਮਦ੍ਰਿਸ਼ਟ ਸੋਚਣੀ, ਫਿਰ ਨਰਕ ਸੁਰਗ ਮਾਸਾ ਨਹੀਂ ਪੋਂਹਦੇ॥
ਨਰਕ ਸੁਰਗ ਹਨ ਦੋ ਅਵਸਥਾਵਾਂ, ਨਰਕ ਸੁਰਗ ਕੋਈ ਥਾਂ ਨਹੀਂ ਹੋਂਦੇ॥

ਹੈ ਨਰਕ ਵੀ ਏਥੇ ਸੁਰਗ ਵੀ ਏਥੇ, ਹਨ ਏਥੇ ਹੀ ਏਸੇ ਧਰਤੀ ਉੱਤੇ॥
ਹਨ 'ਅਰਸ਼ੀ' ਦੋਵੇਂ ਪਾਸੇ ਵੇਖ ਲਏ, ਸਾਫ ਪਏ ਦਿੱਸਣ ਧਰਤੀ ਉੱਤੇ॥

**''ਕਬੀਰ ਸੁਰਗ ਨਰਕ ਤੇ ਮੈਂ ਰਹਿਓ, ਸਤਿਗੁਰ ਕੇ ਪ੍ਰਸਾਦਿ॥**
**ਚਰਨ ਕਮਲਕੀ ਮੌਜ ਮਹਿ, ਰਹਉ ਅੰਤਿ ਅਰ ਆਦਿ॥**

**ਚਰਨ ਕਮਲ ਹੀ ਮਉਜਕੋ, ਕਹਿ ਕੈਸੇ ਉਨਮਾਨ॥''**
**ਕਹਿਬੇ ਕਉ ਸੋਭਾ ਨਹੀਂ, ਦੇਖਾ ਹੀ ਪਰਵਾਨ॥**
**(ਪੰਨਾ 1370 ਗੁ: ਗ੍ਰ: ਸਾ:)**

* * *

## ਕੈਸਾ ਜਮਾਨਾ ਹੈ ਆ ਗਿਆ (ਗਜ਼ਲ)

ਨਕਲ ਬਹੁਤੀ ਅਸਲ ਥੋੜਾ, ਕੈਸਾ ਜਮਾਨਾ ਹੈ ਆ ਗਿਆ॥
ਸੱਚ ਕੌੜਾ ਲੱਗਦਾ ਝੂਠ ਮਿੱਠਾ, ਹਰ ਥਾਂ ਮੁਲੰਮਾਂ ਛਾ ਗਿਆ॥

ਗੰਧਲ ਗਿਆ ਹੈ ਵਾਤਾਵਰਨ ਹੀ, ਮਾਨਵੀ ਜੀਵਨ ਵੀ ਗੰਧਲ ਗਿਆ ਹੈ,
ਗੰਧਲ ਗਈ ਹੈ ਸੋਚ ਬੰਦੇ ਦੀ, ਮੱਦ ਮਾਇਆ ਐਸਾ ਉਲਝਾ ਲਿਆ।।

ਹੈ ਜੀਵਨ ਨਿਰਾ ਦਿਖਾਵਾ ਬਣ ਗਿਆ, ਹਰ ਵਸਤੂ ਬਣ ਗਈ ਬਨਾਵਟੀ,
ਕੱਥਨੀਆਂ ਤੇ ਕਰਨੀਆਂ ਵਿੱਚ, ਹੈ ਵੱਡਾ ਅੰਤਰ ਆ ਗਿਆ॥

ਜੋ ਕਹਿੰਦਾ ਹੈ ਨਹੀਂ ਕਰਦਾ ਪਿਆ, ਜੋ ਕਰਦਾ ਹੈ, ਨਹੀਂ ਡਰਦਾ ਪਿਆ,
ਹੈ ਬਣ ਗਿਆ ਬੰਦਾ ਬੇਅਸੂਲਾ, ਦੁਸ਼ਕਰਮਾ ਤੋਂ ਨਹੀਂ ਪਛਤਾ ਰਿਹਾ॥

ਪਿਆ ਬੰਦਿਆਂ ਵਾਲੇ ਕੰਮ ਨਹੀਂ ਕਰਦਾ, ਹੈ ਭਾਵੇਂ ਜਾਮਾਂ ਇਨਸਾਨਦਾ,
ਸ਼ੈਤਾਨਾਂ ਦੇ ਪਿੱਛੇ ਲੱਗਕੇ, ਹੈ ਸ਼ੈਤਾਨ ਹੀ ਬਣਦਾ ਜਾ ਰਿਹਾ॥

ਧੋਖੇ ਠੱਗੀਆਂ ਲੁੱਟਾਂ ਮਾਰਾਂ, ਸਾੜਾਂ ਫੂਕਾਂ ਅਤੇ ਤਬਾਹੀਆਂ,
ਰੋਜ ਦਿਹਾੜੇ ਨਵੇਂ ਪਵਾੜੇ, ਹੈ ਧੰਧਾ ਹੀ ਅਪਣਾ ਲਿਆ॥

ਆਪਣਾ ਵਿਰਸਾ ਭੁੱਲਦਾ ਜਾਂਦਾ, ਮੱਦ ਮਾਇਆ ਵਿੱਚ ਮਸਤ ਹੋ ਗਿਆ,
ਹੈ ਪੈਸਾ ਪੈਸਾ ਕੂਕੀ ਜਾਂਦਾ, ਧਨ ਦੌਲਤ ਟੀਚਾ ਬਣਾ ਲਿਆ॥

ਬਣ ਗਿਆ ਨਿਰਾ ਪਦਾਰਥਵਾਦੀ, ਕੱਠਾ ਕਰਦਾ ਜਾਏ ਸਰਮਾਇਆ,
ਸੀ ਆਇਆ ਜਨਮ ਸਵਾਰਨ 'ਅਰਸ਼ੀ', ਪਰ ਲੱਗਦਾ ਜਿਵੇਂ ਗਵਾ ਲਿਆ॥

* * *

# ਪਦਾਰਥਵਾਦੀ ਰੁਚੀਆਂ

ਪਾਣੀ ਬਿਨਾਂ ਨਹੀਂ ਚਲਦੀ ਬੇੜੀ, ਪਰ ਡੁੱਬ ਵੀ ਜਾਂਦੀ ਹੈ ਕਦੇਂ ਪਾਣੀ ਅੰਦਰ ਹੀ॥
ਨਹੀਂ ਦੌਲਤ ਬਿਨਾਂ ਵੀ ਚਲਦੀ ਜਿੰਦਗੀ,ਹੈ ਰੁਲ ਵੀ ਜਾਂਦੀ ਕਦੇ ਮਾਇਆ ਅੰਦਰ ਹੀ॥

ਹੋਂਦਾ ਸੀਮਾਂ ਵਿੱਚ ਰਹਿਣਾਂ ਹੀ ਚੰਗਾ, ਨਹੀਂ ਚਾਹੀਦੀਆਂ ਹੱਦਾਂ ਪਾਰ ਕਰਨੀਆਂ॥
ਹਨ ਤੋੜ ਦੇਂਦੇ ਜੋ ਹੱਦਾਂ ਬੰਨੇ, ਫਿਰ ਪੈਣ ਕਰਨੀਆਂ ਉਹਨਾਂ ਨੂੰ ਭਰਨੀਆਂ॥

ਹੈ ਧਨ ਪਦਾਰਥ ਕੱਠੇ ਕਰਨ ਦੀ, ਅਜਕਲ ਹੋੜ ਹੀ ਲੱਗ ਗਈ ਜਾਪਦੀ॥
ਇੱਕ ਦੂਜੇ ਤੋਂ ਅੱਗੇ ਵੱਧਣ ਦੀ, ਹੈ ਅਜਕਲ ਦੌੜ ਹੀ ਲੱਗ ਗਈ ਜਾਪਦੀ॥

ਹੁਣ ਧਨ ਦੌਲਤ ਹੀ ਮੰਤਵ ਹੈ ਬਣ ਗਿਆ, ਹਰ ਬੰਦਾ ਪੈਸਾ ਪੈਸਾ ਹੀ ਕਰ ਰਿਹਾ॥
ਹੁਣ ਕੁੱਝ ਹੋਰ ਨਹੀਂ ਪਿਆ ਸੁੱਝਦਾ, ਏਸੇ ਲਈ ਭੱਟਕੇ ਦਰਦਰ ਪਿਆ॥

ਹੁਣ ਧਨ ਦੌਲਤ ਨੂੰ ਹੀ ਬੰਦੇ ਨੇ, ਹੈ ਸਰਵੇ ਸਰਵਾ ਬਣਾ ਲਿਆ॥
ਹੋਰ ਸਭ ਫਰਜਾਂ ਨੂੰ ਪਰਾਂ ਸੁੱਟਕੇ, ਹੈ ਮੂਲੋਂ ਹੀ ਮਨੋ ਭੁਲਾ ਲਿਆ॥

ਮਾਨਵੀਂ ਪਿਆਰ ਹੈ ਸੁੱਕਦਾ ਜਾਂਦਾ॥ ਰਿਸਤਾ ਜਾਪੇ ਹੈ ਟੁੱਟਦਾ ਜਾਂਦਾ॥
ਹੈ ਅੰਦਰ ਨਿਰਾ ਪਦਾਰਥ ਭਰ ਲਿਆ॥ ਲਾਲਸਾ ਲੋਭ ਸਵਾਰਥ ਭਰ ਲਿਆ॥

ਮਾਦਕਤਾ ਅਸ਼ਲੀਲਤਾ ਵਿੱਚ ਹੀ, ਹੈ ਬੰਦਾ ਲਿਬੜਦਾ ਜਾ ਰਿਹਾ॥
ਸੁਹਿਰਦਤਾ ਅਤੇ ਇਖਲਾਕ ਦਾ, ਹੈ ਤਵਾਜਨ ਵਿਗੜਦਾ ਜਾ ਰਿਹਾ॥

ਮਾਇਆ ਨਾਲ ਹੀ ਮੋਹ ਹੈ ਪਾ ਲਿਆ॥ ਹੈ ਮਾਇਆ ਨੂੰ ਮਨ ਵਸਾਲਿਆ॥
ਹੋਰ ਕੋਈ ਰਿਸ਼ਤਾ ਨਹੀਂ ਸੰਭਾਲਿਆ॥ ਹੋਰ ਕੋਈ ਫਰਜ ਧਰਮ ਨਹੀਂ ਪਾਲਿਆ।

ਮੱਕੜੀ ਦੇ ਜਾਲੇ ਦੇ ਵਾਂਗਰਾਂ, ਹੈ ਜਾਲ ਵੀ ਆਪੇ ਬੁਣ ਲਿਆ॥
ਆਪੇ ਹੀ ਵਿੱਚ ਫੱਸਣ ਦਾ ਵੀ, ਹੈ ਹੀਲਾ ਵਸੀਲਾ ਚੁਣ ਲਿਆ॥

ਪਦਾਰਥ ਤਾਂ ਨਿਰੀ ਹੈ ਭੱਟਕਣਾਂ, ਇਸ ਵਿੱਚੋਂ ਮਿਲਦਾ ਸਕੂਨ ਨਹੀਂ॥
ਇਸ ਅੰਦਰ ਭਰੀ ਹੈ ਤੱੜਪਣਾਂ, ਕਦੇ ਮਰਦਾ ਇਹਦਾ ਜਨੂਨ ਨਹੀਂ॥

ਹੈ ਧਨ ਦੌਲਤ ਤਾਂ ਵਰਤਣ ਦੇ ਲਈ, ਇਹ ਨਹੀਂ ਇਕੱਠੇ ਕਰਨ ਲਈ॥
ਹੈ ਮਾਇਆ ਹੋਂਦੀ ਖਰਦਣ ਦੇ ਲਈ, ਇਹ ਨਹੀਂ ਤਿਜੋਰੀਆਂ ਭਰਨ ਲਈ॥

ਹੋਂਦੀ ਮਾਇਆ ਹੈ ਸੇਵਾਦਾਰਨੀ, ਨੌਕਰਾਣੀ ਹੈ ਨਹੀਂ ਪੂਜਣ ਲਈ॥
ਹੈ ਜੀਵਨ ਸੁਖੀ ਬਨਾਵਣ ਦੇ ਲਈ, ਨਹੀਂ ਲੁੱਟਣ ਖੋਹਣ ਤੇ ਹੂੰਜਣ ਲਈ॥

**''ਪਾਪਾ ਬਾਝਹੁ ਹੋਵੈ ਨਾਹੀ, ਮੁਇਆ ਸਾਥਿ ਨ ਜਾਈ॥**
**ਜਿਸਨੋ ਆਪਿ ਖੁਆਏ ਕਰਤਾ, ਖੁਸਿ ਲਏ ਚੰਗਿਆਈ॥''**

ਹੁਣ ਸਾਰੇ ਹੀ ਪਦਾਰਥ ਹੈ ਛਾ ਗਿਆ॥ ਲੱਗਦਾ ਜਿਵੇਂ ਉਛਾਲਾ ਹੈ ਆ ਗਿਆ॥
ਹੈ ਬੋਲਬਾਲਾ ਮਾਯਾਵੀ ਹੋ ਗਿਆ॥ ਹੈ ਵਰਤਾਰਾ ਹੀ ਦੁਨਿਆਵੀ ਹੋ ਗਿਆ॥

ਹੈ ਸੰਸਾਰੀ ਸੋਚ ਹੀ ਬਦਲ ਗਈ॥ ਹੈ ਬੰਦੇ ਦੀ ਲੋਚ ਹੀ ਬਦਲ ਗਈ॥
ਹੈ ਬਣ ਗਈ ਰੁਚੀ ਪਦਾਰਥਵਾਦੀ॥ ਹੈ ਹੋ ਗਈ ਰੁਚੀ ਸਵਾਰਥਵਾਦੀ॥

ਖੁਦਗਰਜੀਆਂ ਮਨਮਰਜੀਆਂ, ਹਨ ਪਣਪ ਰਹੀਆਂ ਬਦਮਗਜੀਆਂ॥
ਬਣ ਗਈਆਂ ਰੁਚੀਆਂ ਪਦਾਰਥੀ, ਹੋ ਗਈਆਂ ਸਭ ਬੇਗਰਜੀਆਂ॥

ਤਾਂ ਹੀ ਹੁਣ ਬੰਦਾ ਦੁਖਿਆਰ ਹੈ, ਤਾਂ ਹੀ ਬੇਚੈਨ ਹੈ ਬੇਜਾਰ ਹੈ॥
ਤਨ ਮਨ ਹੈ ਦੁੱਖਾਂ ਘੇਰਿਆ, ਮਨ ਅੱਥਰੇ ਘੋੜੇ ਅਸਵਾਰ ਹੈ॥

**''ਜਿਸੁ ਗ੍ਰਿਹਿ ਬਹੁਤ ਤਿਸੈ ਗ੍ਰਿਹਿ ਚਿੰਤਾ॥**
**ਜਿਸ ਗ੍ਰਿਹਿ ਥੋਰੀ ਸੁ ਫਿਰੈ ਭ੍ਰਮੰਤਾ॥**
**ਦੁਹੁ ਬਿਵਸਥਾ ਤੇ ਜੋ ਮੁਕਤਾ, ਸੋਈ ਸੁਹੇਲਾ ਭਾਲੀਐ॥''**
**(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ)**

ਹੈ ਜੇ ਜੀਵਨ ਸੁਖੀ ਬਨਾਣਾਂ, ਤਾਂ ਇਹ ਮਾਦਕ ਸੋਚ ਤਿਆਗਦੇ॥
ਜੇ ਹੈ ਜੀਵਨ ਸਫਲ ਬਨਾਣਾਂ, ਤਾਂ ਇਹ ਮਨਮੱਤ ਜੜੋਂ ਉਖਾੜਦੇ॥

ਦੱਸਾਂ ਨਵਾਂ ਦੀ ਕਿਰਤ ਕਮਾਕੇ, ਵੰਡਕੇ ਖਾਣ ਦੀ ਆਦਤ ਪਾ ਲਏ॥
ਹੱਕ ਦੂਜੇ ਦਾ ਮਾਰਨਾਂ ਛੱਡਦੇ, ਰਲ ਮਿਲ ਰਿਹਣ ਦੀ ਆਦਤ ਪਾ ਲਏ॥

ਰਾਹ ਰੂਹਾਨੀ ਨੂੰ ਆਪਣਾ ਲਏ, ਕੋਈ ਜੀਵਨ ਦੀ ਜੁਗਤੀ ਨੂੰ ਧਾਰ ਲੈ॥
ਪਰਉਪਕਾਰ ਦੀ ਵਾਦੀ ਪਾਕੇ, ਪਰਮਾਰਥ ਰਾਹੀਂ ਆਪਾ ਉਭਾਰ ਲੈ॥

ਨਹੀਂ ਜੀਵਨ ਇਹ ਅਜਾਈਂ ਕਰਨ ਲਈ, ਇਹ ਮੁੜਕੇ ਵਾਰ ਵਾਰ ਨਹੀਂ ਮਿਲਣਾਂ॥
'ਅਰਸ਼ੀ' ਆਤਮ ਚਿੰਤਨ ਕਰ ਲਏ, ਸੁੱਕ ਗਿਆ ਫੁੱਲ ਮੁੜਕੇ ਨਹੀਂ ਖਿਲਣਾਂ॥

* * *

# ਇੱਕ ਓਅੰਕਾਰ (ੴ) ਰੱਬ ਇੱਕੋ ਹੈ

**''ਨਿਰੰਕਾਰ ਆਕਾਰ ਆਪਿ ਨਿਰਗੁਣ ਸਰਗੁਣ ਏਕ॥**
**ਏਕਹਿ ਏਕ ਬਖਾਨਨੋ ਨਾਨਕ ਏਕ ਅਨੇਕ॥''**
**(ਅੰਗ 250 ਗੁ. ਗ੍ਰੰ. ਸਾ:)**

ਹੋਂਦਾ ਨਿਰੰਕਾਰ ਦਾ ਕੋਈ ਆਕਾਰ ਨਹੀਂ, ਨਾਂ ਹੀ ਰੂਪ ਰੰਗ ਹੀ ਕੋਈ॥
ਉਹ ਤਾਂ ਬਸ ਪ੍ਰਕਾਸ਼ ਹੈ ਹੋਂਦਾ, ਨਹੀਂ ਉਹ ਦੇਹੀ ਅੰਗ ਵੀ ਕੋਈ॥

ਨਿਰਗੁਣ ਸਰਗੁਣ ਵੀ ਹੋਂਦਾ ਹੈ, ਪਰ ਨਜ਼ਰ ਨਹੀਂ ਪੈਂਦਾ ਛੂਹ ਨਹੀਂ ਹੋਂਦਾ॥
ਹੈ ਹੋਂਦਾ ਵਿਆਪਕ ਰਮਿਆਂ ਹੋਇਆ, ਹਸ਼ਰ ਨਹੀਂ ਹੋਂਦਾ ਪਕੜ ਨਹੀਂ ਹੋਂਦਾ॥

ਉਸਦੀ ਹੋਂਦ ਅਹਿਸਾਸ ਕਰਨ ਲਈ॥ ਮਨ ਅੰਦਰ ਵਿਸ਼ਵਾਸ਼ ਭਰਨ ਲਈ॥
ਹੈ ਗੁਰੂ ਨਾਨਕ ਉਸਨੂੰ ਅਨੁਮਾਨਿਆਂ॥ ਇਕ ਚਿੰਨ੍ਹ ਰੂਪ ਰਾਹੀਂ ਗਰਦਾਨਿਆਂ॥

ਇੱਕ ਏਕੇ ਨਾਲ ਖੁਲਾ ਊੜਾ, ਹੈ ਲਾਕੇ ਉਸਨੂੰ ਇੱਕੋ ਆਖਿਆ॥
ਉਹ ਹੈ ਇਕੋ ਹੋਰ ਕੋਈ ਨਹੀਂ, ਹੋਰ ਕੋਈ ਹੀ ਨਹੀਂ ਵਿਆਖਿਆ॥

ਓਹੀ ਇੱਕੋ ਮੁੱਢਮੂਲ ਹੈ, ਹੈ ਆਦਿ ਮੱਧ ਅੰਤ ਵੀ ਓਹੀ॥
ਹੈ ਓਹੀ ਤਾਂ ਕਰਤਾ ਧਰਤਾ, ਹੈ ਵਿਆਪਕ ਰਮਿਆ ਕੇਵਲ ਓਹੀ॥

ਕੋਈ ਉਸ ਹਸਤੀ ਨੂੰ ਨਹੀਂ ਜਾਣਦਾ, ਪਰ ਉਸ ਤੋਂ ਲੁੱਕਿਆ ਹੋਇਆ ਕੋਈ ਨਹੀਂ॥
ਉਹ ਤਾਂ ਸਭਨਾਂ ਵਿੱਚ ਹੈ ਰਹਿੰਦਾ, ਉਸਤੋਂ ਛੁੱਪਿਆ ਹੋਇਆ ਕੋਈ ਨਹੀਂ॥

ਇਹ ੴਕਾਰ ਹੈ ਲੋਗੋ ਉਸਦਾ, ਹੈ ਗੁਰੂ ਨਾਨਕ ਨੇ ਜੋ ਪ੍ਰਗਟਾਇਆ॥
ਹੈ ਸਾਰਾ ਪਸਾਰਾ ਹੀ ਓਸੇ ਦਾ, ਜਿਸਦਾ ਭੇਦ ਕਿਸੇ ਨਹੀਂ ਪਾਇਆ॥

ਹੈ ਜਿਨੀ ਜਿਨੀ ਸਮਝ ਕਿਸੇ ਦੀ, ਹੈ ਉਸਨੂੰ ਓਵੇਂ ਪਿਆ ਬਿਆਣਦਾ॥
ਹੈ ਜੇਡੀ ਜਿਨੀ ਪਹੁੰਚ ਕਿਸੇ ਦੀ, ਉਸ ਹਸਤੀ ਨੂੰ ਪਿਆ ਅਨੁਮਾਣਦਾ॥

**''ਵੱਡਾ ਸਾਹਿਬ ਊਚਾ ਥਾਉ॥ ਊਚੇ ਊਪਰਿ ਊਚਾ ਨਾਉ॥**
**ਏਵਡ ਊਚਾ ਹੋਵੈ ਕੋਇ॥ ਤਿਸੁ ਊਚੇ ਕਉ ਜਾਣੈ ਸੋਇ॥''** (ਜਪਜੀ)

ਜਦ ਉਸ ਤੋਂ ਵੱਡਾ ਹੈ ਹੀ ਕੋਈ ਨਹੀਂ, ਫਿਰ ਹੋਰ ਕਿਵੇਂ ਕੋਈ ਜਾਣ ਹੈ ਸਕਦਾ॥
ਜਦ ਉਹਦੇ ਵਰਗਾ ਹੋਰ ਕੋਈ ਨਹੀਂ, ਫਿਰ ਕਿਵੇਂ ਕੋਈ ਅਨੁਮਾਨ ਹੀ ਸਕਦਾ॥

ਹੈ ਉਹ ਆਪੇ ਤੋਂ ਖੁਦ ਬਣਿਆਂ, ਤਾਂ ਹੀ ਉਸਦਾ ਨਾਮ ਖੁਦਾ ਹੈ॥
ਹੈ ਗੁਪਤ ਵੀ ਜ਼ਾਹਰਾ, ਸਮੇਂ ਤੋਂ ਬਾਹਰਾ, ਨਾਲ ਜੁੜਿਆ ਹੋਇਆ ਵੀ ਜੁਦਾ ਹੈ॥

ਉਸਦੀ ਹਸਤੀ ਜੋਤ ਸਰੂਪ ਹੈ, ਉਹ ਮਹਾਂ ਸ਼ਕਤੀ ਪ੍ਰਕਾਸ਼ ਰੂਪ ਹੈ॥
ਹੈ ਚੇਤਨਤਾ ਦਾ ਉਹ ਮਹਾਂ ਸਾਗਰ, ਉਸ ਮਹਾਂ ਸੂਰਜ ਦਾ ਤੇਜ ਅਨੂਪ ਹੈ॥

ਨਹੀਂ ਪ੍ਰਕਾਸ਼ (ਅਕਾਸ਼) ਨੂੰ ਗਿਣਿਆਂ ਜਾਂਦਾ॥ ਨਹੀਂ ਮਹਾਂ ਸਾਗਰ ਨੂੰ ਮਿਣਿਆਂ ਜਾਂਦਾ॥
ਕੋਈ ਕਿਨਕਾ ਕਿਵੇਂ ਅਨੁਮਾਨ ਹੈ ਸਕਦਾ॥ ਕੋਈ ਤੁਪਕਾ ਕਿਦਾਂ ਜਾਣ ਹੈ ਸਕਦਾ॥

ਹੈ ਜਿਸਤੇ ਆਪਣੀ ਰਹਿਮਤ ਕਰਦਾ, ਜਿਸ ਹਿਰਦੇ ਵਿੱਚ ਆਪ ਪ੍ਰਕਾਸ਼ਦਾ॥
ਹੈ ਜਿਸਤੇ ਨਜ਼ਰ ਸੱਵਲੀ ਕਰਦਾ, ਓਹੀ ਹਿਰਦਾ ਹੈ ਅਹਿਸਾਸਦਾ॥

ਕੋਈ ਵਿਰਲਾ ਹੋਂਦਾ ਕਰਮਾਵਾਲਾ, ਜੋ ਪਾਤਰ ਬਣਦਾ ਉਸਦੇ ਪਿਆਰਦਾ॥
ਉਸਦੀ ਰਜ਼ਾ 'ਚ ਰਹਿਕੇ ਰਾਜ਼ੀ, ਹੈ ਬਣ ਜਾਂਦਾ ਬੰਦਾ ਕਰਤਾਰ ਦਾ॥

ਹੈ ਦੱਸੀ ਤਸਵੀਰ ਗੁਰੂ ਨਾਨਕ ਨੇ, ਉਹ ਅਰਸ਼ੀ ਮਾਲਕ ਹੈ ਕਿੱਦਾਂ ਦਾ॥
ਕਰਕੇ ਉਸਦੇ ਗੁਣਾਂ ਦਾ ਵਰਨਣ, ਹੈ ਦਰਸਾਇਆ ਉਹ ਜਿੱਦਾਂ ਦਾ॥

ਉਹ ਹੈ ਕਰਤਾ, ਅਸਲੋਂ ਨਿਰਭਉ, ਹੈ ਸਤਨਾਮ ਉਹਦਾ ਪਰਾ ਪੂਰਬਲਾ॥
ਹੈ ਨਿਰਵੈਰ, ਸਮੇਂ ਤੋਂ ਬਾਹਰਾ, ਨਹੀਂ ਕਦੇ ਜੰਮਦਾ ਨਾਂ ਹੀ ਮਰਦਾ॥

ਹੈ ਆਪੇ ਤੋਂ ਆਪੇ ਬਣਿਆਂ॥ ਨਹੀਂ ਕਿਸੇ ਮਾਤਾ ਨੇ ਉਹ ਜਣਿਆਂ॥
ਉਸਦਾ ਵੱਡਾ ਵਡੇਰਾ ਕੋਈ ਨਹੀਂ॥ ਕੋਈ ਸ਼ਰੀਕ ਜਠੇਰਾ ਕੋਈ ਨਹੀਂ॥

ਹੈ ਗੁਰੂ ਦੀ ਕਿਰਪਾ ਨਾਲ ਉਹ ਮਿਲਦਾ, ਕੇਵਲ ਗੁਰੂ ਹੀ ਵਿੱਚ ਵਿਚੋਲਾ॥
ਗਿਆਨ ਗੁਰੂ ਦੀ ਫੜਕੇ ਉਂਗਲੀ, 'ਅਰਸ਼ੀ' ਜੀਵਨ ਬਣੇ ਅਮੋਲਾ॥

**''ਏਕੋ ਏਕੁ ਆਪਿ ਇਕੁ ਏਕੈ, ਏਕੈ ਹੈ ਸਗਲਾ ਪਾਸਾਰੇ॥**
**ਸਭ ਮਧੇ ਰਵਿਆ ਮੇਰਾ ਠਾਕੁਰ, ਦਾਨ ਦੇਤ ਸਭਿ ਜੀਅ ਸਮਾਰੇ॥**
**ਸਾਹਿਬ ਮੇਰਾ ਸਦਾ ਸਦਾ ਹੈ, ਦਿਸੈ ਸਬਦੁ ਕਮਾਇ॥**
**ਓਹੁ ਅਉਹਾਣੀ ਕਦੇ ਨਾਹਿ, ਨਾ ਆਵੈ ਨਾ ਜਾਇ॥**
**ਸਦਾ ਸਦਾ ਸੋ ਸੇਵੀਐ, ਜੋ ਸਭ ਮਹਿ ਰਹਿਆ ਸਮਾਇ॥**
**ਅਵਰੁ ਦੂਜਾ ਕਿਉਂ ਸੇਵੀਐ, ਜੋ ਜੰਮੈ ਤੇ ਮਰਿ ਜਾਇ॥''**
**(ਪੰਨਾ 509 ਗੁ: ਗ੍ਰ: ਸਾ:)**

* * *

## ੴ ਸਤਿਗੁਰ ਪ੍ਰਸਾਦਿ-'ਬੀਜ ਮੰਤਰ'

ਇੱਕ ਨਿੱਕੇ ਜਿਹੇ ਬੋਹੜ ਬੀਜ ਵਿੱਚ, ਹੈ ਲੁਕਿਆ ਕੇਡਾ ਵੱਡਾ ਪਸਾਰਾ॥
ਮਨ ਨਹੀਂ ਮੰਨਦਾ ਬੁੱਧ ਨਾ ਸਮਝੇ, ਕਿਵੇਂ ਤੇ ਕਿਦਾਂ ਹੋਏ ਖਲਾਰਾ॥

ਛੁੱਪਕੇ ਖੁਦ ਧਰਤੀ ਦੀ ਕੁੱਖ ਵਿੱਚ, ਕਿੰਜ ਨਵਾਂ ਨੁਰਾਨੀ ਰੂਪ ਧਾਰਦਾ॥
ਖਿਲਰਦਾ ਪਲਰਦਾ ਜਾਵੇ, ਪਲਪਲ ਵਿੱਚ ਜਾਂਦਾ ਵਿਸਤਾਰਦਾ॥

ਹੈ ਅਪੜ ਜਾਂਦਾ ਜਦ ਜੋਬਨ ਤੇ, ਡਾਢੀ ਵੇਖ ਹੈਰਾਨੀ ਭਾਸੇ॥
ਇੱਕ ਤੋਂ ਕਿਵੇਂ ਅਨੇਕ ਹੋ ਗਿਆ, ਹੈ ਫੈਲਦਾ ਜਾਂਦਾ ਹੀ ਹਰ ਪਾਸੇ॥

ਹਨ ਇੱਕ ਇੱਕ ਫਲ ਵਿੱਚ ਬੀਜ ਅਨੇਕਾਂ, ਉਸੇ ਰੂਪ ਰੰਗ ਵਿੱਚ ਪਲਦੇ॥
ਉਗਮਦੇ ਵਧਦੇ ਜਾਣ ਪਲਰਦੇ, ਇਕ ਚੱਕਰ ਵਾਂਗੂੰ ਦਿੱਸਣ ਚਲਦੇ॥

ਇੱਕ ਬੀਜ ਤੋਂ ਹੀ ਗੁਲਜ਼ਾਰ ਬਣ ਗਿਆ॥ ਇੱਕ ਤੋਂ ਓਅੰਕਾਰ ਬਣ ਗਿਆ॥
ਇੱਕ ਤੋਂ ਹੀ ਵਿਸਤਾਰ ਹੋ ਗਿਆ॥ ਇੱਕ ਹੀ ਸਿਰਜਣਹਾਰ ਹੋ ਗਿਆ॥

**'ਏਕ ਮਹਿ ਸਰਬ ਸਰਬ ਮਹਿ ਏਕਾ'** ਹੈ ਸਤਿਗੁਰ ਨੇ ਇਹ ਬੂਝ ਬੁਝਾਈ॥
ਹੈ ਸਭ ਵਿੱਚ ਰਮਿਆਂ ਹੋਇਆ ਇੱਕੋ ਹੀ, ਗੁੱਝੀ ਗੱਲ ਸਮਝ ਵਿੱਚ ਆਈ॥

ਇਹ ਇੱਕੋ, ਪ੍ਰਤੀਕ ਹੈ ਰੱਬਦਾ॥ ਇਹ ਇੱਕੋ ਹੀ ਹੈ ਬੀਜ ਸਭਦਾ॥
ਪਿਆ ਉਤੱਪੱਤ ਪਰਲੋ ਇਹੀ ਕਰਦਾ॥ ਪਿਆ ਚੇਤਣਤਾ ਕਣ ਕਣ ਵਿੱਚ ਭਰਦਾ॥

ਹੈ ਖੁਸ਼ਬੂ ਵਾਂਗਰ ਪੂਰਾ ਵਿਆਪਕ॥ ਕਣ ਕਣ ਅੰਦਰ ਲੁਪਤ ਸਥਾਪਤ॥
ਕੋਈ ਚਿੰਨ੍ਹ ਭੇਦ ਨਿਸ਼ਾਨ ਨਹੀਂ ਦਿੱਸਦਾ॥ ਕੋਈ ਵੱਖਰੀ ਵੱਖ ਪਹਿਚਾਨ ਨਹੀਂ ਇਸਦਾ॥

ਹੈ ਕੇਵਲ ਅਹਿਸਾਸ ਹੀ ਹੋਂਦਾ॥ ਬਸ ਕੇਵਲ ਵਿਸ਼ਵਾਸ ਹੀ ਹੋਂਦਾ॥
ਉਹ ਇੱਕੋ ਹੈ ਹੋਰ ਕੋਈ ਨਹੀਂ॥ ਕਿਸੇ ਦਾ ਉਸਤੇ ਜੋਰ ਕੋਈ ਨਹੀਂ॥

ਨਹੀਂ ਕੋਈ ਉਸਦਾ ਮੂਲ ਜਾਣਦਾ॥ ਹੈ ਨਾ ਹੀ ਪੂਰਾ ਕੋਈ ਅਨੁਮਾਣਦਾ॥
ਗੁਰੂ ਨਾਨਕ ਉਸਨੂੰ ਸੱਚ ਆਖਿਆ॥ ਇਹੀ ਕੀਤੀ ਹੈ ਵਿਆਖਿਆ॥

੧ਓਅੰਕਾਰ ਸਤਿਨਾਮ॥ ਹੈ ਏਹੀ ਉਸਦਾ ਪੂਰਾ ਨਾਮ॥
ਆਦਿ ਸਚ, ਜੁਗਾਦਿ ਸਚ॥ ਹੈ ਭੀ ਸਚੁ, ਨਾਨਕ ਹੋਸੀ ਭੀ ਸਚੁ॥

ਕੇਵਲ ਓਹੀ ਇੱਕੋ ਸੱਚ ਹੈ॥ ਬਾਕੀ ਤਾਂ ਸਾਰਾ ਹੀ ਕੱਚ ਹੈ॥
ਹੈ ਸਭ ਪਾਸੇ ਓਸੇ ਦਾ ਨੂਰ ਹੀ॥ ਉਹ ਹੈ ਸੱਤ ਚਿੱਤ ਭਰਪੂਰ ਹੀ॥

**''ਵਡਾ ਸਾਹਿਬੁ ਊਚਾ ਥਾਉ॥ ਊਚੇ ਉਪਰਿ ਊਚਾ ਨਾਉ॥**
**ਏਵਡੁ ਊਚਾ ਹੋਵੈ ਕੋਇ॥ ਤਿਸੁ ਊਚੇ ਕਉ ਜਾਣੈ ਸੋਇ॥''**

ਕੋਈ ਉਸਦਾ ਭੇਦ ਨਹੀਂ ਪਾ ਸਕਿਆ॥ ਕੋਈ ਪੂਰਾ ਨੇੜੇ ਨਹੀਂ ਜਾ ਸਕਿਆ॥
**'ਜੇਵਡ ਆਪ ਜਾਣੈ ਆਪਿ ਆਪਿ॥ ਨਾਨਕ ਨਦਰੀ ਕਰਮੀ ਦਾਤਿ॥'**

ਹੈ ਕੌਣ ਜਾਣਦਾ ਮਹਾਂ ਸਾਗਰ ਨੂੰ, ਉਹ ਕੇਡਾ ਵਡਾ ਕਿਨਾ ਮਹਾਨ ਹੈ॥
ਕਿਨਾਂ ਡੂੰਘਾ ਕਿਨਾਂ ਵਿਸ਼ਾਲ ਹੈ, ਕੇਡਾ ਮਹਾਂਬਲੀ ਬਲਵਾਨ ਹੈ॥

**ਕਰਤੇ ਕੀ ਮਿਤਿ ਕਰਤਾ ਜਾਣੈ, ਕੈ ਜਾਣੈ ਗੁਰ ਸੂਰਾ॥**
ਹੋਰ ਕੋਈ ਪਾਰਾਵਾਰ ਨਹੀਂ ਜਾਣਦਾ, ਕੋਈ ਜਾਣ ਸਕਦਾ ਹੈ ਕਿਵੇਂ ਅਧੂਰਾ॥

ਜੋ ਕਣ ਕਣ ਵਿੱਚ ਸਮਾਇਆ ਹੋਇਆ॥ ਤ੍ਰੈਲੋਕੀ ਵਿੱਚ ਛਾਇਆ ਹੋਇਆ॥
ਦਿੱਸਦਾ ਨਹੀਂ ਪਰ ਪਿਆ ਵੇਖਦਾ॥ ਹਰਪਲ ਹਰਜੀਵਨ ਪਿਆ ਪ੍ਰੇਖਦਾ॥

ਹੈ ਓਸੇ ਦਾ ਹੀ ਕੁੱਲ ਪਸਾਰਾ, ਹਰ ਪਾਸੇ ਉਹ ਹੈ ਇਕੋ ਹੀ॥
ਆਦਿ ਮੱਦ ਸਭ ਹੈ ਉਸੇ ਦਾ, ਹੈ ਰਹਿਣਾਂ ਆਖਰ ਵੀ ਇੱਕੋ ਹੀ॥

ਹੈ ਜਿਨਾਂ ਜਿਸਨੇ ਉਸਨੂੰ ਜਾਣਿਆਂ॥ ਵੱਖੋ-ਵੱਖਰਾ ਹੈ ਅਨੁਮਾਣਿਆਂ॥
ਜਿਨਾਂ ਜਿਸਨੂੰ ਅਨੁਭਵ ਹੋਇਆ॥ ਹੈ ਬਖਾਨਿਆਂ ਓਵੇਂ ਗੋਇਆ॥

ਬੂੰਦ ਕੀ ਦਸੇ ਸਾਗਰ ਬਾਰੇ॥ ਹੈ ਕੀ ਕਹਿ ਸਕਦੀ ਕਾਦਰ ਬਾਰੇ॥
**'ਪਿਤਾ ਕਾ ਜਨਮੁ ਕਿ ਜਾਨੈ ਪੂਤੁ॥ ਸਗਲ ਪਰੋਈ ਅਪੁਨੈ ਸੂਤ॥'**

ਹੈ ਕੇਵਲ ਏਨਾ ਹੀ ਕਹਿ ਸਕਦੀ, ਉਹ ਬੇਅੰਤ ਅਗੰਮ ਅਨੰਤ ਹੈ॥
ਕੀ ਜਾਣਾਂ ਮੈਂ ਬੂੰਦ ਨਿਮਾਨੜੀ, ਨਹੀਂ ਕੋਈ ਪਤਾ ਕੀ ਆਦਿ ਅੰਤ ਹੈ॥

ਹੈ ਚਾਨਣ ਓਹੀ ਹਨੇਰਾ ਓਹੀ॥ ਸਾਂਝ ਵੀ ਓਹੀ ਸਵੇਰਾ ਓਹੀ॥
ਹਨ ਇਕੋ ਸੂਰਜ ਦੇ ਲਿਸ਼ਕਾਰੇ॥ ਇਹ ਕਿਰਨਾਂ ਕਿਨਕੇ ਉਸਦੇ ਸਾਰੇ॥

ਇਹ ਸਾਰੀ ਕਾਇਨਾਤ ਹੈ ਉਸੇ ਦੀ॥ ਦਿਨ ਰਾਤ ਪ੍ਰਭਾਤ ਹੈ ਓਸੇ ਦੀ॥
ਹੈ ਸਭਨਾਂ ਵਿੱਚ ਉਸੇ ਦੀ ਜੋਤੀ॥ ਹੈ 'ਅਰਸ਼ੀ' ਇਕੋ ਮਾਣਕ ਮੋਤੀ।।

**ਏਕਹਿ ਤੇ ਸਗਲਾ ਬਿਸਥਾਰਾ॥ ਨਾਨਕ ਆਪਿ ਸਵਾਰਨਹਾਰਾ॥**
**ਉਆ ਕਾ ਅੰਤੁ ਨ ਜਾਨੈ ਕੋਊ॥ ਜੋ ਜੋ ਕਰੈ ਸੋਊ ਫੁਨਿ ਹੋਊ॥**
**(ਪੰਨਾ 251 ਗੁ: ਗ੍ਰੰ: ਸਾ:)**

* * *

## ਸ਼ਬਦ ਗੁਰੂ-ਗੁਰੂ ਗ੍ਰੰਥ ਸਾਹਿਬ ਜੀ

**''ਗੁਰ ਪਰਮੇਸਰ ਏਕੋ ਜਾਣ॥ ਤਾਂ ਤੂੰ ਦਰਗਹ ਪਾਵਹਿ ਮਾਣ॥**
**ਗੁਰ ਜੈਸਾ ਨਾਹੀ ਕੋ ਦੇਵ॥ ਜਿਸ ਮਸਤਕ ਭਾਗ ਸੋ ਲਾਗਾ ਸੇਵ॥''**

ਗੁਰ ਪਰਮੇਸਰ ਵਿਚ ਭੇਦ ਨਹੀਂ ਕੋਈ, ਇਹ ਸਮਝ ਤੇ ਸੋਝੀ ਹੁਣ ਹੈ ਆਈ॥
ਕੋਈ ਦੇਹ ਕਦੇ ਵੀ ਗੁਰੂ ਨਹੀਂ ਹੋਂਦੀ, ਹੈ ਗੁੱਝੀ ਗਲ ਗੁਰਾਂ ਸਮਝਾਈ॥

ਹੈ ਗੁਰੂ ਤਾਂ ਹੋਂਦਾ ਗਿਆਨ ਦਾ ਦਾਤਾ, ਜੋ ਸ਼ਬਦ ਰੂਪ ਬਣਕੇ ਪਰਗਾਸਦਾ॥
ਅਗਿਆਨ ਹਨੇਰੇ ਸਭ ਕੱਟ ਦੇਂਦਾ, ਹੈ ਗਿਆਨ ਦਾ ਸੂਰਜ ਜਦੋਂ ਪ੍ਰਕਾਸ਼ਦਾ॥

ਕਰ ਦੇਂਦਾ ਰੋਸ਼ਨ ਅੰਦਰੋਂ ਬਾਹਰੋਂ, ਨਹੀਂ ਕੋਈ ਰਹਿੰਦਾ ਭਰਮ ਹਨੇਰਾ॥
ਹੈ ਜੁੜ ਜਾਂਦਾ ਜੋ ਨਾਲ ਗੁਰਾਂਦੇ, ਹੈ ਓਸ ਲਈ ਫਿਰ ਸਦਾ ਸਵੇਰਾ॥

ਗੁਰ ਸ਼ਬਦ ਵਰਗਾ ਨਹੀਂ ਹੋਰ ਕੋਈ ਵੀ, ਹੋਰ ਕੋਈ ਤੁੱਲ ਹੋ ਹੀ ਨਹੀਂ ਸਕਦਾ॥
ਇਹ ਤਾਂ ਸਰਗੁਣ ਰੂਪ ਹੈ ਰੱਬਦਾ, ਕਿੰਜ ਹੋਰ ਬਰਾਬਰ ਹੋ ਹੀ ਸਕਦਾ॥

ਇਹ ਸ਼ਬਦ ਹੈ ਧੁਨੀ ਆਵਾਜ਼ ਅਗੰਮੀ, ਹੈ ਜੋ ਗੂੰਜ ਰਹੀ ਬ੍ਰਹਿਮੰਡਾਂ ਵਿੱਚ॥
ਹੈ ਜਲ ਥਲ ਅੰਦਰ ਜ਼ਰੇ ਜ਼ਰੇ ਵਿੱਚ, ਹੈ ਥਰਕ ਰਹੀ ਵਣ ਖੰਡਾਂ ਵਿੱਚ॥

ਤਾਂ ਹੀ ਇਹ ਸ਼ਬਦ ਗੁਰੂ ਜ਼ਾਹਰਾ ਜ਼ਹੂਰ ਹੈ, ਹੈ ਹਰ ਥਾਂ ਹਾਜ਼ਰ ਸ਼ਬਦ ਗੁਰੂ ਹੀ॥
ਸਰਵ ਸਮਰੱਥਾ ਸਰਵ ਵਿਆਪਕ, ਹੈ ਹਾਜ਼ਰ ਨਜ਼ਰ ਸ਼ਬਦ ਗੁਰੂ ਹੀ॥

ਇਹ ਜ਼ਾਹਰਾ ਸ਼ਕਤੀ ਪਰਮਾਤਮ ਦੀ, ਹੈ ਤ੍ਰੈਲੋਕੀ ਦੀ ਕਾਰ ਕਰ ਰਹੀ॥
ਇਹ ਸ਼ਬਦ ਆਵਾਜ਼ ਧੁਨੀ ਪ੍ਰਕਾਸ਼ ਹੀ, ਹੈ ਸਾਰੇ ਕਾਰ ਵਿਹਾਰ ਕਰ ਰਹੀ॥

ਇਹੋ ਸ਼ਬਦ ਸ਼ਕਤੀ ਪ੍ਰਕਾਸ਼ਮਾਣ ਹੈ, ਗੁਰ ਸ਼ਬਦ ਰੂਪ ਗੁਰੂ ਗ੍ਰੰਥਜੀ ਅੰਦਰ॥
ਇਹੀ ਸ਼ਬਦ ਸੁਭਾਏਮਾਣ ਹੈ, ਸਾਹਿਬ ਸ੍ਰੀ ਗੁਰੂ ਗ੍ਰੰਥ ਜੀ ਅੰਦਰ॥

**''ਸ਼ਬਦ ਗੁਰ ਪੀਰਾ ਗਹਿਰ ਗੰਭੀਰਾ, ਬਿਨ ਸ਼ਬਦੇ ਜਗੁ ਬਉਰਾਨੰ॥**
**ਪੂਰਾ ਬੈਰਾਗੀ ਸਹਜਿ ਸੁਭਾਗੀ, ਸਚ ਨਾਨਕ ਮਨ ਮਾਨੰ॥''**
**(ਅੰਗ 635 ਗੁ: ਗ੍ਰੰ: ਸਾ:)**

ਹੈ ਸ਼ਬਦ ਕੇਵਲ ਉਚਾਰਿਆ ਜਾਂਦਾ, ਜਾਂ ਹੈ ਸ਼ਬਦ ਨੂੰ ਸੁਣਿਆਂ ਜਾਂਦਾ॥
ਪਰ ਸੁਨਣਾਂ ਪੈਂਦਾ ਹੈ ਮਨ ਬਿਰਤੀ ਨੂੰ, ਤਾਂ ਰਾਹ ਰੂਹਾਨੀ ਹੈ ਚੁਣਿਆਂ ਜਾਂਦਾ॥

ਜੋ ਇਹ ਜੁਗਤੀ ਜਾਣ ਜਾਂਦੇ ਨੇ, ਜਿਨਾਂ ਨੂੰ ਸੁਨਣਾਂ ਆ ਜਾਂਦਾ ਹੈ॥
ਉਹ ਸੱਚ ਤੇ ਝੂਠ ਪਛਾਣ ਲੈਂਦੇ ਨੇ, ਉਹਨਾਂ ਨੂੰ ਪੁਨਣਾਂ ਆ ਜਾਂਦਾ ਹੈ॥

ਹੈ ਸੁਣਕੇ ਹੀ ਕੁੱਝ ਧਾਰਨਾਂ ਹੋਂਦਾ, ਸੁਣਕੇ ਹੀ ਅਮਲ ਕਮਾਇਆ ਜਾਂਦਾ॥
ਗੁਰਸ਼ਬਦ ਨੂੰ ਸੁਣਕੇ ਹਿਰਦੇ ਧਾਰਕੇ, ਹੈ ਜੀਵਨ ਸਫਲ ਬਣਾਇਆ ਜਾਂਦਾ॥

ਜੋ ਸਿੱਖ ਸਨਮੁੱਖ ਹੋਕੇ ਸਤਿਗੁਰ ਅੱਗੇ, ਹਨ ਕਰ ਦੇਂਦੇ ਜੀਵਨ ਹੀ ਅਰਪਣ॥
ਆਪਾ ਤਿਆਗ ਗੁਰਪਰਣੇ ਹੋਕੇ, ਹਨ ਹੋ ਜਾਂਦੇ ਗੁਰੂ ਸਮਰਪਣ॥

ਨਿਰਮਲ ਹੋ ਕੇ ਅੰਦਰੋਂ ਬਾਹਰੋਂ, ਕੋਈ ਲੋਕ ਪਚਾਰਾ ਨਹੀਂ ਜੋ ਕਰਦੇ॥
ਹਨ ਫੜ ਲੈਂਦੇ ਰਾਹ ਰੂਹਾਨੀ, ਨਹੀਂ ਫੇਰ ਉਹ ਜੰਮਦੇ ਮਰਦੇ॥

ਕਿਸੇ ਵਿਰਲੇ ਨੂੰ ਅਹਿਸਾਸ ਹੈ ਹੋਂਦਾ, ਜੱਗ ਮਾਇਆ ਐਸਾ ਪੜਦਾ ਪਾਇਆ॥
ਕੋਈ ਵਿਰਲਾ ਇਹ ਭੇਦ ਹੈ ਬੁੱਝਦਾ, ਹੈ ਐਸਾ ਮਾਇਆ ਸਾਂਗ ਰਚਾਇਆ॥

**''ਜਾਂ ਕਉ ਭਏ ਕ੍ਰਿਪਾਲ ਪ੍ਰਭ ਹਰਿ ਹਰਿ ਸੇਈ ਜਪਾਤ॥**
**ਨਾਨਕ ਪ੍ਰੀਤਿ ਲਗੀ ਤਿਨ ਰਾਮ ਸਿਉ, ਭੇਟਤ ਸਾਧ ਸੰਗਾਤ॥''**
**(ਪੰਨਾ 454)**

ਗੁਰ ਰਹਿਮਤ ਹੋ ਗਈ ਬਖਸ਼ਿਸ਼ ਹੋ ਗਈ, ਸ਼ਬਦ ਗੁਰਾਂ ਨੇ ਚਰਨੀ ਲਾ ਲਿਆ॥
ਸਿਰਤੇ ਹੱਥ ਮਿਹਰਾਂ ਦਾ ਧਰਕੇ, 'ਅਰਸ਼ੀ' ਚਰਨਾਂ ਵਿੱਚ ਬਿਠਾ ਲਿਆ॥

''ਆਪੁ ਛਡਿ ਸਦਾ ਰਹੈ ਪਰਣੈ
ਗੁਰ ਬਿਨੁ ਅਵਰੁ ਨ ਜਾਣੈ ਕੋਇ॥
ਕਹੈ ਨਾਨਕੁ ਸੁਣਹੁ ਸੰਤਹੁ
ਸੋ ਸਿਖੁ ਸਨਮੁਖੁ ਹੋਏ॥''
(ਅਨੰਦ ਸਾਹਿਬ)

* * *

## ਸ਼ਬਦ ਗੁਰਪੀਰਾ ਗਹਿਰ ਗੰਭੀਰਾ

ਹੇ ਸ਼ਬਦ ਗੁਰਾ! ਬਾਅਦ ਗੁਰਾ!! ਲੱਖ-ਲੱਖ ਵਾਰੀ ਪ੍ਰਣਾਮ ਕਰਾਂ॥
ਹੇ ਕਲਜੁਗ ਦੇ ਤਾਰਨਹਾਰ ਗੁਰਾ! ਝੁੱਕ ਸਿਜਦੇ ਕਰਾਂ ਸਲਾਮ ਕਰਾਂ॥

ਤੇਰੀ ਜਗਮਗ ਜੋਤ ਬਿਰਾਜ ਰਹੀ, ਝਲਕਾਰੇ ਅਰਸ਼ੀ ਕਿਰਨਾਂ ਦੇ॥
ਤੇਰੀ ਜੋਤ ਨੂਰਾਨੀ ਦਮਕ ਰਹੀ, ਲਿਸ਼ਕਾਰੇ ਰਿਸ਼ਮੀਂ ਕਿਰਨਾਂ ਦੇ॥

ਸਰਗੁਣੀ ਸਰੂਪ ਪਰਮਾਤਮ ਦਾ, ਹੈ ਵਿਆਪ ਰਿਹਾ ਇਸ ਜਗ ਅੰਦਰ॥
ਬਣ ਅੰਸ਼ ਰੂਪ ਜੀਵ ਆਤਮ ਦਾ, ਜੋ ਰਮਿਆ ਹੋਇਆ ਸਭ ਅੰਦਰ॥

ਹੇ ਜ਼ਾਹਰਾ ਜ਼ਹੂਰੇ ਸਬਦ ਗੁਰੂ! ਹਰ ਥਾਵੇਂ ਹਾਜ਼ਰ ਨਾਜ਼ਰ ਹੈਂ॥
ਹੇ ਸਰਬ ਕਲਾ ਭਰਪੂਰ ਗੁਰੂ! ਤੂੰ ਹੀ ਕਰਤਾ ਤੂੰ ਕਾਦਰ ਹੈਂ॥

ਨਹੀਂ ਹੋਰ ਕੋਈ ਤੁੱਲ ਤੇਰੇ ਦੇ, ਨਹੀਂ ਤੇਰੇ ਜੈਸਾ ਹੋਰ ਕੋਈ॥
ਤੁਲਣਾਂ ਹੀ ਨਹੀਂ ਕੋਈ ਹੋ ਸਕਦੀ, ਜਦ ਦੂਜਾ ਹੈ ਹੀ ਨਹੀਂ ਕੋਈ॥

ਹੇ ਸਮਰੱਥ ਗੁਰੂ ਪ੍ਰਤੱਖ ਗੁਰੂ, ਤੇਰਾ ਕੋਈ ਪਾਰਾਵਾਰ ਨਹੀਂ॥
ਤੇਰੀ ਮਹਿਮਾ ਅਪਰ ਆਪਾਰ ਗੁਰੂ, ਪਾ ਸਕਦਾ ਕੋਈ ਸ਼ੁਮਾਰ ਨਹੀਂ॥

ਕਾਇਆਂ ਹੀ ਜਾਂਦੀ ਕਲਪੀ ਹੈ, ਜੋ ਤੇਰੀ ਚਰਨੀ ਲੱਗ ਜਾਂਦਾ॥
ਜੋ ਤੇਰੀ ਸ਼ਰਨੀ ਪੈ ਜਾਂਦਾ, ਹੈ ਜੀਵਨ ਹੀ ਜੱਗ ਮੱਗ ਜਾਂਦਾ॥

**''ਹੇ ਊਚ ਅਪਾਰ ਬੇਅੰਤ ਸੁਆਮੀ! ਕਉਣੁ ਜਾਣੈ ਗੁਣ ਤੇਰੇ॥**
**ਗਾਵਤੇ ਉਧਰਹਿ ਸੁਣਤੇ ਉਧਰਹਿ, ਬਿਨਸਹਿ ਪਾਪ ਘਨੇਰੇ॥**

**ਪਸੂ ਪਰੇਤ ਮੁਗਧ ਕਉ ਤਾਰੇ, ਪਾਹਨ ਪਾਰਿ ਉਤਾਰੈ॥**
**ਨਾਨਕ ਦਾਸ ਤੇਰੀ ਸਰਨਾਈ, ਸਦਾ ਸਦਾ ਬਲਿਹਾਰੈ॥''**

ਹੇ ਸੁਖ ਸਾਗਰਾ! ਰਤਨਾਗਰਾ!! ਘਟ ਘਟ ਦੀ ਜਾਨਣ ਹਾਰਿਆ॥
ਬਿਨਾ ਬੋਲਿਆਂ ਸਮਝਣ ਵਾਲਿਆ! ਓ ਦਾਤਿਆ! ਦਾਤਾਰਿਆ॥

ਸਿਰ ਉੱਠਦਾ ਨਹੀਂ ਹੁਣ ਚਰਨਾਂ ਤੋਂ, ਗੁਰਚਰਨਾਂ ਵਿੱਚ ਹੀ ਲੀਣ ਹੋ ਗਿਆ॥
ਗੁਰ ਚਰਨਾਂ ਵਿੱਚ ਬੈਕੁੰਠ ਮਿਲ ਗਿਆ, ਮਨ ਨਿਰਮਲ ਹੋ ਮਸਕੀਣ ਹੋ ਗਿਆ॥

ਅੱਖਰ ਇੱਕ ਇੱਕ ਤੇਰੀ ਬਾਣੀ ਦਾ, ਛੂੰਹਦਾ ਹੈ ਜਾਂਦਾ ਹਿਰਦੇ ਨੂੰ॥
ਮਨ ਆਤਮ ਪਾਵਨ ਹੋ ਜਾਂਦਾ, ਮਿਲ ਜਾਂਦਾ ਢਾਰਸ ਗਿਰਦੇ ਨੂੰ॥

ਸੁਣ ਪੜਕੇ ਪਾਵਨ ਬਾਣੀ ਨੂੰ, ਪਾਪੀ ਵੀ ਪਾਵਨ ਬਣ ਜਾਂਦਾ॥
ਵੱਸ ਜਾਵੇ ਬਾਣੀ ਮਨ ਅੰਦਰ, ਸੋਕਾ ਵੀ ਸਾਵਨ ਬਣ ਜਾਂਦਾ॥

ਇਹ ਤੇਰੀ ਬਾਣੀ ਕਲਿਆਣੀ ਹੈ, ਹੈ ਚਾਬੀ ਇਹ ਰੂਹ ਆਤਮ ਦੀ॥
ਇਹ ਦਾਤੀ ਹੈ ਵਰਦਾਨੀ ਹੈ, ਮਹਾਂ ਸ਼ਕਤੀ ਹੈ ਪਰਮਾਤਮ ਦੀ॥

ਜਿਵੇਂ ਬਿਜਲੀ ਨਜਰੀ ਨਹੀਂ ਆਉਂਦੀ, ਪਰ ਹੋਂਦੀ ਹੈ ਸ਼ਕਤੀ ਬਲਸ਼ਾਲੀ॥
ਤਿਵੇਂ ਧੁਰਕੀ ਬਾਣੀ ਵੀ ਸ਼ਕਤੀ ਹੈ, ਹੈ ਇਹ ਸ਼ਕਤੀ ਮਹਾਂਬਲਵਾਲੀ॥

**''ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤੁ ਸਾਰੇ॥**
**ਗੁਰਬਾਣੀ ਕਹੈ ਸੇਵਕੁ ਜਨੁ ਮਾਨੈ ਪ੍ਰਤਖਿ ਗੁਰੂ ਨਿਸਤਾਰੇ॥''**

**'ਗੁਰਬਾਣੀ ਇਸੁ ਜਗ ਮਹਿ ਚਾਨਣੁ, ਕਰਮਿ ਵਸੈ ਮਨਿ ਆਏ॥'**
ਹੈ ਵਸ ਜਾਂਦੀ ਜਿਸ ਹਿਰਦੇ ਅੰਦਰ, ਫਿਰ ਉਹ ਜੀਵਨ ਮੁਕਤੀ ਪਾਏ॥

ਹੈ ਗੁਰਬਾਣੀ ਗਿਆਨ ਦਾ ਸਾਗਰ, ਹੈ ਅਸਲੀ ਗੁਰੂ ਗਿਆਨ ਹੀ ਹੋਂਦਾ॥
ਨਹੀਂ ਪਾਰ ਉਤਾਰਾ ਗਿਆਨ ਬਿਨਾਂ, ਕਦੇ ਗੁਰਾਂ ਬਿਨਾਂ ਕਲਿਆਨ ਨਹੀਂ ਹੋਂਦਾ॥

ਹਨ ਸਤਿਗੁਰ ਬਚਨ ਹੀ ਬਣਦੇ ਬਾਣੀ, ਬਾਣੀ ਉਪਦੇਸ਼ ਹੈ ਸਤਿਗੁਰ ਦਾ॥
ਅੰਧਿਆਰੇ ਵਿੱਚ ਚਾਨਣ ਕਰ ਦੇਣਾਂ, ਹੋਂਦਾ ਉਦੇਸ਼ ਹੈ ਸਤਿਗੁਰ ਦਾ॥

ਹੈ ਇਹ ਬਾਣੀ ਅਮਰ ਅਜੂਨੀ, ਇਹ ਧੁਰ ਦਰਗਾਹੋਂ ਆਈ ਹੈ॥
ਗੁਰ ਹਿਰਦੇ ਵਿਚੋਂ ਹੋਈ ਹੈ ਪ੍ਰਗਟ, ਇਹ ਬਾਣੀ ਹੁਕਮ ਇਲਾਹੀ ਹੈ॥

ਹੈ ਇਹ ਬਾਣੀ ਬ੍ਰਹਮ ਦੀ ਗਿਆਤਾ, ਇਹਦਾ ਪਾਠ ਬ੍ਰਹਮ ਦਾ ਸਿਮਰਨ ਹੈ॥
ਹੈ ਏਹੀ ਚਿੰਤਨ ਪਰਮਾਤਮ ਦਾ, ਇਹਦਾ ਜਾਪ ਬੈਖਰੀ ਸਿਮਰਨ ਹੈ॥

ਜਪੁ ਜਾਪ ਆਧਾਰ ਹੈ ਬਾਣੀ ਦਾ॥ ਨਿਤ ਕਰਨਾ ਪਾਠ ਹੈ ਬਾਣੀ ਦਾ॥
ਇਹ ਪਾਠ ਹੀ ਸਿਮਰਨ ਸਾਧਨਾਂ ਹੈ॥ ਇਹ ਪਾਠ ਹੀ ਪ੍ਰਭੂ ਅਰਾਧਣਾਂ ਹੈ॥

ਜਦ ਸ਼ਬਦ ਸੁਰਤ ਮਿਲ ਜਾਂਦੇ ਨੇ, ਫਿਰ ਆਤਮ ਦਰਸ਼ਨ ਹੋ ਜਾਂਦਾ॥
ਮਿਲ ਜਾਂਦੀ ਬੂੰਦ ਜਦ ਸਾਗਰ ਵਿੱਚ, ਫਿਰ ਦਰਸ਼ਨ ਪਰਸਨ ਹੋ ਜਾਂਦਾ॥

ਇਹ ਸ਼ਬਦ ਸੁਰਤ ਦਾ ਮੇਲ ਹੀ ਤਾਂ, ਕਰ ਦੇਂਦਾ ਪਾਰ ਉਤਾਰਾ ਹੈ॥
ਚਿਤ ਲਾਕੇ ਪਾਠ ਇਸ ਬਾਣੀ ਦਾ, ਕਰ ਦੇਂਦਾ ਕੁਤਬੀ ਤਾਰਾ ਹੈ॥

ਗੁਰੂ ਗ੍ਰੰਥ ਦੀ ਪਾਵਨ ਬਾਣੀ ਨੂੰ, ਸੌ ਸੌ ਵਾਰੀ ਪ੍ਰਣਾਮ ਕਰਾਂ॥
'ਅਰਸ਼ੀ' ਇਸ ਧੁਰਕੀ ਬਾਣੀ ਨੂੰ, ਝੁਕ ਸਿਜਦੇ ਕਰਾਂ ਸਲਾਮ ਕਰਾਂ॥

* * *

## ਬਾਣੀ ਗੁਰੂ ਗੁਰੂ ਹੈ ਬਾਣੀ

**'ਗੁਰਬਾਣੀ ਇਸੁ ਜਗ ਮਹਿ ਚਾਨਣੁ ਕਰਮਿ ਵਸੈ ਮਨਿ ਆਏ॥'**
ਹੈ ਵੱਡੀ ਰਹਿਮਤ ਜਿਸਤੇ ਹੋਂਦੀ, ਉਹ ਇਹ ਦਾਤ ਅਦੁਤੀ ਪਾਏ॥

ਹੈ ਜਾਪ ਬੈਖਰੀ ਪਾਠ ਬਾਣੀ ਦਾ, ਹੈ ਏਹੀ ਸਿਮਰਨ ਏਹੀ ਸਾਧਨਾਂ॥
ਇਹ ਬਾਣੀ ਸਿਫਤ ਸਲਾਹ ਹੈ ਰੱਬਦੀ, ਪਾਠ ਬਾਣੀ ਦਾ ਬਣੇ ਅਰਾਧਣਾਂ॥

ਨਹੀਂ ਪਰਵਿਰਤੀ ਮਾਇਆ ਵਿੱਚ ਲਿਪਟਨਾਂ, ਲਿਪਤ ਹੈ ਹੋਣਾਂ ਵਿੱਚ ਨਿਰਵਿਰਤੀ॥
ਭਵਸਾਗਰ ਨੂੰ ਸੌਖਿਆ ਤਰਨ ਲਈ, ਹੈ ਨਿਰਮਲ ਕਰਨੀ ਪੈਂਦੀ ਬਿਰਤੀ॥

ਗੁਰਬਾਣੀ ਚਿੰਤਨ ਹੈ ਆਤਮ ਦਾ, ਆਤਮ ਪਰਮਾਤਮ ਹੈ ਇੱਕੋ ਹੀ॥
ਪਾੜਨ ਲਈ ਪੜਦਾ ਮਾਇਆ ਦਾ, ਹੈ ਗੁਰਬਾਣੀ ਜੁਗਤੀ ਇੱਕੋ ਹੀ॥

**'ਜਿਨੀ ਆਤਮ ਚੀਨਿਆਂ ਪਰਮਾਤਮ ਸੋਈ॥**
**ਇੱਕੋ ਅੰਮ੍ਰਿਤ ਬ੍ਰਿਖ ਹੈ ਫਲੁ ਅੰਮ੍ਰਿਤ ਹੋਈ॥'**

ਗੁਰਬਾਣੀ ਰੱਬੀ ਦਾਤ ਹੈ, ਧੁਰੋਂ ਆਈ ਹੋਈ॥
ਇਹ ਤਾਂ ਰੱਬੀ ਪੈਗਾਮ ਹੈ, ਇਸ ਜਿਹਾ ਨਹੀਂ ਕੋਈ॥

ਹਨ ਚਿਤ ਲਾਕੇ ਜੋ ਪੜਦੇ ਬਾਣੀ, ਗੁਰਬਾਣੀ ਮਨ ਵਸਾ ਲੈਂਦੇ ਨੇ॥
ਜੋ ਲਿਵ ਲਾ ਲੈਂਦੇ ਹਨ ਬਾਣੀ ਵਿੱਚ, ਉਹ ਜੀਵਨ ਪਦਵੀ ਪਾ ਲੈਂਦੇ ਨੇ॥

ਪਾਠ ਬਾਣੀ ਦਾ ਬ੍ਰਹਮ ਦੀ ਵੀਚਾਰ ਹੈ॥ ਬਾਣੀ ਵਿਚ ਵੱਸਦਾ ਨਿਰੰਕਾਰ ਹੈ॥
ਇਹ ਅਰਸ਼ਾਂ ਕੁਰਸ਼ਾਂ ਦੀ ਮਾਹਰਾਣੀ॥ ਹੈ ਧੁਰ ਦਰਗਾਹੋ ਆਈ ਬਾਣੀ॥

ਨਿਤ ਪਾਠ ਬਾਣੀ ਦਾ ਹੀ ਹੈ ਬੰਦਗੀ॥ ਘੜੀ ਹੈ ਜਾਂਦੀ ਨਵੀਂ ਜਿੰਦਗੀ॥
ਨਿਤ ਕਰਮ ਹੀ ਜੇਕਰ ਬਣ ਜਾਵੇ॥ ਫਿਰ ਸਹਿਲੇ ਜੀਵਨ ਮੁਕਤੀ ਪਾਵੇ॥

ਹੈ ਮਿਲ ਜਾਂਦਾ ਜੀਵਨ ਦਾ ਆਸਰਾ॥ ਫਿਰ ਨਹੀਂ ਹੋਂਦਾ ਮਨ ਨਿਰਾਸਰਾ॥
ਆ ਜਾਂਦਾ ਧਰਵਾਸ ਹੈ ਅੰਦਰ॥ ਦ੍ਰਿੜ ਬਣ ਜਾਂਦਾ ਵਿਸ਼ਵਾਸ ਹੈ ਅੰਦਰ॥

ਜੀਵਨ ਜੁਗਤੀ ਹੈ ਮਿਲ ਜਾਂਦੀ, ਜੀਵਨ ਮੁਕਤੀ ਬਣਦੀ ਬਾਣੀ॥
ਮੈਂ ਤਾਹੀਉ ਹਾਂ ਨਿਤ ਪੜਦਾ ਰਹਿੰਦਾ, ਹੈ ਬਾਣੀ ਰਾਹੀ ਮੁਕਤੀ ਪਾਣੀ॥

ਹੈ ਫੜ ਲਿਆ ਪੱਲਾ ਗੁਰਬਾਣੀ ਦਾ, ਹਾਂ ਦਿਨੇ ਰਾਤ ਹੀ ਪੜਦਾ ਰਹਿੰਦਾ॥
ਹੁਣ ਬਾਣੀ ਹੀ ਬਣ ਗਈ ਬੰਦਗੀ, ਹਾਂ ਦਿਨੇ ਰਾਤ ਹੀ ਕਰਦਾ ਰਹਿੰਦਾ॥

**"ਮੈਂ ਹਰਿ ਹਰਿ ਖਰਚ ਲਇਆ ਬੰਨਿ ਪਲੈ॥ ਮੇਰਾ ਪ੍ਰਾਣ ਸਖਾਈ ਸਦਾ ਨਾਲਿ ਚਲੈ॥**
**ਗੁਰਿ ਪੂਰੇ ਹਰਿ ਨਾਮੁ ਦਿੜਾਇਆ, ਹਰਿ ਨਿਹਚਲ ਹਰਿ ਧਨੁ ਪਲੈ ਜੀਉ॥"**
**(ਪੰਨਾ 94 ਗੁ: ਗ੍ਰੰ: ਸਾ:)**

ਰਚ ਗਈ ਅੰਦਰ ਵੱਸ ਗਈ ਬਾਣੀ, ਸੁਰਤ ਸ਼ਬਦ ਦਾ ਮੇਲ ਹੋ ਗਿਆ॥
ਬਣ ਗਿਆਨ ਗੁਰੂ ਸ਼ਬਦ ਪਰਗਾਸਿਆ, ਜੀਵਨ ਸਫਲ ਸੁਹੇਲ ਹੋ ਗਿਆ॥

**"ਬਾਣੀ ਗੁਰੂ ਗੁਰੂ ਹੈ ਬਾਣੀ, ਵਿਚਿ ਬਾਣੀ ਅੰਮ੍ਰਿਤੁ ਸਾਰੇ॥**
**ਗੁਰਬਾਣੀ ਕਹੈ ਸੇਵਕੁ ਜਨੁ ਮਾਨੈ, ਪ੍ਰਤਖਿ ਗੁਰੂ ਨਿਸਤਾਰੇ॥"**
**(ਪੰਨਾ 982 ਗੁ: ਗ੍ਰੰ: ਸਾ:)**

ਹੈ 'ਅਰਸ਼ੀ' ਜੀਵਨ ਮੰਤਵ ਪਾ ਲਿਆ॥ ਸ਼ਬਦ ਗੁਰਾਂ ਨੇ ਚਰਨੀ ਲਾ ਲਿਆ॥
**'ਹਰਿ ਭੰਡਾਰੁ ਹਾਥਿ ਆਇਆ॥ ਨਾਨਕ ਗੁਰੂ ਤੇ ਪਾਇਆ॥'**
**(ਪੰਨਾ 1006 ਗੁ: ਗ੍ਰੰ: ਸਾ:)**

**"ਜਾ ਕਉ ਭਏ ਕ੍ਰਿਪਾਲ ਪ੍ਰਭ, ਹਰਿ ਹਰਿ ਸੇਈ ਜਪਾਤ॥**
**ਨਾਨਕ ਪ੍ਰੀਤਿ ਲਗੀ ਤਿਨ ਰਾਮ ਸਿਉ, ਭੇਟਤ ਸਾਧ ਸੰਗਾਤ॥"**
**(ਪੰਨਾ 521 ਗੁ: ਗ੍ਰੰ: ਸਾ:)**

* * *

## ਇੱਕ ਤਰਲਾ ਇੱਕ ਜੋਦੜੀ (ਸੂਫੀ ਗੀਤ)

ਕਿੰਜ ਬਣਿਆ ਰਹੇ ਸਕੂਨ ਜੀਵਨ ਦਾ, ਮਨ ਆਤਮ ਸ਼ਾਂਤੀ ਬਣੀ ਰਹੇ॥
ਰਾਹੇ ਰੂਹਾਨੀ ਤੁਰਦਾ ਜਾਵਾਂ, ਖਿਚ ਨੂਰ ਨੂਰਾਨੀ ਤਣੀ ਰਹੇ॥

ਹੋ ਜਾਏ ਬਖਸ਼ਿਸ਼ ਰਹਿਮਤ ਤੇਰੀ, ਹੁਣ ਮਦ ਮਾਇਆ ਵਿੱਚ ਮਨ ਨਾਂ ਵਿਚਲੇ॥
ਆਪਣਾਂ ਮੂਲ ਨਾ ਵਿਰਸਾ ਵਿੱਸਰੇ, ਮਿਲ ਜਾਏ ਮੰਜ਼ਿਲ ਪੈਰ ਨਾਂ ਫਿੱਸਲੇ॥

ਧੁੱਖਦੀ ਰਹੇ ਅੱਗ ਜਗਿਆਸਾ ਦੀ, ਤਾਂਘ ਵੀ ਅੰਦਰ ਤਣੀ ਰਹੇ॥
ਜੀਵਨ ਮੰਤਵ ਪਾਣ ਦੀ ਰੀਝਾ, ਮਨ ਆਸ ਉਮੀਦ ਵੀ ਬਣੀ ਰਹੇ॥

ਥਿੱੜਕੇ ਕਦੇ ਵਿਸ਼ਵਾਸ ਨਾਂ ਮੇਰਾ, ਰਹਿ ਹੋਂਦਾ ਅਹਿਸਾਸ ਹੀ ਤੇਰਾ॥
ਤੇਰੀਆਂ ਯਾਦਾਂ ਵਿੱਚ ਰਹਾਂ ਜੁੜਿਆ, ਰਹਿ ਹੋਂਦਾ ਆਭਾਸ ਹੀ ਤੇਰਾ॥

ਲੀਣ ਹੋ ਜਾਵਾਂ ਦੀਨ ਹੋ ਜਾਵਾਂ, ਅਸਲੋਂ ਹੀ ਮਸਕੀਨ ਹੋ ਜਾਵਾਂ॥
ਰਹਾਂ ਬਣਿਆਂ ਸਾਦਕ ਹੀ ਤੇਰਾ, ਬਸ ਯਾਦਾਂ ਵਿੱਚ ਵਿਲੀਣ ਹੋ ਜਾਵਾਂ॥

ਛੁੱਟ ਜਾਏ ਖਹਿੜਾ ਪਰਵਿਰਤੀ ਤੋਂ, ਨਿਰਵਿਰਤੀ ਆਪਣੀ ਚਰਨੀ ਲਾ ਲਾਏ॥
ਉੱਚੀ ਹੋ ਜਾਵੇ ਮਨ ਬਿਰਤੀ, ਤਾਂ ਜੋ ਮਨ ਸ਼ੁਭ ਕਰਮ ਕਮਾ ਲਏ॥

ਭੁੱਲ ਜਾਵਨ ਸਭ ਦੁਨੀਆਂਦਾਰੀਆਂ, ਭੁੱਲ ਜਾਵਨ ਇਹ ਲੋਕਾਚਾਰੀਆਂ॥
ਕਪਟੀ ਸੋਚਾਂ ਹੀ ਭੁੱਲ ਜਾਵਨ, ਭੁੱਲ ਜਾਵਨ ਸਭ ਮਨ ਬਦਕਾਰੀਆਂ॥

ਮੈਂ ਗੁਰਸਿੱਖੀ ਨੂੰ ਚਹੁਣਾਂ ਅਪਨਾਉਣਾਂ, ਹਾਂ ਚਾਹੁੰਦਾ ਬਨਣਾਂ ਇੱਕ ਸਿੱਖ ਨਿਮਾਣਾਂ॥
ਮੈਂ ਨਹੀਂ ਅਖਵਾਣਾਂ ਬਲਕਿ ਬਨਣਾਂ ਹੈ, ਹਾਂ ਚਾਹੁੰਦਾ ਸਿੱਖੀ ਧਰਮ ਕਮਾਣਾਂ॥

ਮੈਂ ਨਹੀਂ ਬਨਣਾਂ ਕੋਈ ਰੂਪ ਧਾਰੀਆ, ਨਾਂ ਹੀ ਕਰਨਾ ਕੋਈ ਢੌਂਗ ਦਿਖਾਵਾ॥
ਮਨ ਦੀਆਂ ਮਰਜੀਆਂ ਨਹੀਂ ਕਰਨੀਆਂ, ਨਹੀਂ ਕਰਨਾ ਐਵੇਂ ਫੋਕਾ ਪ੍ਰਗਟਾਵਾ॥

ਪੱਲਾ ਫੜਕੇ ਮੈਂ ਗੁਰਬਾਣੀ ਦਾ, ਹਾਂ ਭਵਸਾਗਰ ਨੂੰ ਤਰਨਾਂ ਚਾਹੁੰਦਾ॥
ਸ਼ਬਦ ਗੁਰਾਂ ਦੀ ਪੜ ਪੜ ਬਾਣੀ, ਹਾਂ ਸਫਲ ਯਾਤਰਾ ਕਰਨਾਂ ਚਾਹੁੰਦਾ॥

**''ਦੇਹ ਸ਼ਿਵਾ ਬਰ ਮੋਹਿ ਇਹੈ, ਸ਼ੁਭ ਕਰਮਨ ਤੇ ਕਬਹੂੰ ਨ ਟਰੋਂ॥**
**ਨਾ ਡਰਉਂ ਅਰ ਸੋਂ ਜਬ ਜਾਏ ਲਰੋਂ, ਨਿਸਚੈ ਕਰਿ ਆਪਣੀ ਜੀਤ ਕਰੋਂ॥**

**ਅਰ ਸਿੱਖ ਹਉ ਆਪਣੇ ਹੀ ਮਨ ਕੋ, ਇਹ ਲਾਲਚ ਹਉ ਗੁਣ ਤਉ ਉਚਰੋਂ॥**
**ਜਬ ਆਵ ਕੀ ਅਉਧ ਨਿਧਾਣ ਬਣੇ, ਅਤਿ ਹੀ ਰਣ ਮਹਿ ਤਬ ਝੂਜ ਮਰੋਂ॥''**

ਵਰ ਦੇਹੁ ਅਸੀਸਾਂ ਸਫਲ ਹੋ ਜਾਵਾਂ, ਇਹ ਮਾਨਵ ਜੀਵਨ ਸਫਲ ਬਨਾਵਾਂ॥
'ਅਰਸ਼ੀ' ਜੀਵਨ ਪਦਵੀ ਪਾਣ ਲਈ, ਬਸ ਪਉੜੀ ਪਉੜੀ ਚੜਦਾ ਜਾਵਾਂ॥

**ਜੋਦੜੀ :**
**''ਕਰਿ ਕਿਰਪਾ ਕਿਰਪਾਲ, ਆਪੇ ਬਖਸਿ ਲੈ॥**
**ਸਦਾ ਸਦਾ ਜਪੀ ਤੇਰਾ ਨਾਮ, ਸਤਿਗੁਰ ਪਾਇ ਪੈ॥**
**ਮਨ ਤਨ ਅੰਤਰਿ ਵਸੁ, ਦੂਖਾ ਨਾਸੁ ਹੋਇ॥**
**ਹਥ ਦੇਇ ਆਪਿ ਰਖੁ, ਵਿਆਪੈ ਭਉ ਨ ਕੋਇ॥**
**ਗੁਣ ਗਾਵਾਂ ਦਿਨ ਰੈਣਿ, ਏਤੈ ਕੰਮਿ ਲਾਇ॥**
**ਸੰਤ ਜਨਾ ਕੈ ਸੰਗਿ, ਹਉਮੈ ਰੋਗੁ ਜਾਇ॥**
**ਦਇਆ ਕਰਹੁ ਦਇਆਲ, ਆਪਣੀ ਸਿਫਤਿ ਦੇਹੁ॥**
**ਦਰਸਨੁ ਦੇਖਿ ਨਿਹਾਲ, ਨਾਨਕ ਪ੍ਰੀਤਿ ਏਹ॥''**
**(ਪੰਨਾ 961 ਗੁ: ਗ੍ਰੰ: ਸਾ:)**

* * *

## ਆਓ ਸਾਰੇ ਸਿੱਖ ਬਣ ਜਾਈਏ

ਸਿੱਖ ਹੈ ਹੋਂਦਾ ਸਿੱਖਣ ਵਾਲਾ, ਚੰਗੇ ਗੁਣ ਜੋ ਸਿੱਖਦਾ ਰਹਿੰਦਾ॥
ਸੁਕ੍ਰਿਤ ਕਰਨੀਆਂ ਕਰਦਾ ਰਹਿੰਦਾ, ਸ਼ੁਭ ਗੁਣ ਹਿਰਦੇ ਲਿੱਖਦਾ ਰਹਿੰਦਾ॥

ਮੱਥਾ ਟੇਕਣਾਂ ਸੀਸ ਨਿਵਾਣਾਂ, ਹੋਂਦਾ ਹੈ ਸਮਰਪਣ ਹੋ ਜਾਣਾਂ॥
ਝੁੱਕ ਜਾਣਾਂ ਚਰਨੀ ਹਥ ਲਾਣਾਂ, ਹੈ ਤਨੋ ਮਨੋ ਅਰਪਣ ਹੋ ਜਾਣਾਂ॥

ਆਪਣੇ ਮਨ ਦੀ ਮੱਤ ਤਿਆਗਕੇ, ਕੇਵਲ ਗੁਰਮੱਤ ਧਾਰਨ ਕਰਨਾਂ॥
ਆਪਣੀ ਹਉਮੈ ਹਸਤੀ ਮਾਰਕੇ, ਹੈ ਹੋਂਦਾ ਸਿਰ ਗੁਰ ਚਰਨੀ ਧਰਨਾਂ॥

**'ਸਿਖੀ ਸਿਖਿਆ ਗੁਰ ਵੀਚਾਰਿ॥ ਨਦਰੀ ਕਰੀਮ ਲੰਘਾਇ ਪਾਰਿ॥'**
ਇਹ ਦਾਇਰਾ ਹੈ ਗੁਰਸਿੱਖੀ ਦਾ, ਇਹ ਸਿੱਖੀ ਦਾ ਹੈ ਤੱਤਸਾਰ॥

ਗੁਰਾਂ ਦੀ ਸਿਖਿਆ ਧਾਰਨ ਕਰਨਾਂ॥ ਗੁਰ ਉਪਦੇਸ਼ ਨੂੰ ਹਿਰਦੇ ਭਰਨਾਂ॥
ਜੀਵਨ ਨੂੰ ਸਿੱਖੀ ਵਿੱਚ ਢਾਲਣਾਂ॥ ਗੁਰ ਉਪਦੇਸ਼ ਨੂੰ ਦਿਲੋਂ ਪਾਲਣਾਂ॥

ਪਰ ਫਿਰ ਵੀ ਜੇ ਮਨ ਮਾਨੀਆਂ ਕਰਦਾ॥ ਗੁਰੂ ਦੀ ਸਿੱਖਿਆ ਤੇ ਨਹੀਂ ਤੁਰਦਾ॥
ਫਿਰ ਉਹ ਸਿੱਖ ਨਹੀਂ ਨਿਰਾ ਦਿਖਾਵਾ॥ ਝੂਠ ਫਰੇਬ ਦਾ ਹੈ ਪ੍ਰਗਟਾਵਾ॥

ਜਦ ਖਾਦੀ ਗਈ ਹੀ ਨਹੀਂ ਦਵਾਈ, ਫੇਰ ਬੀਮਾਰੀ ਕਿਵੇਂ ਹੱਟ ਸਕਦੀ॥
ਜਦ ਕੀਤੀ ਹੀ ਨਹੀਂ ਕੋਈ ਕਮਾਈ, ਫਿਰ ਕਾਇਆਂ ਕਿਵੇਂ ਹੈ ਪਲਟ ਸਕਦੀ॥

**'ਸੀਸ ਨਿਵਾਇਆ ਕਿਆ ਥੀਐ ਜਾ ਰਿਦੈ ਕੁਸੁਧੇ ਜਾਹਿ॥'**
ਮੱਥਾ ਟੇਕਣ ਦਾ ਫਿਰ ਕੀ ਫਾਇਦਾ, ਜੇ ਅੰਦਰੋਂ ਖੋਟ ਕਪਟ ਨਾ ਜਾਇ॥

ਮਨਮੱਤ ਵਿੱਚ ਹੋਂਦੇ ਭਰੇ ਵਿਕਾਰ ਨੇ॥ ਪਰ ਗੁਰਮੱਤ ਵਿੱਚ ਹੋਂਦੇ ਉਪਕਾਰ ਨੇ॥
ਮਨਮੱਤ ਵਿੱਚ ਨਿਰੀ ਵਾਸ਼ਨਾ ਕਾਮ ਹੈ॥ ਪਰ ਗੁਰਮੱਤ ਵਿਚ ਹੋਂਦਾ ਨਿਰਾ ਨਾਮ ਹੈ॥

ਮਨਮੱਤ ਵਿੱਚ ਲਾਲਚ ਤੇ ਲੋਭ ਹੈ॥ ਪਰ ਗੁਰਮੱਤ ਵਿੱਚ ਤਾਂ ਸਬਰ ਸੰਤੋਖ ਹੈ॥
ਮਨਮੱਤ ਵਿੱਚ ਭੱਟਕਣਾਂ ਕਰੋਧ ਹੈ॥ ਪਰ ਗੁਰਮੱਤ ਵਿੱਚ ਸ਼ਾਂਤੀ ਤੇ ਸੋਭ ਹੈ॥

ਹੈ ਹੋਂਦੀ ਮਨਮੱਤ ਨੀਵੀਂ ਸੋਚਣੀ, ਫੋਕੀ ਹਉਮੈਂ ਨਿਰਾ ਦਿਖਾਵਾ॥
ਪਰ ਗੁਰਮੱਤ ਤਾਂ ਹੈ ਉੱਚਾ ਜੀਵਨ, ਮਹਿਕ ਸੁਗੰਧੀ ਦਾ ਪ੍ਰਗਟਾਵਾ॥

ਪਰ, ਜੇ ਸਿੱਖ ਨੇ ਗੁਰਮਤ ਧਾਰੀ ਹੀ ਨਹੀਂ॥ ਆਪਣੀ ਹਉਮੈ ਮਾਰੀ ਹੀ ਨਹੀਂ॥
ਆਪਣੀ ਮਨਮੱਤ ਛੱਡੀ ਹੀ ਨਹੀਂ॥ ਮਨ 'ਚੋਂ ਦੁਰਮੱਤ ਕੱਢੀ ਹੀ ਨਹੀਂ॥

ਫਿਰ ਤਾਂ ਸਿੱਖ ਅਖਵਾ ਨਹੀਂ ਸਕਦਾ॥ ਗੁਰੂ ਦਾ ਲਾਲ ਕਹਿਲਾ ਨਹੀਂ ਸਕਦਾ॥
ਬਲਕਿ ਸਿੱਖੀ ਲਈ ਉਹ ਦਾਗ਼ ਹੈ॥ ਆਸਤੀਨ ਦਾ ਛੁਪਿਆ ਨਾਗ਼ ਹੈ॥

ਬਦਨਾਮੀ ਦਾ ਹੈ ਟਿੱਕਾ ਬਣ ਗਿਆ, ਹੈ ਸਿੱਖੀ ਨੂੰ ਬਦਨਾਮ ਕਰ ਰਿਹਾ॥
ਸ਼ੋਭਾ ਸ਼ੋਹਰਤ ਜਾਏ ਵਿਗਾੜੀ, ਦਗੇਬਾਜ਼ੀ ਸ਼ਰੇਆਮ ਕਰ ਰਿਹਾ॥

ਜੋ ਪਿਆ ਪੈਸਾ ਪੈਸਾ ਕਰਦਾ॥ ਪਿਆ ਪੈਸੇ ਖਾਤਰ ਜਿਉਂਦਾ ਮਰਦਾ॥
ਹੈ ਪੈਸਾ ਧਰਮ ਈਮਾਨ ਬਣਾ ਲਿਆ॥ ਪੈਸਾ ਹੀ ਭਗਵਾਨ ਬਣਾ ਲਿਆ॥

ਉਹ ਫਿਰ ਸਿੱਖ ਨਹੀਂ ਹੈ ਵਾਪਾਰੀ॥ ਅੰਨਾ ਬੋਲਾ ਮਾਇਆਧਾਰੀ॥
ਜਿਸ ਧਨ ਦੌਲਤ ਹੀ ਮਨ ਵਸਾ ਲਿਆ॥ ਬਸ ਪੈਸੇ ਨਾਲ ਹੀ ਪਿਆਰ ਪਾ ਲਿਆ॥

ਇਹ ਦੂਹਰਾ ਚਿਹਰਾ ਲਾਹਣਾਂ ਪੈਣੈ॥ ਇਕੋ ਰੂਪ ਬਨਾਣਾਂ ਪੈਣੈ॥
ਇਕੋ ਪਾਸਾ ਚੁਨਣਾਂ ਪੈਣੈ॥ ਇਕੋ ਰਸਤੇ ਤੁਰਨਾਂ ਪੈਣੈ॥

ਸਿੱਖੀ ਤਾਂ ਹੈ ਹੀ ਕਿਰਦਾਰ ਦੀ॥ ਸਿੱਖੀ ਹੋਂਦੀ ਹੈ ਦਸਤਾਰ ਦੀ॥
ਰਹਿਣੀ ਬਹਿਣੀ ਦੀ ਹੈ ਸਿੱਖੀ॥ ਕਰਨੀ ਕਹਿਣੀ ਦੀ ਹੈ ਸਿੱਖੀ॥

ਸਿੱਖੀ ਵਿੱਚ ਕੋਈ ਭਿੰਨ ਭੇਦ ਨਹੀਂ॥ ਸਿੱਖੀ ਵਿੱਚ ਕੋਈ ਤੇਰਮੇਰ ਨਹੀਂ॥
ਸਿੱਖੀ ਵਿੱਚ ਕੋਈ ਜਾਤਪਾਤ ਨਹੀਂ॥ ਸਿੱਖੀ ਵਿੱਚ ਕੋਈ ਪੱਖਪਾਤ ਨਹੀਂ॥

ਨਹੀਂ ਕੋਈ ਨੀਵਾਂ ਨਾਂ ਕੋਈ ਉੱਚਾ, ਸਾਰਾ ਇਕੋ ਹੀ ਪਰਵਾਰ ਹੈ॥
**'ਏਕ ਪਿਤਾ ਏਕਸ ਕੇ ਹਮ ਬਾਰਿਕ'**, ਸਿੱਖੀ ਤਾਂ ਸਾਂਝਾ ਘਰ ਬਾਹਰ ਹੈ॥

ਆਓ ਸਾਰੇ ਹੀ ਸਿੱਖ ਬਣ ਜਾਈਏ॥ ਫ਼ਖ਼ਰ ਨਾਲ ਗੁਰਸਿੱਖ ਅਖਵਾਈਏ॥
'ਅਰਸ਼ੀ' ਗੁਰਾਂ ਤੋਂ ਸਿੱਖੀ ਮੰਗੀਏ॥ ਮਨ ਆਤਮ ਸਿੱਖੀ ਨਾਲ ਰੰਗੀਏ॥

* * *

## ਦਸਮੇਸ਼ ਸੰਦੇਸ਼

**'ਰਹਿਤ ਪਿਆਰੀ ਮੁਝਕੋ, ਸਿਖ ਪਿਆਰਾ ਨਾਹਿ'**

ਸਿੱਖ ਨਾਲੋਂ ਮੈਨੂੰ ਗੁਰਸਿੱਖੀ ਦੀ, ਰਹਿਤ ਬਹਿਤ ਹੈ ਵੱਧ ਪਿਆਰੀ॥
ਮੈਂ ਦਿੱਤੀ ਹੈ ਸਿੱਖ ਨੂੰ ਵੱਖਰੀ, ਸੂਰਤ ਤੇ ਇੱਕ ਦਿੱਖ ਨਿਆਰੀ॥
ਜੇ ਰਖੇਗਾ ਸਾਬਤ ਸੂਰਤ, ਫਿਰ ਲਗੇਗਾ ਰੱਬ ਦੀ ਮੂਰਤ;
ਮੈਂ ਏਸੇ ਹੀ ਸਾਬਤ ਸੂਰਤ ਨੂੰ, ਬਖਸ਼ੀ ਹੈ ਸੋਭਾ ਸਰਦਾਰੀ॥

ਬਣਿਆ ਰਹੇਗਾ ਜਦ ਤੱਕ ਸਿੱਖ ਮੇਰਾ, ਖਾਲਸ ਤੇ ਨਿਰਲੇਪ ਨਿਆਰਾ॥
ਉਦੋਂ ਤੱਕ ਹੀ ਮਾਣ ਸਕੇਗਾ, ਮੇਰਾ ਤੇਜ਼ ਪ੍ਰਤਾਪ ਵੀ ਸਾਰਾ॥
ਪਰ ਜਦ ਹੋਰਾਂ ਵਰਗਾ ਹੀ ਹੋ ਜਾਏਗਾ, ਬਣ ਜਾਵੇਗਾ ਬੰਦਾ ਬਦਕਰਮੀ;
ਮੈਂ ਨਹੀਂ ਕਰਾਂਗਾ ਫੇਰ ਭਰੋਸਾ, ਨਹੀਂ ਕੋਈ ਭਰਾਂਗਾ ਫੇਰ ਹੁੰਗਾਰਾ॥

ਗੁਰਸਿੱਖੀ ਤਾਂ ਹੋਂਦੀ ਹੀ ਹੈ, ਉੱਚੇ ਸੁੱਚੇ ਕਿਰਦਾਰਾਂ ਦੀ॥
ਕਦੇ ਨਹੀਂ ਸਿੱਖੀ ਸੋਂਹਦੀ ਜੱਚਦੀ, ਲੋਭੀ ਭੇਖੀ ਬਦਕਾਰਾਂ ਦੀ॥
ਸਿੱਖੀ ਤਾਂ ਹੈ ਹੀ ਇੱਕ ਮਾਡਲ, ਹੈ ਅਦਰਸ਼ ਹੈ ਇੱਕ ਨਮੂੰਨਾਂ;
ਗੁਰਸਿੱਖੀ ਇੱਕ ਸੋਚ ਹੈ ਉੱਚੀ, ਸਦਗੁਣਾਂ ਅਤੇ ਵਿਚਾਰਾਂ ਦੀ॥

ਢਾਈ ਸੌ ਪੂਰੇ ਸਾਲ ਲੱਗੇ ਨੇ, ਇਸ ਮਾਡਲ ਤਾਂਈ ਬਨਾਵਣ ਦੇ ਲਈ॥
ਕਈ ਕੀਮਤੀ ਜੀਵਨ ਗਏ ਨੇ ਵਾਰੇ, ਇਹਦੀ ਆਭਾ ਚਮਕਾਵਣ ਦੇ ਲਈ॥
ਕੱਢਣ ਦੇ ਲਈ ਵੈਲ ਤੇ ਖੋਟਾਂ, ਇਸਨੂੰ ਖਾਲਸ ਸ਼ੁਧ ਕਰਨ ਲਈ;
ਵਿੱਚ ਬੜੇ ਅਦੁਤੀ ਗੁਣ ਭਰੇ ਨੇ, ਇਸਦੀ ਸ਼ੋਭਾ ਮਹਿਕਾਵਣ ਦੇ ਲਈ॥

ਸਿੱਖ ਨਹੀਂ ਹੋਂਦਾ ਆਮ ਸੰਸਾਰੀ, ਹੈ ਸਿੱਖੀ ਜੀਵਨ ਨਵਾਂ ਨਿਰਾਲਾ॥
ਹੈ ਨਿਆਰਾਪਣ ਹੀ ਇਸਦੀ ਗੁੜਤੀ, ਨਹੀਂ ਇਹ ਜੀਵਨ ਘੋਲ ਘੁਚਾਲਾ॥
ਦਸਾਂ ਨਵਾਂ ਦੀ ਕਿਰਤ ਹੈ ਕਰਦਾ, ਆਪ ਕਮਾਂਦਾ ਵੰਡਕੇ ਖਾਂਦਾ,
ਚੋਰ ਉਚੱਕਾ ਸਿੱਖ ਨਹੀਂ ਹੋਂਦਾ, ਸਿੱਖ ਨਹੀਂ ਕਰਦਾ ਘਾਲਾ ਮਾਲਾ॥

ਕਈ ਸਿੱਖੀ ਰੂਪ ਧਾਰਕੇ ਜਿਹੜੇ, ਪਏ ਕਰਦੇ ਹਨ ਬਦਕਾਰੀਆਂ॥
ਹਨ ਪਏ ਕਰਦੇ ਬਦਨਾਮ ਸਿੱਖੀ ਨੂੰ, ਬਣਕੇ ਜਿਹੜੇ ਭੇਡਾਂ ਕਾਲੀਆਂ॥
ਲੋਭੀ ਕਪਟੀ ਖੁਦ ਗਰਜਾਂ ਨੇ, ਹਨ ਭੇਸ ਬਣਾਏ ਸਿੱਖਾਂ ਵਾਲੇ;
ਚੇਲੇ ਹਨ ਸ਼ੈਤਾਨ ਦੇ ਬਣ ਗਏ, ਕੰਮ ਪਏ ਕਰਦੇ ਵਾਂਗ ਮਦਾਰੀਆਂ॥

ਸੀ ਕਲਗੀਧਰ ਸਪਸ਼ਟ ਆਖਿਆ, '**ਜਬ ਲਗ ਰਹੇਗਾ ਖਾਲਸਾ ਨਿਆਰਾ॥**'
ਰਹੇਗਾ ਚੜਦੀ ਕਲਾ ਦੇ ਅੰਦਰ,'**ਤਬ ਲਗ ਤੇਜ਼ ਦੀਓ ਮੈਂ ਸਾਰਾ॥**'
ਪਰ '**ਜਬ ਇਹ ਗਹਿ ਬਿਪਰਨ ਕੀ ਰੀਤ, ਮੈਂ ਨਾ ਕਰਉ ਇਨਕੀ ਪਰਤੀਤ॥**'
ਫਿਰ ਨਹੀਂ ਮੇਰਾ ਕੋਈ ਵਾਸਤਾ, ਜਦ ਸਿੱਖ ਹੋ ਗਿਆ ਬੇਮੁਹਾਰਾ॥

ਐ ਮਾਡਰਨ ਸਿੱਖਾ ਝਾਕ ਆਪੇ ਵੱਲ, ਅੰਦਰ ਝਾਤੀ ਮਾਰ ਓ ਵੀਰਾ,
ਭੁੱਲ ਗਿਆ ਹੈ ਲੱਗਦਾ ਵਿਰਸਾ, ਗੁਰਾਂਦੇ ਬਚਨ ਚਿਤਾਰ ਓ ਵੀਰਾ॥
ਕਾਹਨੂੰ ਬੇਮੁੱਖ ਬਣਦਾ ਜਾਨੈ, ਕਿਉਂ ਹੋਰਾਂ ਦੀਆਂ ਰੀਸਾਂ ਕਰਨੈ;
'ਅਰਸ਼ੀ ਰਤਾ ਵਿਚਾਰ ਓ ਵੀਰਾ, ਆਪਣਾਂ ਅਕਸ ਸਵਾਰ ਓ ਵੀਰਾ॥

ਢਹਿੰਦੀਆਂ ਕਲਾਂ ਕਿਉਂ ਗਲ ਪਾਨੈ, ਫੱਸਕੇ ਮਾਇਆ ਜਾਲ ਦੇ ਅੰਦਰ॥
ਕਿਉਂ ਗੁਰਸਿੱਖੀ ਛੱਡੀ ਜਾਨੈ, ਇਸ ਗਹਿਰੀ ਕਪਟੀ ਚਾਲ ਦੇ ਅੰਦਰ॥
ਮੱਦ ਮਾਇਆ ਵਿੱਚ ਕਿਉਂ ਪਿਆ ਲਿਬੜੇਂ, ਜੋ ਹੈ ਜਿੱਲਣ ਗੰਦੀ ਸਿੱਲਣ;
ਸਿੱਖੀ ਜੀਵਨ ਨੂੰ ਅਪਣਾ ਕੇ, ਕਿਉਂ ਜਿਉਂਦਾ ਨਹੀਂ ਜਲਾਲ ਦੇ ਅੰਦਰ॥

ਮੁੜ ਮੁੜਕੇ ਨਹੀਂ ਮਿਲਣਾਂ ਜੀਵਨ, ਮੁੜ ਇਹ ਵੇਲਾ ਹੱਥ ਨਹੀਂ ਆਣਾਂ॥
ਵਰਤਮਾਨ ਨੂੰ ਹੁਣੇ ਵਰਤ ਲੈ, ਨਹੀਂ ਤਾਂ ਫਿਰ ਪੈਣਾਂ ਪਛਤਾਣਾਂ॥
ਡੁੱਲੇ ਬੇਰ ਅਜੇ ਧੁੱਪ ਸਕਦੇ, ਹੋ ਸਕਦਾ ਹੈ ਅਜੇ ਕੋਈ ਹੀਲਾ;
ਆਪਣਾਂ ਆਪਾ ਆਪ ਸਵਾਰ ਲੈ, ਆਪੇ ਬੀਜਕੇ ਆਪੇ ਖਾਣਾਂ॥

ਕੀ ਸਿੱਖੀ ਬਿਨਾਂਕੋਈ ਸਿੱਖ ਹੋ ਸਕਦੈ ? ਹਰਗਿਜ਼ ਨਹੀਂ ਕਦੇ ਹਰਗਿਜ਼ ਨਹੀਂ॥
ਕੀ ਰਹਿਣੀ ਬਿਨਾਂ ਕੋਈ ਸਿੰਘ ਹੋ ਸਕਦੈ ? ਹਰਗਿਜ਼ ਨਹੀਂ ਕਦੇ ਹਰਗਿਜ਼ ਨਹੀਂ॥
ਬਿਨਾਂ ਸ਼ਕਤੀ ਜਿਵੇਂ ਬਲ ਨਹੀਂ ਹੋਂਦਾ, ਮਾਂ ਬਾਪ ਬਿਨਾਂ ਜਿਵੇਂ ਬਾਲ ਨਹੀਂ ਹੋਂਦਾ;
ਤਿਵੇਂ ਰਹਿਤ ਬਿਨਾਂ ਨਹੀਂ ਸਿੱਖ ਬਣ ਸਕਦਾ, ਹਰਗਿਜ਼ ਨਹੀਂ ਕਦੇ ਹਰਗਿਜ਼ ਨਹੀਂ॥

ਹੋਂਦੇ ਨਹੀਂ ਸਿਰ ਪੈਰ ਝੂਠ ਦੇ, ਨਹੀਂ ਰਹਿੰਦਾ ਕਦੇ ਮੁਲੰਮਾਂ ਸਦਾ ਲਈ॥
ਹੋਂਦਾ ਹੈ ਅਗਿਆਨ ਜਹਾਲਤ, ਨਹੀਂ ਸੋਂਹਦਾ ਢੌਂਗ ਤੇ ਧੋਖਾ ਸਦਾ ਲਈ॥
ਹੈ ਸਿੱਖੀ ਜੀਵਨ ਉੱਤਮ ਦੁਰਲਭ, ਸਦਾਚਾਰੀ ਪਾਵਨ ਕਿਰਦਾਰੀ;
ਸੱਚਾ ਸੁੱਚਾ ਸਾਬਤ ਸੂਰਤ, ਹੈ ਸੱਚ ਹੀ ਰਹਿਣਾਂ ਆਖਰ ਸਦਾ ਲਈ॥

* * *

## ਜੇ ਭੁਲੀ ਜੇ ਚੁਕੀ ਸਾਂਈ ਭੀ ਤਹਿੰਜੀ ਕਾਂਢੀਆ (ਗ਼ਜ਼ਲ)

ਜੇ ਭੁੱਲੀ ਜੇ ਚੁੱਕੀ ਸਾਂਈਆਂ, ਹਾਂ ਫੇਰ ਵੀ ਤੇਰੀ ਹੀ ਕਹਾਂਦੀ॥
ਤੈਥੋਂ ਬਿਨਾਂ ਹੋਰ ਨਹੀਂ ਕੋਈ, ਰਹਾਂਗੀ ਤੇਰੀ ਸਦਾ ਸਦਾਂਦੀ॥

ਬਖਸ਼ ਗੁਨਾਹਾਂ ਮੇਰੇ ਸਾਰੇ, ਮੁੜ ਮੁੜ ਤਰਲੇ ਵਾਸਤੇ ਪਾਵਾਂ,
ਮੈਂ ਨਿਮਾਣੀ ਭੁਲਣਹਾਰੀ, ਹਾਂ ਭੁਲੜ ਹੀ ਬਣਦੀ ਜਾਂਦੀ॥

ਤੂੰ ਕਿਰਪਾਲੂ ਬਖਸ਼ਣਹਾਰਾ, ਹੈ ਪਤਿਤ ਪਾਵਨ ਬਿਰਧ ਤੇਰਾ ਤਾਂ,
ਹੈ ਹੋ ਜਾਂਦੀ ਜਿੰਦੜੀ ਪਾਵਨ, ਜੋ ਹੋ ਤੇਰੀ ਹੀ ਹੈ ਜਾਂਦੀ॥

ਨਹੀਂ ਕੋਈ ਟਿਕਾਣਾਂ ਜਿੱਥੇ ਜਾਵਾਂ, ਛੱਡ ਨਹੀਂ ਸਕਦੀ ਤੇਰੇ ਦਰ ਨੂੰ,
ਹੈ ਫੜ ਲਿਆ ਪੱਕਾ ਦਰ ਤੇਰੇ ਨੂੰ, ਤੇ ਰਹਿਣਾਂ ਦਰ ਖੜਕਾਂਦੀ॥

ਵੱਸ ਗਈ ਅੰਦਰ ਯਾਦ ਤੇਰੀ ਹੀ, ਨਹੀਂ ਤੇਰੇ ਬਿਨਾਂ ਕੁੱਝ ਹੋਰ ਸੁੱਝਦਾ,
ਹਾਂ ਤੂੰ ਹੀ ਤੂੰ ਹੀ ਕਰਦੀ ਰਹਿੰਦੀ, ਤੇ ਰਹਿੰਦੀ ਸਦਾ ਬੜਾਂਦੀ॥

ਹੁਣ ਅੱਠੇ ਪਹਿਰ ਦਿਨੇ ਤੇ ਰਾਤੀਂ, ਯਾਦਾਂ ਵਿੱਚ ਹੀ ਸਮਾਂ ਗੁਜ਼ਾਰਾਂ,
ਕਿਸੇ ਸਮੇਂ ਵੀ ਯਾਦ ਨਾਂ ਭੁੱਲੇ, ਜੋ ਰਹਿੰਦੀ ਸਦਾ ਸਤਾਂਦੀ॥

ਹੋ ਗਈ ਸਮਰਪਣ ਤਨਮਨ ਅਰਪਣ, ਹੁਣ ਮੇਰੀ ਕੋਈ ਹੋਂਦ ਰਹੀ ਨਹੀਂ,
ਮਾਹੀ ਵਿੱਚ ਸਮਾਣਾਂ ਚਾਹਾਂ, ਮਿੱਟ ਜਾਏ ਦੂਰੀ ਇਹ ਜਨਮਾਂ ਦੀ॥

ਮਾਹੀ ਮਾਹੀ ਕਰਦੀ ਕਰਦੀ, ਮੈਂ ਆਪੇ ਹੀ ਹੁਣ ਮਾਹੀ ਬਣ ਗਈ,
ਮਿਲ ਜਾਏ ਬੂੰਦ ਸ਼ਹੁ ਸਾਗਰ ਵਿੱਚ, ਫਿਰ ਬੂੰਦ ਨਜ਼ਰ ਨਹੀਂ ਆਂਦੀ॥

ਆਖਰ ਮੰਜ਼ਿਲ ਮਿਲ ਜਾਂਦੀ ਹੈ, ਜਦ ਹੈ ਲਗਣ ਕੋਈ ਲੱਗ ਜਾਂਦੀ,
'ਅਰਸ਼ੀ' ਲਗਣ ਹੀ ਬਣਦੀ ਮੁਕਤੀ, ਜੋ ਮਾਹੀ ਨਾਲ ਮਿਲਾਂਦੀ॥

**''ਲੇਖੈ ਕਤਹਿ ਨ ਛੂਟੀਐ, ਖਿਨੁ ਖਿਨੁ ਭੂਲਣਹਾਰ॥**
**ਬਖਸਨਹਾਰ ਬਖਸਿਲੈ, ਨਾਨਕ ਪਾਰਿ ਉਤਾਰ॥''**
**(ਪੰਨਾ 261 ਗੁ: ਗ੍ਰੰ: ਸਾ:)**

* * *

## ਜੇ ਸਤ ਸੰਤੋਖ ਹੋਵੇ ਅਰਦਾਸ

ਧੁਰ ਹਿਰਦੇ 'ਚੋਂ ਨਿਕਲੀ ਅਰਦਾਸ ਹੀ, ਆਖਰ ਮਨਜ਼ੂਰ ਹੋਂਦੀ ਹੈ॥
ਫਿੱਕੀ ਤੇ ਓਪਰੀ ਬਾਤ ਨਹੀਂ, ਕਦੇ ਮਕਬੂਲ ਹੋਂਦੀ ਹੈ॥
ਘਟ ਘਟ ਦੇ ਜਾਨਣਹਾਰ ਨੂੰ, ਵਰਗਲਾਇਆ ਨਹੀਂ ਜਾ ਸਕਦਾ;
ਨਿਮਰ ਤੇ ਨਿਮਾਣੀ ਜੋਦੜੀ, ਹੀ ਅਸਰ ਭਰਪੂਰ ਹੋਂਦੀ ਹੈ॥

ਬਹੁਤੇ ਦਵਾਰੇ ਛੱਡਕੇ, ਜੇ ਇੱਕੋ ਦੁਆਰਾ ਮਲ ਲਈਏ॥
ਹੋਰ ਸਾਰੇ ਸਹਾਰੇ ਛੱਡਕੇ, ਜੇ ਇੱਕੋ ਦਾ ਪੱਲਾ ਫੜ ਲਈਏ॥
ਆਪਣੇ ਬਿਰਧ ਦੀ ਲਾਜ ਹੀ, ਫਿਰ ਪੈਂਦੀ ਹੈ ਉਸਨੂੰ ਪਾਲਣੀ;
ਜੇ ਪੂਰੇ ਸਮਰਪਣ ਹੋ ਜਾਈਏ, ਆਪੇ ਨੂੰ ਅਰਪਣ ਕਰ ਦੇਈਏ॥

ਜੋ ਏਧਰ ਓਧਰ ਹਨ ਭੱਟਕਦੇ, ਰਹਿੰਦੇ ਨਹੀਂ ਘਰ ਨਾਂ ਘਾਟਦੇ॥
ਜੋ ਰਹਿੰਦੇ ਦੁਆਰੇ ਬਦਲਦੇ, ਨਹੀਂ ਇੱਕੋ ਹੀ ਦਰ ਜੋ ਛਾਂਟਦੇ॥
ਹਨ ਜੀਵਨ ਅਜਾਈ ਕਰ ਲੈਂਦੇ, ਦਰ ਦਰ ਜੋ ਰਹਿੰਦੇ ਭਟੱਕਦੇ,
ਨਹੀਂ ਮੰਜਲਾਂ ਤੇ ਪੁੱਜਦੇ, ਅਧਵਾਟੇ ਰਹਿੰਦੇ ਵਾਟਦੇ॥

ਨਹੀਂ ਏਧਰ ਓਧਰ ਜੋ ਝਾਕਦੇ, ਬੱਸ ਮੰਜ਼ਿਲ ਵੱਲ ਹੀ ਵੇਖਦੇ॥
ਹੋ ਜਾਂਦੇ ਮਗਨ ਵਿੱਚ ਲਗਣਦੇ, ਆਪਣੀ ਕਰਨੀ ਨੂੰ ਹੀ ਪ੍ਰੇਖ਼ਦੇ॥
ਮਨ ਅੰਦਰ ਝਾਤੀਆਂ ਮਾਰਦੇ, ਰਹਿਣ ਆਪਣਾਂ ਆਪਾ ਸਵਾਰਦੇ,
ਕਾਮਯਾਬੀ ਉਹਨਾਂ ਦੇ ਕਦਮ ਤੇ, ਨੇੜੇ ਨਹੀਂ ਜਾਂਦੇ ਭੇਖਦੇ॥

ਜੋ ਰਹਿੰਦੇ ਦਰ ਖੜਕਾਂਵਦੇ, ਮੁੜ ਮੁੜ ਅਵਾਜੇ ਮਾਰਦੇ,
ਰਹਿਣ ਤਰਲੇ ਹਾੜੇ ਕੱਢਦੇ, ਹੈਕੜ ਨਹੀਂ ਅੰਦਰ ਧਾਰਦੇ॥
ਹੋ ਜਾਂਦੇ ਪੱਕੇ ਢੀਠ ਹੀ, ਬਣ ਜਾਂਦੇ ਮੰਗਤੇ ਨੀਚ ਹੀ,
ਹਨ ਪਾ ਲੈਂਦੇ ਆਖਰ ਖੈਰ ਉਹ, ਮਾਲਕ ਦੇ ਦਿਲ ਨੂੰ ਠਾਰਦੇ॥

ਨਹੀਂ ਦੁਬਿਧਾ ਵਿੱਚ ਜੋ ਵਿਚਰਦੇ, ਨਹੀਂ ਪੈਂਦੇ ਵਿਚ ਤਕਰਾਰ ਦੇ॥
ਇੱਕ ਪਾਸੜ ਹੋ ਜੋ ਨਿਬੜਦੇ, ਨਹੀਂ ਡੁੱਬਦੇ ਵਿੱਚ ਮੰਝਧਾਰਦੇ॥
ਦ੍ਰਿੜ ਨਿਸਚਾ ਜਿਹੜੇ ਧਾਰਦੇ, ਮੰਤਵ ਨੂੰ ਨਹੀਂ ਵਿਸਾਰਦੇ;
ਉਹ ਜੀਵਨ ਬਾਜੀ ਜਿੱਤਦੇ, ਪਾਤਰ ਬਣਦੇ ਸਤਕਾਰਦੇ॥

ਨਹੀਂ ਭੇਖ ਦਿਖਾਵੇ ਜੋ ਧਾਰਦੇ, 'ਅਰਸ਼ੀ' ਜੋ ਆਪਾ ਸਵਾਰਦੇ॥
ਨਹੀਂ ਤੇਰਾਂ ਮੇਰਾਂ ਭਾਲਦੇ, ਬਣ ਜਾਂਦੇ ਬੰਦੇ ਕਰਤਾਰ ਦੇ॥
ਮਖਮੂਰੇ ਰਹਿਣ ਸਰੂਰ ਵਿੱਚ, ਆਤਮ ਅਨੰਦ ਹਨ ਮਾਣਦੇ;
ਜੀਵਨ ਦੇ ਹਰ ਪਲ ਘੜੀ ਨੂੰ, ਰੱਬੀ ਯਾਦਾਂ ਵਿੱਚ ਗੁਜਾਰਦੇ॥

**''ਭਰਮਤ ਫਿਰੇ ਤਿਨ ਕਿਛੂ ਨ ਪਾਇਆ॥**
**ਸੇ ਅਸਥਿਰ ਜਿਨ ਗੁਰ ਸ਼ਬਦ ਕਮਾਇਆ॥**
**ਜਨ ਨਾਨਕ ਕਉ ਹਰਿ ਦਰਸੁ ਦਿਖਾਇਆ॥**
**ਆਤਮ ਚੀਨਿ ਪਰਮ ਸੁੱਖ ਪਾਇਆ॥''**
**(ਅੰਗ 375 ਗੁ: ਗ੍ਰੰ: ਸਾ:)**

* * *

## ਸਿੱਖੀ ਦਾ ਜਜਬਾ ਜਲਾਲ (ਗਜ਼ਲ)

ਪਿਆ ਗੁੰਮ ਹੋਂਦਾ ਜਾਪਦਾ, ਹੈ ਸਿੱਖੀ ਦਾ ਜਜਬਾ ਜਲਾਲ॥
ਹੈ ਰੋਲ ਦਿੱਤਾ ਲੱਗਦਾ, ਸਿੱਖੀ ਦਾ ਜਲਵਾ ਜਮਾਲ॥

ਨਹੀਂ ਸਾਂਭ ਕੇ ਰੱਖ ਸਕਿਆ, ਇਸ ਮਿਲੀ ਅਦੁਤੀ ਦਾਤ ਨੂੰ;
ਫਿਰ ਨਾਲੀ ਦੇ ਵਿੱਚ ਗਿਰ ਗਿਆ, ਫਿਰ ਬਣਦਾ ਜਾਂਦਾ ਹੈ ਕਰਾਲ॥

ਸਤਿਗੁਰ ਸੀ ਧੋਤਾ ਸਵਾਰਿਆ, ਹੈ ਫੇਰ ਜਾਂਦਾ ਲਿਬੜਦਾ;
ਮੁੜ ਮੁੜਕੇ ਕਿਹੜਾ ਧੋਏਗਾ, ਕੌਣ ਕਰੇਗਾ ਮੁੜ ਮੁੜ ਸੰਭਾਲ॥

ਹੈ ਵਿਰਸਾ ਹੀ ਜਾਂਦਾ ਭੁੱਲਦਾ, ਗਿਆ ਭੁੱਲ ਹੈ ਪਰਉਪਕਾਰ ਵੀ;
ਕਿਸੇ ਚੰਦਰੇ ਅੱਡੇ ਚੜ ਗਿਆ, ਹੈ ਮਿਲ ਗਿਆ ਕਿਹੜਾ ਦਲਾਲ॥

ਦਿੱਖ ਚਿਹਰਾ ਹੀ ਹੈ ਵਿਗਾੜਿਆ, ਹੋਰਾਂ ਹੀ ਵਰਗਾ ਹੋ ਗਿਆ;
ਹੋਰਾਂ ਦੀਆਂ ਰੀਸਾਂ ਕਰ ਰਿਹਾ, ਛੱਡ ਦਿੱਤਾ ਆਪਣਾਂ ਮਲਾਲ॥

ਨਹੀਂ ਬਾਪੂ ਵਰਗਾ ਲੱਗਦਾ, ਸ਼ੰਕਾ ਹੈ ਵੱਧਦਾ ਜਾ ਰਿਹਾ;
ਹੈ ਪੈਦਾ ਹੋਂਦਾ ਜਾ ਰਿਹਾ, ਨਵਾਂ ਹੀ ਸ਼ੰਕਾ ਸਵਾਲ॥

ਰੰਗ ਰੂਪ ਵਟਾਕੇ ਆਪਣਾਂ, ਆਪਣੀ ਪਛਾਣ ਗਵਾ ਲਈ;
ਹੁਣ ਦੂਰੋਂ ਪਤਾ ਨਹੀਂ ਚੱਲਦਾ, ਕੌਣ ਜਾ ਰਿਹਾ ਕਿਹੜਾ ਕਲਾਲ॥

ਲਾਹਕੇ ਦਸਤਾਰ ਆਪ ਹੀ, ਸਰਦਾਰੀ ਰੁਤਬਾ ਗਵਾ ਲਿਆ;
ਭਈਆ ਜੀ ਬਣ ਗਏ ਆਪ ਹੀ, ਆਪੇ ਹੀ ਬਣ ਗਏ ਕਵਾਲ॥

ਸਿੱਖੀ ਦੀ ਆਪਣੀ ਸ਼ਾਨ ਹੈ, ਸਿੱਖੀ ਦਾ ਆਪਣਾ ਰੋਅਬ ਹੈ;
ਸਿੱਖੀ ਹੈ ਰਹਿਮਤ ਰਹਿਬਰੀ, ਹੈ ਸਿੱਖੀ ਦਾ ਆਪਣਾਂ ਕਮਾਲ॥

'ਅਰਸ਼ੀ' ਅਜੇ ਵੀ ਹੋਸ਼ ਕਰ, ਘਰ ਆਪਣਾਂ ਹੋਂਦਾ ਆਪਣਾਂ;
ਦੂਜਿਆਂ ਦੇ ਦਰ ਤੇ ਭਟੱਕਣਾਂ, ਹੈ ਬਣ ਜਾਂਦਾ ਜੀਣਾਂ ਮੁਹਾਲ॥

* * *

## ਓ ਸਿੱਖੀ ਦਿਆ ਵਾਰਸਾ

ਪਿਆ ਸਿੱਖਦਾ ਨਹੀਂ ਫਿਰ ਸਿੱਖ ਹੈਂ ਕਾਹਦਾ,
ਸਿੱਖ ਅਖਵਾਣ ਦਾ ਹੱਕਦਾਰ ਨਹੀਂ॥
ਹੈ ਸਿੱਖ ਤਾਂ ਹੋਂਦਾ ਹੀ, ਸਿੱਖਣ ਵਾਲਾ,
ਜੇ ਸਿੱਖਦਾ ਨਹੀਂ, ਤਾਂ ਸਮਝਦਾਰ ਨਹੀਂ॥
ਜੇ ਗੁਰੂ ਦੀ ਗਲ ਨੂੰ ਹੀ ਨਹੀਂ ਮੰਨਦਾ,
ਫਿਰ ਤੂੰ ਗੁਰੂ ਦਾ ਵਫਾਦਾਰ ਨਹੀਂ॥
ਜੇ ਸਾਬਤ ਸੂਰਤ ਹੀ ਨਹੀਂ ਰਖੀ,
ਫਿਰ ਕਹੇਗਾ ਤੈਨੂੰ ਕੋਈ ਸਰਦਾਰ ਨਹੀਂ॥

ਪਹਿਲਾਂ ਜੇਕਰ ਬਾਹਰ ਮੁਖੀ ਸੀ,
ਹੁਣ ਵੀ ਜੇਕਰ ਬਾਹਰ ਮੁਖੀ ਹੈਂ;
ਜੇ ਆਪਣੇ ਅੰਦਰ ਨਹੀਂ ਝਾਕਦਾ,
ਫਿਰ ਸਿੱਖੀ ਵੇਸ ਦਾ ਲਾਭ ਹੈ ਕੀ॥
ਬਣਿਆਂ ਰਹਿਕੇ ਹੋਰਾਂ ਵਰਗਾ,
ਹੋਰਾਂ ਵਰਗੀਆਂ ਕਰਨੈ ਰੀਸਾਂ;
ਜੇ ਜੀਵਨ ਸ਼ੈਲੀ ਬਦਲੀ ਹੀ ਨਹੀਂ,
ਇਸ ਰੂਪ ਦਾ ਫਿਰ ਸੁਆਬ ਹੈ ਕੀ॥

ਜੇ ਜਾਤਾਂ ਗੋਤਾਂ ਨੂੰ ਨਹੀਂ ਛੱਡਦਾ,
ਹੈਂ ਵਹਿਮਾਂ ਭਰਮਾਂ ਵਿੱਚ ਲਿਬੜਿਆ;
ਜੇ ਦਸਾਂ ਨਹਵਾਂ ਦੀ ਕਿਰਤ ਨਹੀਂ ਕਰਦਾ,
ਫਿਰ ਸਿੱਖੀ ਤਾਂ ਧਾਰੀ ਹੀ ਨਹੀਂ॥
ਜੇ ਕਹਿਣੀ ਕਰਨੀ ਇੱਕ ਨਹੀਂ ਕੀਤੀ,
ਰਹਿਣੀ ਬਹਿਣੀ ਇੱਕ ਨਹੀਂ ਜੇ;
ਬਿਪਰਾਂ ਵਾਲੀਆਂ ਓਹੀ ਗਲਾਂ,
ਜਿੰਦਗੀ ਫੇਰ ਸਵਾਰੀ ਹੀ ਨਹੀਂ॥

ਜੇ ਨਹੀਂ ਸਿੱਖੀ ਦੇ ਗੁਣ ਅਪਣਾਏ,
ਨਹੀਂ ਸਿੱਖਾਂ ਵਾਲੇਕਰਮ ਕਮਾਏ;
ਬਣ ਗਿਆ ਕੇਵਲ ਰੂਪ ਧਾਰੀਆ,
ਫਿਰ ਕਿਹੜੇ ਮੂੰਹ ਨਾਲ ਸਿੱਖ ਅਖਵਾਨੈ ॥
ਸਿੱਖੀ ਤਾਂ ਕਿਰਦਾਰ ਵਿੱਚ ਹੈ,
ਸਿੱਖੀ ਪਰਉਪਕਾਰ ਵਿੱਚ ਹੈ;
ਤੂੰ ਪਿਆ ਕਿਹੜੇ ਕਰਨੈ ਕਾਰੇ,
ਫਿਰ ਕਿਹੜੇ ਮੂੰਹ ਪਿਆ ਸਿੱਖ ਅਖਵਾਨੈ ॥

ਨਾਂ ਬਾਣੀ ਨਾਂ ਬਾਣਾਂ ਧਾਰਿਆ,
ਖਾਣ-ਪੀਣ ਵੀ ਨਹੀਂ ਸਵਾਰਿਆ;
ਆਪਣੀ ਮਨਮੱਤ ਛੱਡੀ ਹੀ ਨਹੀਂ,
ਪਿਆ ਫੇਰ ਵੀ ਆਖੇਂ ਮੈਂ ਸਿੱਖ ਹਾਂ ॥
ਵੱਖਰੇ ਧੜੇ ਬਣਾਈ ਜਾਵੇਂ,
ਨਿਤ ਨਵੇਂ ਪਵਾੜੇ ਪਾਈ ਜਾਵੇਂ;
ਕਰ ਖੁਦਗਰਜੀਆਂ ਮੌਕਾ ਪ੍ਰਸਤੀਆਂ,
ਪਿਆ ਫਿਰ ਵੀ ਆਖੇਂ ਮੈ ਸਿੱਖ ਹਾਂ ॥

ਹੈ ਧਰਮ ਨੂੰ ਧੰਦਾ ਇੱਕ ਬਣਾ ਲਿਆ,
ਉੱਤੇ ਧਰਮ ਦਾ ਲੇਬਲ ਲਾ ਲਿਆ;
ਬਦਨੀਤੀਆ ਰਾਜਨੀਤੀਆਂ,
ਪਿਆ ਕਮਾਵੇਂ ਰਤਾ ਨਹੀਂ ਡਰਦਾ ॥
ਪਰ ਅੰਤਰਜਾਮੀ ਗੁਰੂ ਸਭ ਜਾਣਦਾ,
ਹਰ ਹਿਰਦੇ ਦੀ ਨਬਜ਼ ਪਛਾਣਦਾ;
ਉਸਤੋਂ ਕੁੱਝ ਨਹੀਂ ਛੁੱਪਿਆ ਰਹਿੰਦਾ,
ਕੋਈ ਜੈਸਾ ਕਰਦਾ ਹੈ ਵੈਸਾ ਭਰਦਾ ॥

ਹੈ ਸਿੱਖੀ ਵਿੱਚ ਤਾਂ ਸਾਂਝੀਵਾਲਤਾ,
ਹੈ ਸਿੱਖੀ ਵਿੱਚ ਤਾਂ ਇਕਸਾਰਤਾ;
ਕੋਈ ਛੋਟਾ ਵੱਡਾ ਨਹੀਂ ਸਿੱਖੀ ਵਿੱਚ,
ਹਨ ਸਿੱਖੀ ਵਿੱਚ ਸਾਰੇ ਹੀ ਭਾਈ॥
ਕੋਈ ਨਵਾਂ ਪੁਰਾਣਾਂ ਨਹੀਂ ਸਿੱਖੀ ਵਿੱਚ,
ਕੋਈ ਦੋਗਲਾ ਲਾਣਾਂ ਨਹੀਂ ਸਿੱਖੀ ਵਿੱਚ;
ਸਾਰੀ ਸਿੱਖੀ ਹੈ ਇੱਕੋ ਹੀ,
ਹਨ ਸਾਰੇ ਇੱਕੋ ਰਾਹ ਦੇ ਰਾਹੀ॥

ਹੈ ਗੁਰਾਂ ਦੀ ਬਾਣੀ ਨਿਤ ਸਮਝਾਂਦੀ,
ਸਵੈ ਪੜਚੋਲ ਦਾ ਪਾਠ ਪੜਾਂਦੀ;
'ਬੰਦੇ ਖੋਜ ਦਿਲ ਹਰ ਰੋਜ',
ਜੀਵਨ ਨਿਰਮਲ ਪਾਵਨ ਕਰਲੈ॥
ਹੁਣੇ ਹੀ ਆਪਣਾਂ ਆਪ ਸਵਾਰ ਲੈ,
ਜੀਵਨ ਆਪਣਾਂ ਆਪ ਸੁਧਾਰ ਲੈ;
ਏਥੇ ਸਦਾ ਨਹੀਂ ਬੈਠੇ ਰਹਿਣਾਂ,
ਗੁਰਸਿੱਖ ਬਣਕੇ ਭਵਜਲ ਤਰਲੈ॥

ਇਹ ਮਾਨਵ ਜੀਵਨ ਮੁੜ ਨਹੀਂ ਮਿਲਣਾਂ,
ਜੇ ਸੁੱਕ ਗਿਆ ਫੁੱਲ ਫਿਰ ਨਹੀਂ ਖਿਲਣਾਂ;
ਹੈ ਚਾਰ ਦਿਨਾਂ ਦੀ ਇਹ ਚਾਂਦਨੀ,
ਫੇਰ ਹਨੇਰੀ ਰਾਤ ਹੈ ਆਣੀ॥
ਰਾਹ ਰੂਹਾਨੀ 'ਅਰਸ਼ੀ' ਫੜਕੇ,
ਮਨ ਵਿੱਚ ਆਤਮ ਚਿੰਤਨ ਭਰਕੇ;
ਜੀਵਨ ਪਦਵੀ ਪਾਣ ਦੀ ਖਾਤਰ,
ਨਾਲ ਭਾਵਨਾਂ ਪੜ੍ਹ ਗੁਰਬਾਣੀ॥

* * *

## ਪੱਕਾ ਸਾਥੀ ਸੱਚਾ ਸੱਜਣ

ਹੁਣ ਨਹੀਂ ਲਾਵਾਰਸ, ਗੁਰੂ ਹੈ ਵਾਰਸ, ਜਿਸਦਾ ਪਟਾ ਹੈ ਗਲ ਵਿੱਚ ਪਾ ਲਿਆ॥
ਹੁਣ ਸਾਡਾ ਵੀ ਕੋਈ ਸਾਂਈ ਖਸਮ ਹੈ, ਜਿਸਨੇ ਚਰਨਾਂ ਵਿੱਚ ਬਿਠਾ ਲਿਆ॥
ਛੱਡ ਹਨ ਦਿੱਤੇ ਸੱਜਣ ਕੱਚੇ, ਪੱਕਾ ਸੱਜਣ ਹੈ ਗੁਰੂ ਬਣਾ ਲਿਆ॥
ਹਾਂ ਅਸੀਂ ਵੀ ਬਣ ਗਏ ਖਸਮਾਂ ਵਾਲੇ, ਹੈ ਮਾਲਕ ਨੇ ਸਾਨੂੰ ਆਪਣਾ ਲਿਆ॥

ਹੈ ਮਾਲਕ ਦੀ ਰਜ਼ਾ 'ਚ ਰਹਿਣਾਂ, ਅਸਾਂ ਹੈ ਅਪਣਾਂ ਕਰਮ ਬਣਾ ਲਿਆ॥
ਉਸਦੀ ਮਰਜੀ ਤੇ ਹੀ ਚੱਲਣਾਂ, ਹੁਣ ਏਹੀ ਹੈ ਧਰਮ ਬਣਾ ਲਿਆ॥
ਆਪਣੀ ਮਰਜੀ ਮਾਰ ਹੈ ਦਿੱਤੀ, ਹੁਣ ਆਪਣੀ ਵੱਖਰੀ ਹੋਂਦ ਕੋਈ ਨਹੀਂ;
ਹੁਣ ਗੁਰੂ ਹੀ ਸੰਗ ਸਦਾ ਹੈ ਨਾਲੇ, ਅਸੀਂ ਮਹਿਰਮ ਆਪਣਾਂ ਗੁਰੂ ਬਣਾ ਲਿਆ॥

ਹੈ ਮਿਹਰ ਗੁਰਾਂ ਦੀ ਜਦ ਤੋਂ ਹੋ ਗਈ, ਹਨ ਹੋ ਗਏ ਸਭ ਹਾਲਾਤ ਸੁਖਾਵੇਂ॥
ਨਜ਼ਰ ਸਵੱਲੀ ਜਦ ਤੋਂ ਹੋਈ, ਹਾਂ ਟਹਿਕ ਮਹਿਕ ਗਏ ਟਾਂਵੇਂ ਟਾਂਵੇਂ॥
ਹੈ ਕੋਈ ਮਸਤ ਖੁਮਾਰੀ ਚੜ ਗਈ, ਹਨ ਚਾਅ ਤੇ ਖੇੜੇ ਚਾਰ ਚੁਫੇਰੇ;
ਹੁਣ ਗੁਰ ਚਰਨਾਂ ਵਿੱਚ ਜੁੜਿਆ ਰਹਿਣਾਂ, ਹਨ ਆਸ ਉਮੀਦਾਂ ਬਣੀਆਂ ਭਾਵੇਂ॥

ਪਰਵਿਰਤੀ ਤੋਂ ਖਹਿੜਾ ਛੁੱਟਿਆ, ਨਿਰਵਿਰਤੀ ਨੇ ਚਰਨੀ ਲਾਇਆ॥
ਗੁਰਸਿੱਖੀ ਜੀਵਨ ਗੁਰਾਂ ਬਖਸ਼ਿਆ, ਕਲਪ ਹੀ ਦਿੱਤੀ ਲੱਗਦੀ ਕਾਇਆ॥
ਲੱਗਦਾ ਜਿਵੇਂ ਬੈਕੁੰਠ ਮਿਲ ਗਿਆ, ਗੁਰ ਚਰਨਾਂ ਵਿੱਚ ਬੈਠ ਬੈਠਕੇ;
'ਅਰਸ਼ੀ' ਜੀਵਨ ਸਫਲ ਹੋ ਗਿਆ, ਅਧਿਆਤਮ ਰਾਹ ਰੂਹਾਨੀ ਪਾਇਆ॥

ਗੁਜ਼ਰ ਰਿਹਾ ਹੈ ਜੀਵਨ ਮੌਜ ਵਿੱਚ, ਰੱਬੀ ਸੁੱਖ ਸ਼ਾਂਤੀਆਂ ਅੰਦਰ॥
ਪੜ੍ਹਦਾ ਰਹਿੰਦਾ ਹਾਂ ਗੁਰਬਾਣੀ, ਹੁਣ ਨਿਰਮਲ ਹੋ ਗਿਆ ਹੈ ਮਨ ਮੰਦਰ॥
ਹੁਣ ਕੋਈ ਝੋਰਾ ਫਿਕਰ ਨਹੀਂ ਭੋਰਾ, ਰਹਿਮਤ ਗੁਰਾਂ ਦੀ ਹੋ ਗਈ ਪੂਰੀ;
ਸ਼ੁਕਰ ਸ਼ੁਕਰ ਹਾਂ ਕਰਦਾ ਰਹਿੰਦਾ, ਹੁਣ ਬਣਕੇ ਪੂਰਾ ਮਸਤ ਕਲੰਦਰ॥

ਕੋਈ ਚੰਗੇ ਕਰਮ ਸੀ ਕੀਤੇ ਪਿਛਲੇ, ਹੈ ਸਵਰਗ ਜਿਹਾ ਸੰਸਾਰ ਮਿਲ ਗਿਆ॥
ਨੂੰਹਾਂ, ਧੀਆਂ, ਪੁੱਤਰ, ਪੋਤੇ, ਸਭ ਆਗਿਆਕਾਰ ਪਰਵਾਰ ਮਿਲ ਗਿਆ॥
ਮੂੰਹ ’ਚੋਂ ਆਪੇ ਨਿਕਲਣ ਅਸੀਸਾਂ, ਸੁਖੀ ਇਨ੍ਹਾਂ ਨੂੰ ਰੱਖੀ ਮਾਲਕਾ;
ਵੱਧਦੇ ਫੁਲਦੇ ਰਹਿਣ ਹਮੇਸ਼ਾ, ਹੈ ਪੂਰਾ ਪਿਆਰ ਸਤਕਾਰ ਮਿਲ ਗਿਆ॥

ਲੋਕ ਪਰਲੋਕ ਸਵਾਰਨ ਦੇ ਲਈ, ਹਾਂ ਰਹਿੰਦਾ ਨਿਤ ਤਿਆਰੀਆਂ ਕਰਦਾ॥
ਜਨਮ ਸੁਹੇਲਾ ਕਰਨ ਦੀ ਖਾਤਰ, ਹਰ ਵੇਲੇ ਰਹਿੰਦਾ ਧਿਆਨ ਹਾਂ ਧਰਦਾ॥
ਵਰਤਮਾਨ ਨੂੰ ਵਰਤ ਰਿਹਾ ਹਾਂ, ਸਿਮਰਨ ਵਿੱਚ ਰਹਿੰਦਾ ਹਾਂ ਜੁੜਿਆ॥
‘ਅਰਸ਼ੀ’ ਨਹੀਂ ਕੋਈ ਹੋਰ ਰੁਝੇਵਾਂ, ਹਾਂ ਸਿਜਦੇ ਵਿੱਚ ਹੀ ਰਹਿੰਦਾ ਉੜਿਆ॥

ਗੁਰ ਆਪਣੀ ਕਿਰਪਾ ਧਾਰ, ਹੈ ਆਪੇ ਹੀ ਬਖਸ਼ ਲਿਆ॥
ਸਿਰ ਰੱਖ ਮਿਹਰਾਂ ਦਾ ਹੱਥ, ਆਪੇ ਹੀ ਤਰਸ ਪਿਆ॥
ਸੱਚਾ ਸੱਜਣ ਸਾਕ, ਆਪੇ ਗੁਰ ਬਣ ਗਿਆ;
‘ਅਰਸ਼ੀ’ ਮਿਲ ਗਿਆ ਪੱਕਾ ਸਾਥ, ਸਾਥੀ ਗੁਰ ਮਿਲ ਗਿਆ॥

* * *

## ਰੂ ਬਰੂ-ਆਹਮਣੇ-ਸਾਹਮਣੇ (ਸੂਫੀ ਗੀਤ)

ਪਿਆ ਸ਼ੁਕਰ ਸ਼ੁਕਰ ਹੈ ਲੂੰ ਲੂੰ ਕਰਦਾ, ਰੱਬੀ ਰਹਿਮਤਾਂ ਬਰਸੀਆਂ॥
ਤਨ ਮਨ ਦੀਆਂ ਮਿਲੀਆਂ ਤੰਦਰੁਸਤੀਆਂ, ਸੁੱਖ ਸ਼ਾਂਤੀਆਂ ਵੱਸੀਆਂ॥

ਸੁੱਖ ਸੁਰਗਾਂ ਦੇ ਬਖਸ਼ੇ ਸਾਰੇ, ਕੋਈ ਊਣ ਕਮੀ ਨਹੀਂ ਛੱਡੀ॥
ਸ਼ੁਕਰ ਕਰਨ ਲਈ ਸ਼ਬਦ ਨਹੀਂ ਲੱਭਦੇ, ਹੈ 'ਅਰਸ਼ੀ' ਅਦਬ ਦੀ ਝੋਲੀ ਅੱਡੀ॥

ਦਿਲ ਵਿੱਚ ਖੁਸ਼ੀਆਂ ਚਾਅ ਭਰੇ ਨੇ, ਤੇਰੀ ਨਜ਼ਰ ਸਵੱਲੀ ਹੋਈ॥
ਨਦਰੋਨਦਰ ਨਿਹਾਲ ਚਾ ਕੀਤਾ, ਸਮਝਾਂ ਮਿਲ ਗਈ ਢੋਈ॥

ਹੋ ਸਮਰਪਣ ਹੈ ਕੀਤਾ ਅਰਪਣ, ਹੁਣ ਤਨ ਮਨ ਧਨ ਸਭ ਕੁੱਝ ਹੀ ਤੇਰਾ॥
ਤੇਰੀਆਂ ਯਾਦਾਂ ਵਿੱਚ ਜੁੜਿਆ ਰਹਾਂ, ਸਵਰ ਜਾਏ ਮੇਰਾ ਸਾਂਝ ਸਵੇਰਾ॥

ਬਣੇ ਰਹਿਣ ਹਾਲਾਤ ਸੁਖਾਵੇਂ, ਭਾਣਾਂ ਤੇਰਾ ਲਗੇ ਸੁਹਾਣਾਂ॥
ਗੁਜਰੇ ਜੀਵਨ ਰਜਾ ਤੇਰੀ ਵਿੱਚ, ਰਹਾਂ ਬਣਿਆ ਮੈਂ ਨਿਮਰ ਨਿਮਾਣਾਂ॥

ਮੇਰਾ ਹਉਮੈ ਹੰਕਾਰ ਨਾ ਉੱਛਲੇ, ਮਦ ਮਾਇਆ ਦੀ ਜੜ ਸੁੱਕ ਜਾਏ॥
ਕੋਈ ਲੋਭ ਲਾਲਸਾ ਸਿਰ ਨਾਂ ਚੁੱਕੇ, ਇਹ ਤ੍ਰਿਸਨਾਂ ਵੀ ਹੁਣ ਮਰ ਮੁੱਕ ਜਾਏ॥

ਛੁੱਟ ਜਾਏ ਖਹਿੜਾ ਪਰਵਿਰਤੀ ਤੋਂ, ਨਿਰਵਿਰਤੀ ਚਰਨੀ ਲੱਗਿਆ ਰਹਾਂ॥
ਬਿਰਤੀ ਵਿੱਚ ਵੱਸ ਜਾਏ ਪਰਕਿਰਤੀ, ਸੁਕ੍ਰਿਤ ਕਰਨੀ ਲੱਗਿਆ ਰਹਾਂ॥

ਲੋਕ ਪਰਲੋਕ ਹੋ ਜਾਣ ਸੁਹੇਲੇ, ਘਰ ਹੀ ਬਣ ਜਾਏ ਮੇਰਾ ਤਪੋਬਣ॥
ਬੰਦਗੀ ਹੀ ਬਣ ਜਾਏ ਜਿੰਦਗੀ, ਵੱਸ ਵਿੱਚ ਆ ਜਾਏ ਚੰਚਲ ਮਨ॥

ਮੈਂ ਨਹੀਂ ਭੋਗਣੀ ਨਿਰੀ ਜਿੰਦਗੀ, ਮੈਂ ਤਾਂ ਇਸਨੂੰ ਮਾਨਣਾਂ ਚਾਹੁੰਣਾਂ॥
ਘੜਨਾਂ ਚਾਹੁੰਦਾ ਹਾਂ ਜਿੰਦਗੀ ਨੂੰ, ਮੈਂ ਆਪਣਾ ਮੂਲ ਪਛਾਨਣਾਂ ਚਹੁੰਣਾਂ॥

**''ਜਾਕਉ ਭਏ ਕਿਰਪਾਲ ਪ੍ਰਭ ਹਰਿ ਹਰਿ ਸੇਈ ਜਾਪਾਤ॥**
**ਨਾਨਕ ਪ੍ਰੀਤਿ ਲਗੀ ਤਿਨ ਰਾਮ ਸਿਉ ਭੇਟਤ ਸਾਧ ਸੰਗਾਤ॥''**

ਫੁੱਲਾਂ ਵਰਗਾ ਬਣ ਜਾਏ ਜੀਵਨ, ਮੈਂ ਕਿਸੇ ਨੂੰ ਬੋਝ ਨਾਂ ਲੱਗਾਂ॥
ਖੁਦ ਮਹਿਕਾਂ ਵੰਡਾ ਖੁਸ਼ਬੋਈਆਂ, ਕਿਸੇ ਨੂੰ ਕੱਚਰਾ ਕੋਝ ਨਾਂ ਲੱਗਾਂ॥

ਤੇਰੀ ਨਜ਼ਰ ਸਵੱਲੀ ਬਿਨਾਂ ਤਾਂ, ਨਹੀਂ ਕੋਈ ਪੱਤਾ ਵੀ ਹਿਲ ਸਕਦਾ॥
ਤੇਰੀ ਰਹਿਮਤ ਬਖਸ਼ਿਸ਼ ਬਿਨਾਂ, ਨਹੀਂ 'ਅਰਸ਼ੀ' ਕੋਈ ਫੁਲ ਵੀ ਖਿਲ ਸਕਦਾ॥

**''ਜਿਸਨੋ ਤੂੰ ਪ੍ਰਭ ਵਲਿ, ਤਿਸੁ ਕਿਆ ਮੁਹਛੰਦਗੀ॥**
**ਜਿਸਨੋ ਤੇਰੀ ਮਿਹਰ, ਸੁ ਤੇਰੀ ਬੰਦਗੀ॥''**

* * *

## ਅਨੁਭਵ ਪ੍ਰਕਾਸ਼

ਹੈ ਅਨੁਭਵ ਤੇ ਅਹਿਸਾਸ ਹੋ ਗਿਆ॥ ਪੂਰਾ ਹੈ ਵਿਸ਼ਵਾਸ਼ ਹੋ ਗਿਆ॥
**'ਗੁਰੂ ਮੇਰੇ ਸੰਗਿ ਸਦਾ ਹੈ ਨਾਲੇ॥ ਸਿਮਰਿ ਸਿਮਰਿ ਤਿਸੁ ਸਦਾ ਸਮਾਲੇ॥'**

ਸਤਿਗੁਰ ਦਾਤਾ ਸਦਾ ਅੰਗ ਸੰਗ ਹੈ॥ ਸਤਿਗੁਰ ਰਾਖਾ ਤੇ ਬਖਸ਼ਿੰਦ ਹੈ॥
ਸਤਿਗੁਰ ਬਾਝੋਂ ਹੋਰ ਨਹੀਂ ਕੋਈ॥ ਸਤਿਗੁਰ ਬਿਨਾਂ ਕਿਤੇ ਨਹੀਂ ਢੋਈ॥

ਨਹੀਂ ਸਤਿਗੁਰ ਬਿਨਾਂ ਕੋਈ ਭਵਜਲ ਤਰਿਆ॥
ਨਹੀਂ ਸਤਿਗੁਰ ਬਿਨਾਂ ਕੋਈ ਪਾਰ ਉਤਰਿਆ॥

ਹੈ ਸਤਿਗੁਰ ਹੋਂਦਾ ਗਿਆਨ ਦਾ ਦਾਤਾ॥
ਗੁਰ ਸਤਿਗੁਰ ਵਰਗਾ ਕੋਈ ਨਹੀਂ ਗਿਆਤਾ॥

**''ਸਤਿਗੁਰ ਮੇਰੇ ਕੀ ਵਡਿਆਈ॥ ਪ੍ਰਗਟ ਭਈ ਹੈ ਸਭਨੀ ਥਾਂਈ॥**
**ਗੁਰ ਜੈਸਾ ਨਾਹੀ ਕੋ ਦੇਵ॥ ਜਿਸੁ ਮਸਤਕਿ ਭਾਗ ਸੋ ਲਾਗਾ ਸੇਵ॥''**

ਸਤਿਗੁਰ ਜੇਹਾ ਹੋਰ ਨਹੀਂ ਕੋਈ, ਹੈ ਹੁਣ ਨਿਸਚਾ ਹੋ ਗਿਆ॥
ਸਤਿਗੁਰ ਵਰਗਾ ਕੋਈ ਦਾਤਾ ਨਹੀਂ, ਹੈ ਪੱਕਾ ਨਿਸ਼ਠਾ ਹੋ ਗਿਆ॥

**''ਏ ਮਨਾ ਮੇਰਿਆ! ਤੂੰ ਸਦਾ ਰਹੁ ਹਰਿ ਨਾਲੇ॥**
**ਹਰਿ ਨਾਲਿ ਰਹੁ ਤੂੰ ਮਨ ਮੇਰੇ, ਦੂਖ ਸਭਿ ਵਿਸਾਰਣਾ॥**
**ਅੰਗੀਕਾਰੁ ਉਹ ਕਰੇ ਤੇਰਾ, ਕਾਰਜ ਸਭਿ ਸਵਾਰਣਾਂ॥**
**ਸਭਨਾਂ ਗਲਾਂ ਸਮਰਥ ਸੁਆਮੀ, ਸੋ ਕਿਉਂ ਮਨਹੁ ਵਿਸਾਰੇ॥**
**ਕਹੈ ਨਾਨਕੁ ਮਨ ਮੇਰੇ, ਸਦਾ ਰਹੁ ਹਰਿ ਨਾਲੇ॥''**
**(ਅਨੰਦ ਸਾਹਿਬ)**

ਵੱਸ ਜਾਂਦਾ ਜਦ ਸਤਿਗੁਰ ਅੰਦਰ, ਫਿਰ ਮਾੜਾ ਫੁਰਨਾਂ ਆਉਂਦਾ ਹੀ ਨਹੀਂ॥
ਜਦ ਮਿਹਰਾਂ ਦਾ ਸਿਰ ਹੱਥ ਰੱਖ ਦੇਂਦਾ, ਫਿਰ ਦੁਖੜਾ ਕੋਈ ਸਤਾਉਂਦਾ ਹੀ ਨਹੀਂ॥

ਫਿਰ ਸਾਰੇ ਪਾਸੇ ਸੁਖ ਸ਼ਾਂਤੀਆਂ, ਚਾਰ ਚੁਫੇਰੇ ਖੁਸ਼ੀਆਂ ਖੇੜੇ॥
ਹਰ ਪਾਸੇ ਹੀ ਰੱਬੀ ਰਹਿਮਤਾਂ, ਹਰ ਪਾਸੇ ਹੀ ਨਵੇਂ ਸਵੇਰੇ॥

ਮੁੱਕ ਹੈ ਜਾਂਦੀ ਰਾਤ ਗਮਾਂ ਦੀ, ਸਭ ਵਿਸਰ ਜਾਂਦੀ ਤਾਤ ਪਰਾਈ॥
ਹਨ ਤੇਰਾਂ ਮੇਰਾਂ ਮੁੱਕ ਜਾਂਦੀਆਂ, ਫਿਰ ਖਲਕਤ ਵਿਚੋਂ ਦਿਸੇ ਖੁਦਾਈ॥

**''ਅੰਧਕਾਰ ਮਹਿ ਭਇਆ ਪ੍ਰਕਾਸ਼॥ ਭਰਮ ਭੁਲੇਖੇ ਹੋ ਗਏ ਨਾਸ॥**
**ਕਹੁ ਨਾਨਕ ਪ੍ਰਭਿ ਇਹੈ ਜਨਾਈ॥ ਬਿਨ ਗੁਰ ਮੁਕਤਿ ਨ ਪਾਈਐ ਭਾਈ॥''**

ਬਣਕੇ 'ਅਰਸ਼ੀ' ਨਿਮਰ ਨਿਮਾਣਾਂ, ਗੁਰਾਂ ਦੇ ਦਰ ਤੇ ਧੂਣੀ ਪਾ ਲੈ॥
ਕਰ ਮਨ ਤਨ ਅਰਪਨ ਹੋ ਸਮਰਪਣ, ਆਪਣੀ ਹਉਮੈ ਹੋਂਦ ਮਿਟਾ ਲੈ॥

* * *

## ਰਾਹ ਰੂਹਾਨੀ ਤੇ ਤੁਰਨ ਵਾਲੇ

ਉਹ ਅੱਠੇ ਪਹਿਰ ਸਕੂਨ 'ਚ ਰਹਿੰਦੇ, ਹਨ ਰਾਹ ਰੂਹਾਨੀ ਤੇ ਜੋ ਤੁਰਦੇ॥
ਸ਼ੁਕਰ ਸ਼ੁਕਰ ਹਨ ਕਰਦੇ ਰਹਿੰਦੇ, ਗੱਲ ਗੱਲ ਤੇ ਨਹੀਂ ਖਿੱਝਦੇ ਝੁਰਦੇ॥
ਰੱਬੀ ਰਹਿਮਤਾਂ ਰਹਿਣ ਮਾਣਦੇ, ਬੇਫਿਕਰੇ ਬਣ ਮਸਤ ਮਨੂਰੇ;
ਸਦਾ ਬਸੰਤ ਹੈ ਰੋਜ ਦੀਵਾਲੀ, ਨਹੀਂ 'ਅਰਸ਼ੀ' ਮਾੜੇ ਫੁਰਨੇ ਫੁਰਦੇ॥

ਹੋ ਰੱਬੀ ਰਹਿਮਤ ਜਿਨਾਂ ਤੇ ਜਾਂਦੀ, ਹਨ ਓਹੀ ਇਸ ਰਸਤੇ ਤੇ ਪੈਂਦੇ॥
ਪੂਰਬ ਕਰਮ ਜਿਨਾਂ ਦੇ ਜਾਗਦੇ, ਹਨ ਓਹੀ ਇਸ ਧਾਰਾ ਵਿੱਚ ਵਹਿੰਦੇ॥
ਲੱਗ ਹੈ ਜਾਂਦੀ ਲੱਗਣ ਜਦ ਕੋਈ, ਫਿਰ ਹੈ ਬਣਦੀ ਪ੍ਰੀਤ ਸਦੀਵੀ;
**'ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ'** ਹਨ ਏਹੀ ਤਾਂ ਕਲਗੀਧਰ ਕਹਿੰਦੇ॥

**''ਜਾ ਕਉ ਭਏ ਕ੍ਰਿਪਾਲ ਪ੍ਰਭ, ਹਰਿ ਹਰਿ ਸੇਈ ਜਪਾਤ॥**
**ਨਾਨਕ ਪ੍ਰੀਤਿ ਲਗੀ ਤਿਨ ਰਾਮ ਸਿਉ, ਭੇਟਤ ਸਾਧ ਸੰਗਾਤ॥**
**ਜਿਨ ਕਉ ਪ੍ਰੇਮ ਪਿਆਰ, ਤਉ ਆਪੇ ਲਾਇਆ ਕਰਮੁ ਕਰਿ॥**
**ਨਾਨਕ ਲੇਹੁ ਮਿਲਾਇ, ਮੈਂ ਜਾਚਿਕ ਦੀਜੈ ਨਾਮੁ ਹਰਿ॥''**

ਹੈ ਜਿਸ ਰਸਤੇ ਪਈ ਤੁਰਦੀ ਦੁਨੀਆਂ, ਉਹ ਰਸਤਾ ਹੈ ਦੁਨੀਆਂਦਾਰੀ॥
ਮੋਹ ਪਦਾਰਥਾਂ ਨਾਲ ਵਧਾ ਲਿਆ, ਬਣ ਗਏ ਕੇਵਲ ਮਾਇਆਧਾਰੀ॥
ਨਹੀਂ ਜਦ ਮਾਇਆ ਨਾਲ ਲਿਆਂਦੀ, ਨਾਂ ਹੀ ਨਾਲ ਹੈ ਜਾਣੀ;
ਫਿਰ ਜਿਹੜੀ ਵਸਤੂ ਨਾਲ ਜਾਣੀ ਹੈ, ਬਣੀਏ ਓਸੇ ਦੇ ਵਾਪਾਰੀ॥

ਰਾਹ ਰੂਹਾਨੀ ਹੈ ਰਾਹ ਰੱਬਦੀ, ਪਰ ਏਧਰ ਤੁਰਦੇ ਵਿਰਲੇ ਟਾਂਵੇ॥
ਹੈ ਇਹ ਰਸਤਾ ਅਸਲੋਂ ਸੁੰਨਾਂ, ਕੋਈ ਕਰਮਾਂਵਾਲਾ ਏਧਰ ਆਵੇ॥
ਨਹੀਂ ਹੋਂਦੀਆਂ ਏਧਰ ਭੀੜਾਂ, ਹੈ ਇਹ ਪਾਸਾ ਤਾਂ ਮਨ ਸਾਧਣ ਦਾ;
ਹੈ ਰਹਿਮਤ ਹੋਂਦੀ ਜਿਸਤੇ ਰੱਬਦੀ, ਓਹੀ ਇਹ ਰਸਤਾ ਅਪਨਾਵੇ॥

ਰਾਹ ਰੂਹਾਨੀ ਨਿਰਮਲ ਪੈਂਡਾ, ਹੈ ਸੁਰਤੀ ਨਾਲ ਪੁਗਾਈ ਦਾ॥
ਪਰਵਿਰਤੀ ਨੂੰ ਰੱਖਕੇ ਪਾਸੇ, ਨਿਰਵਿਰਤੀ ਵਿਚ ਸਮਾਈਦਾ॥
ਹੈ ਆਤਮ ਮੰਡਲ ਦਾ ਇਹ ਮੰਡਲ, ਨਹੀਂ ਦੁਨੀਆਂਦਾਰੀ ਦਾ ਕੋਈ ਵਾਸਤਾ;
ਆਤਮ ਪਰਮਾਤਮ ਵਿੱਚ ਮਿਲਣ ਲਈ, ਹੈ ਏਥੇ ਕੇਵਲ ਧਰਮ ਕਮਾਈਦਾ॥

ਹਨ ਜੋ ਤੁਰ ਪੈਂਦੇ ਇਸ ਰਸਤੇ ਤੇ, ਉਹ ਪਹਿਲੋਂ ਆਪਣਾਂ ਆਪਾ ਸੋਧਦੇ॥
ਹਨ ਆਪਣਾ ਜੀਵਨ ਨਿਰਮਲ ਕਰਦੇ, ਪਹਿਲਾਂ ਆਪਣਾਂ ਮਨ ਪ੍ਰਬੋਧਦੇ॥
ਮਨ ਦੀਆਂ ਖਾਹਿਸ਼ਾਂ ਇੱਛਾਂ ਮਾਰਕੇ, ਹਨ ਆਪ ਤ੍ਰਿਪਤਦੇ ਤੇ ਸੰਤੁਸ਼ਟਦੇ;
ਸਹਿਜ ਸੰਜਮ ਮਰਿਯਾਦਾ ਧਾਰਦੇ, ਪਏ ਗੱਲ ਗੱਲ ਤੇ ਨਹੀਂ ਕ੍ਰਿਝਦੇ ਕ੍ਰੋਧਦੇ॥

ਹੋਂਦੀਆਂ ਏਧਰ ਹਨ ਸੁੱਖ ਸ਼ਾਂਤੀਆਂ, ਕੋਈ ਦੁੱਖਾਂ ਕਲੇਸ਼ਾਂ ਦੀ ਨਹੀਂ ਥਾਂ॥
ਜੁੜ ਜਾਂਦੀ ਸੁਰਤੀ ਇੱਕੋ ਪਾਸੇ, ਦੁਚਿਤੀ ਦੀ ਵੀ ਨਹੀਂ ਕੋਈ ਛਾਂ॥
ਖੁਸ਼ੀਆਂ ਖੇੜੇ ਤੇ ਅਲਮਸਤੀਆਂ, ਅਰਸ਼ੋਂ ਬਰਸਨ ਰੱਬੀ ਮਿਹਰਾਂ;
ਹਨ ਬੇਗਮਪੁਰੇ ਦੀਆਂ ਇਹ ਵਾਦੀਆਂ, ਹੈ ਜਿੱਥੇ ਕੇਵਲ ਰੱਬਦਾ ਨਾਂ॥

**‘‘ਦੁਖੁ ਨਹੀਂ ਸਭੁ ਸੁਖੁ ਹੀ ਹੈ ਰੇ, ਏਕੈ ਏਕੀ ਨੇਤੈ॥**
**ਬੁਰਾ ਨਹੀਂ ਸਭੁ ਭਲਾ ਹੀ ਹੈ ਰੇ, ਹਾਰ ਨਹੀਂ ਸਭ ਜੇਤੈ॥**
**ਸੋਗੁ ਨਹੀਂ ਸਦਾ ਹਰਖੀ ਹੈ ਰੇ, ਛੋਡਿ ਨਾਹੀ ਕਿਛੁ ਲੇਤੈ॥**
**ਕਹੁ ਨਾਨਕ ਜਨੁ ਹਰਿ ਹਰਿ ਹਰਿ ਹੈ, ਕਤ ਆਵੈ ਕਤ ਰਮਤੈ॥’’**
(ਪੰਨਾ 1302 ਗੁ: ਗ੍ਰੰ: ਸਾ:)

* * *

## ਆਪਣੀ ਪਰਖ ਪੜਚੋਲ ਕਰਨੀ

**''ਨਾਨਕ ਪਰਖੇ ਆਪ ਕਉ, ਤਾਂ ਪਾਰਖ ਜਾਣੁ॥**
**ਰੋਗ ਦਾਰੂ ਦੋਵੇਂ ਬੁਝੈ, ਤਾਂ ਵੈਦ ਸੁਜਾਣੁ॥''**

ਮੈਂ ਜੀਵਨ ਨੂੰ ਜਾਨਣ ਦੇ ਲਈ, ਹੈ ਕੋਲੋਂ ਹੋਕੇ ਦੇਖਿਆ॥
ਮੈਂ ਖੁਦ ਨੂੰ ਖੁਦ ਪਹਿਚਾਨਣ ਦੇ ਲਈ, ਖੁਦ ਘੋਖਿਆ ਹੈ ਪ੍ਰੇਖਿਆ॥
ਬਾਹਰੋਂ ਬਾਹਰੋਂ ਤਾਂ ਸਾਰੇ ਹੀ, ਹਨ ਹੋਰਾਂ ਨੂੰ ਵੇਹਿੰਦੇ ਰਹਿੰਦੇ;
ਮੈਂ ਆਪਣੇ ਅੰਦਰ ਝਾਤੀਆਂ ਮਾਰਕੇ, ਹੈ ਆਪਣਾਂ ਆਪ ਉਲੇਖਿਆ॥

ਹੋਰਾਂ ਨੂੰ ਘੋਖਣ ਦੇ ਨਾਲੋਂ, ਹੈ ਚਾਹੀਦਾ ਆਪੇ ਨੂੰ ਹੀ ਘੋਖਣਾਂ॥
ਦੂਸਰਿਆਂ ਨੂੰ ਟੋਕਣ ਨਾਲੋਂ, ਹੈ ਚੰਗਾ ਆਪੇ ਨੂੰ ਹੀ ਟੋਕਣਾਂ॥
ਧੋਣਾਂ ਤਾਂ ਹੈ ਮੈਂ ਆਪੇ ਨੂੰ, ਹੋਰਾਂ ਨੂੰ ਕੀ ਫਾਇਦਾ ਹੈਂ ਧੋਣਦਾ;
ਨਿਰਮਲ ਤਾਂ ਹੈ ਖੁਦ ਨੂੰ ਕਰਨਾਂ, ਹੈ ਆਪਣੇ ਵਿਕਾਰਾਂ ਨੂੰ ਰੋਕਣਾਂ॥

ਹਨ ਪੈਣੇ ਮੈਨੂੰ ਹੀ ਭੁੱਗਤਣੇ, ਮੇਰੇ ਕੀਤੇ ਆਪਣੇ ਕਾਰੇ॥
ਦੁੱਖ ਸੁੱਖ ਤਾਂ ਹੋਂਦੇ ਹੀ ਫਲ ਨੇ, ਕੀਤੇ ਹੋਏ ਕਰਮਾਂ ਦੇ ਸਾਰੇ॥
ਮੇਰੇ ਕਰਮਾਂ ਦੇ ਫਲ ਇਵਜ਼ਾਨੇ, ਕੇਵਲ ਮੈਨੂੰ ਹੀ ਮਿਲਣੇ ਨੇ;
ਨਹੀਂ ਹੋਰ ਕਿਸੇ ਦੀ ਹਿੱਸੇਦਾਰੀ, ਨਹੀਂ ਸਾਂਝ ਸੀਰ ਹੀ ਇਹਨਾਂ ਬਾਰੇ॥

**''ਫਰੀਦਾ ਮਉਤੈ ਦਾ ਬੰਨਾ ਇਵੈ ਦਿਸੈ, ਜਿਉ ਦਰਿਆਵੈ ਢਾਹਾ॥**
**ਅਗੈ ਦੋਜਕ ਤਪਿਆ ਸੁਣੀਐ, ਹੂਲ ਪਵੈ ਕਾਹਾਹਾ॥**
**ਇਕਨਾ ਨੋ ਸਭ ਸੋਝੀ ਆਈ, ਇਕਿ ਫਿਰਦੇ ਬੇਪਰਵਾਹਾ॥**
**ਅਮਲ ਜਿ ਕੀਤਿਆ ਦੁਨੀ ਵਿਚਿ, ਸੇ ਦਰਗਹ ਓਗਾਹਾ॥''**

ਫਿਕਰਮੰਦ ਹਾਂ ਪਰ ਮੁਨਕਰ ਨਹੀਂ, ਰਜਾਵੰਦ ਹਾਂ ਹੈ ਜੋ ਹੋਣਾਂ॥
ਉਸਦੀ ਮਰਜੀ ਵਿੱਚ ਰਾਜ਼ੀ ਹਾਂ, ਖੁਸ਼ ਅਨੰਦ ਹਾਂ ਹੈ ਜੋ ਹੋਣਾਂ॥
ਜੋ ਹੋਵੇਗਾ ਚੰਗਾ ਹੋਇਗਾ, ਕੋਈ ਚਿੰਤਾ ਕੋਈ ਮਨ ਤੇ ਬੋਝ ਨਹੀਂ;
ਭਲਾ ਹੀ ਹੋਸੀ ਜੋ ਹੋਣਾਂ ਹੈ, ਪਿਆ ਕਾਅਦੇ ਲਈ ਰੋਣਾਂ ਧੋਣਾਂ॥

**ਲੋੜ ਹੈ ਹੋਰ ਚੌਕੰਨੇ ਹੋਣ ਦੀ, ਜੀਵਨ ਕਮੀਆਂ ਦੂਰ ਕਰਨ ਦੀ॥**
**ਲੋੜ ਹੈ ਆਪੇ ਨੂੰ ਸੋਧਣ ਦੀ, ਬਦ ਬਦਨਾਮੀਆਂ ਦੂਰ ਕਰਨ ਦੀ॥**
ਨਹੀਂ ਕਿਸੇ ਨੂੰ ਲੋੜ ਦੱਸਣ ਦੀ, ਹੈ ਆਪਣਾਂ ਆਪਾ ਆਪ ਸਵਾਰਨਾਂ;
ਲੋੜ ਹੈ ਖੁਦਨੂੰ ਖੁਦ ਪਰਖਣ ਦੀ, ਜੀਵਨ ਕੋਹਿਨੂਰ ਕਰਨ ਦੀ॥

**''ਗੁਰਪੂਰਾ ਭੇਟਿਓ ਵਡਭਾਗੀ, ਮਨਹਿ ਭਇਆ ਪਰਗਾਸਾ॥**
**ਕੋਇ ਨ ਪਹੁਚਣਹਾਰਾ ਦੂਜਾ, ਅਪੁਨੇ ਸਾਹਿਬ ਕਾ ਭਰਵਾਸਾ॥**
**ਭੂਲੇ ਮਾਰਗ ਜਿਨਹਿ ਬਤਾਇਆ॥ ਐਸਾ ਗੁਰ ਵਡਭਾਗੀ ਪਾਇਆ॥**
**ਅਗਨਿ ਸਾਗਰ ਬੂਡਤ ਸੰਸਾਰਾ॥ ਨਾਨਕ ਬਾਹ ਪਕਰਿ ਸਤਿਗੁਰ ਨਿਸਤਾਰਾ॥''**

ਜੋ ਸੋਝੀ ਜੁਗਤੀ ਗੁਰਾਂ ਨੇ ਦਿੱਤੀ, ਹੁਣ ਓਸੇ ਤੇ ਹੀ ਚਲ ਰਿਹਾ ਹਾਂ॥
ਜੋ ਸਿਖਿਆ ਤੋਸਾ ਰੋਜੀ ਦਿੱਤੀ, ਹੁਣ ਓਸੇ ਤੇ ਹੀ ਪਲ ਰਿਹਾ ਹਾਂ॥
ਹੋ ਸਮਰਪਣ ਗੁਰਾਂ ਨੂੰ ਅਰਪਣ, ਜੀਵਨ ਸਫਰ ਗੁਜ਼ਾਰ ਰਿਹਾ ਹਾਂ;
ਜੀਵਨ ਫੇਰੀ ਸਫਲ ਕਰਨ ਲਈ, ਜਾ ਰਾਹ ਰੂਹਾਨੀ ਵਲ ਰਿਹਾ ਹਾਂ॥

ਆਪਣੀ ਪਰਖ ਹੈ ਆਪਾ ਚੀਨਣਾਂ, ਆਪਣੇ ਅੰਦਰ ਝਾਤੀਆਂ ਮਾਰਨਾਂ॥
ਆਪਣੀਆਂ ਖੋਟਾਂ ਨੂੰ ਭਾਲਣਾਂ, ਹੈ ਹੋਂਦਾ 'ਅਰਸ਼ੀ' ਤੱਤ ਬੀਚਾਰਨਾਂ॥
ਕਿਸੇ ਨਾਲ ਤਕਰਾਰ ਨਹੀਂ ਕਰਨਾਂ, ਹੈ ਸਭਨਾਂ ਨਾਲ ਪਿਆਰ ਹੀ ਕਰਨਾਂ;
ਗੁਰਾਂ ਦੀ ਸਿਖਿਆ ਤੇ ਹੈ ਤੁਰਨਾਂ, ਇਸ ਮਾਨਵ ਜਨਮ ਨੂੰ ਹੈ ਸਵਾਰਨਾਂ॥

**''ਫੂਟੋ ਆਂਡਾ ਭਰਮ ਦਾ, ਮਨਹਿ ਭਇਓ ਪਰਗਾਸੁ॥**
**ਕਾਟੀ ਬੇਰੀ ਪਗਹ 'ਤੇ, ਗੁਰਿ ਕੀਨੀ ਬੰਦਿ ਖਲਾਸੁ॥**
**ਆਵਣ ਜਾਣ ਰਹਿਓ॥**
**ਤਪਤ ਕੜਾਹਾ ਬੁਝਿ ਗਿਆ, ਗੁਰਿ ਸੀਤਲ ਨਾਮ ਦੀਓ॥''**
**(ਅੰਗ 1002 ਗੁ: ਗ੍ਰੰ: ਸਾ:)**

* * *

## ਯਾਦਾਂ ਅੰਦਰ ਲੀਣ ਹੋ ਜਾਣਾਂ

ਬਣ ਹੈ ਜਾਂਦੀ ਯਾਦ ਜਦ ਕੋਈ, ਤੇ ਹਿਰਦੇ ਅੰਦਰ ਵੱਸ ਜਾਂਦੀ ਹੈ॥
ਲੱਗ ਹੈ ਜਾਂਦੀ ਲਗਣ ਜਦ ਕੋਈ, ਮਨ ਬਿਰਤੀ ਵਿੱਚ ਧੱਸ ਜਾਂਦੀ ਹੈ॥

ਭੇਖ ਦਿਖਾਵਿਆਂ ਅੰਦਰ ਕੁੱਝ ਨਹੀਂ, ਹੈ ਹੋਂਦਾ ਭੇਖ ਬਾਹਰੀ ਪ੍ਰਗਟਾਵਾ॥
ਨਹੀਂ ਭੇਖੀ ਤੱਤ ਸਾਰ ਜਾਣਦਾ, ਭੇਖ ਹੈ ਹੋਂਦਾ ਲੋਕ ਦਿਖਾਵਾ॥

ਖੁਦ ਖਾਕੇ ਹੀ ਹੈ ਰੱਝੀਦਾ, ਗੱਲਾਂ ਨਾਲ ਨਹੀਂ ਰੱਝਿਆ ਜਾਂਦਾ॥
ਹਨ ਅਮਲੀ ਕਰਮ ਕਮਾਣੇ ਪੈਂਦੇ, ਹੈ ਫਲ ਤਾਂ ਆਪੇ ਹੀ ਮਿਲ ਜਾਂਦਾ॥

ਰੱਬ ਨੂੰ ਪਾਣਾਂ ਕੋਈ ਸੌਖਾ ਨਹੀਂ, ਹੈ ਅੰਦਰ ਲਗਣ ਲਗਾਣੀ ਪੈਂਦੀ॥
ਹੋਣਾਂ ਪੈਂਦਾ ਲੀਣ ਯਾਦਾਂ ਵਿੱਚ, ਹੈ ਕਰਨੀ ਆਪ ਕਮਾਣੀ ਪੈਂਦੀ॥

ਸਿਮਰ ਸਿਮਰ 'ਅਰਸ਼ੀ' ਪ੍ਰੀਤਮ ਨੂੰ, ਹੈ ਉਸਦੀ ਯਾਦ ਪਕਾਣੀ ਪੈਂਦੀ॥
ਪ੍ਰੀਤ ਹੈ ਪੱਕੀ ਲਾਣੀ ਪੈਂਦੀ, ਹਿਰਦੇ ਵਿੱਚ ਵਸਾਣੀ ਪੈਂਦੀ॥

ਲੱਗ ਹੈ ਜਾਂਦੀ ਲਗਣ ਜਦ ਕੋਈ, ਫਿਰ ਸੁਰਤੀ ਆਪੇ ਟਿੱਕ ਜਾਂਦੀ ਹੈ॥
ਮਨ ਚੰਚਲ ਤਾਈ ਮੁੱਕ ਜਾਂਦੀ ਹੈ, ਸਭ ਭੱਟਕਣ ਤੱੜਪਨ ਮਿੱਟ ਜਾਂਦੀ ਹੈ॥

**"ਇਹ ਮਾਇਆ, ਜਿਤੁ ਹਰਿ ਵਿਸਰੈ, ਮੋਹ ਉਪਜੈ, ਭਾਉ ਦੂਜਾ ਲਾਇਆ॥**
**ਕਹੈ ਨਾਨਕ ਗੁਰਪ੍ਰਸਾਦੀ, ਜਿਨਾਂ ਲਿਵ ਲਾਗੀ, ਤਿਨੀ ਵਿਚੇ ਮਾਇਆ ਪਾਇਆ॥"**

ਪਰ ਲਿਵ ਲਾਣੀ ਨਹੀਂ ਹੋਂਦੀ ਸੌਖੀ, ਇਹ ਰੱਬੀ ਰਹਿਮਤ ਨਾਲ ਹੈ ਲੱਗਦੀ॥
ਹੈ ਜਿਸ ਤੇ ਬਖਸ਼ਿਸ਼ ਹੋਂਦੀ ਉਸਦੀ, ਇਹ ਜੋਤੀ ਹੈ ਤਾਂ ਹੀ ਜਗਦੀ॥

ਹੈ ਜਿਸਤੇ ਨਜ਼ਰ ਸਵੱਲੀ ਹੋਂਦੀ, ਹੈ ਓਹੀ ਇਸ ਰਹਿਮਤ ਨੂੰ ਪਾਂਦਾ॥
ਹੈ ਆਪਣੀ ਲਿਵ ਆਪੇ ਲਾ ਦੇਂਦਾ, ਫਿਰ ਹੈ ਆਪਣਾਂ ਖਾਸ ਬਣਾਂਦਾ॥

ਮਨ ਬਚਨ ਤੇ ਕਰਨੀਆਂ ਅੰਦਰ, ਜੇ ਯਾਦ ਰੂਹਾਨੀ ਸਦਾ ਬਣੀ ਰਹੇ॥
ਫਿਰ ਇਹੀ ਬਣ ਜਾਂਦੀ ਹੈ ਬੰਦਗੀ, ਜੇ ਯਾਦ ਹੀ ਅੰਦਰ ਸਦਾ ਤਣੀ ਰਹੇ॥

ਫਿਰ ਆਪਣੇ ਵਿੱਚ ਸਮਾ ਲੈਂਦਾ ਹੈ, ਬੂੰਦ ਨੂੰ ਸਾਗਰ ਹੈ ਕਰ ਦੇਂਦਾ॥
ਭਿੰਨ ਭੇਦ ਹੀ ਮੇਟ ਦੇਂਦਾ ਹੈ, ਸਿੱਪੀ ਵਿਚ ਸਾਗਰ ਭਰ ਦੇਂਦਾ॥

**''ਜਿਸ ਨੋ ਤੂੰ ਪ੍ਰਭ ਵਲਿ, ਤਿਸ ਕਿਆ ਮੁਹਛੰਦਗੀ॥**
**ਜਿਸ ਨੋ ਤੇਰੀ ਮਿਹਰ, ਸੁ ਤੇਰੀ ਬੰਦਗੀ॥''**

* * *

## ਰਬੀ ਰਜ਼ਾ ਵਿੱਚ ਵੱਸਣਾ ਭਾਣੇ ਵਿਚ ਰਹਿਣਾਂ

**''ਜਹ ਬੈਸਾਲਹਿ ਤਹ ਬੈਸਾਂ ਸੁਆਮੀ, ਜਹ ਭੇਜਹਿ ਤਹ ਜਾਵਾਂ॥
ਸਭ ਨਗਰੀ ਮਹਿ ਏਕੋ ਰਾਜਾ, ਸਭੇ ਪਵਿਤੁ ਹਹਿ ਥਾਵਾਂ॥''**

ਮੈਂ ਭਾਣੇ ਅੰਦਰ ਜੀਣਾਂ ਚਹੁੰਨਾਂ, ਭਾਣੇ ਵਿੱਚ ਹੀ ਚਹੁੰਨਾਂ ਰਹਿਣਾਂ॥
ਮਿੱਠਾ ਲੱਗੇ ਤੇਰਾ ਭਾਣਾਂ, ਭਾਣਾਂ ਬਣ ਜਾਏ ਮੇਰਾ ਗਹਿਣਾਂ॥

ਹੈ ਹੋਂਦਾ ਭਾਣਾਂ ਹੁਕਮ ਇਲਾਹੀ, ਜਿਸ ਵਿੱਚ ਹੈ ਸੰਸਾਰ ਚਲ ਰਿਹਾ॥
ਨਹੀਂ ਕੁੱਝ ਵੀ ਭਾਣੇ ਤੋਂ ਬਾਹਰਾ, ਹੈ ਸਾਰਾ ਕਾਰ ਵਿਹਾਰ ਚਲ ਰਿਹਾ॥

**''ਹੁਕਮੈ ਅੰਦਰਿ ਸਭ ਕੋ, ਬਾਹਰਿ ਹੁਕਮ ਨ ਕੋਇ॥
ਨਾਨਕ ਹੁਕਮੈ ਜੇ ਬੁਝੈ, ਤਾਂ ਹਉਮੈ ਕਹੈ ਨ ਕੋਇ॥''**

ਇਹ ਭਾਣਾਂ ਹੀ ਹੈ ਹੁਕਮ ਕਰਤਾਰ ਦਾ, ਇਹ ਭਾਣਾਂ ਹੀ ਹੈ ਉਸਦੀ ਮਰਜੀ॥
ਉਸਦੀ ਮਰਜੀ ਵਿੱਚ ਨਾਂ ਤੁਰਨਾਂ, ਹੈ ਬਣ ਜਾਂਦੀ ਹਉਮੈ ਖੁਦਗਰਜੀ॥

ਹੈ ਮਨਮੁਖ ਭੁੱਲ ਜਾਂਦਾ ਭਾਣੇ ਨੂੰ, ਪਿਆ ਤਾਂ ਹੀ ਦੁੱਖ ਤੇ ਦੁੱਖ ਹਡਾਂਦਾ॥
ਕਰਦਾ ਰਹਿੰਦਾ ਹੈ ਮਨਮਰਜੀਆਂ, ਫਿਰ ਰਹਿੰਦਾ ਆਪਣਾਂ ਕੀਤਾ ਪਾਂਦਾ॥

ਪਸ਼ੂਆਂ ਵਾਂਗੂ ਰਹਿੰਦਾ ਵਿਚਰਦਾ, ਪਸ਼ੂਆਂ ਵਾਂਗ ਹੀ ਕਾਰੇ ਕਰਦਾ॥
ਪਸ਼ੂਆਂ ਵਾਂਗੂ ਹੀ ਰਹੇ ਬਿਖਰਦਾ, ਪਿਆ ਪਸ਼ੂਆਂ ਵਾਂਗੂ ਹੀ ਡੰਨ ਵੀ ਭਰਦਾ॥

**''ਕਰਤੂਤਿ ਪਸੂ ਕੀ ਮਾਨਸ ਜਾਤਿ॥ ਲੋਕ ਪਚਾਰਾ ਕਰੈ ਦਿਨੁ ਰਾਤਿ॥
ਬਾਹਿਰ ਭੇਖ ਅੰਤਰਿ ਮਲ ਮਾਇਆ॥ ਛਪਸਿ ਨਾਹਿ ਕਿਛੁ ਕਰੈ ਛਪਾਇਆ॥''**

ਐਪਰ ਗੁਰਮੁਖ ਵਖਰਾ ਸੋਚਦਾ, ਰੱਬੀ ਰਜਾ ਵਿੱਚ ਰਹਿੰਦਾ ਮਸਤਦਾ॥
ਭਾਣੇ ਨੂੰ ਰਹੇ ਸੀਸ ਝੁਕਾਂਦਾ, ਭਾਣੇ ਵਿੱਚ ਹੀ ਜਾਏ ਵਿਅਸਤਦਾ॥

**'ਜੋ ਹੋਆ ਹੈਵਤ ਸੋ ਜਾਨੈ॥ ਪ੍ਰਭ ਆਪਨੇ ਕਾ ਹੁਕਮੁ ਪਛਾਨੈ॥'**
ਹੈ ਹੁਕਮ ਨਾਲ ਜਿਹੜਾ ਜੁੜ ਜਾਂਦਾ॥ ਉਹ ਜੀਵਨ ਸੁੱਖ ਸ਼ਾਂਤੀਆਂ ਪਾਂਦਾ॥

ਜਿਹੜਾ ਕੰਮ ਮੈਂ ਕਰ ਨਹੀਂ ਸਕਦਾ, ਕਿਉਂ ਉਸ ਬਾਰੇ ਰਹਾਂ ਸੋਚਦਾ॥
ਜਿਹੜਾ ਕੰਮ ਮੇਰੇ ਵੱਸ ਵਿੱਚ ਨਹੀਂ, ਕਿਉਂ ਉਹਦੇ ਬਾਰੇ ਰਹਾਂ ਲੋਚਦਾ॥

ਰੱਬੀ ਹੁਕਮ ਤਾਂ ਟਲਣਾਂ ਹੀ ਨਹੀਂ, ਮੇਰੇ ਕੀਤਿਆਂ ਕੁੱਝ ਨਹੀਂ ਹੋਣਾਂ॥
ਫਿਰ ਕਿਉਂ ਤੜਫਾਂ ਕਿਉਂ ਪਿਆ ਕਲਪਾਂ, ਕਿਉਂ ਨਾਂ ਛੱਡਾ ਰੋਣਾਂ ਧੋਣਾਂ॥

ਮਨ ਦੀਆਂ ਸੁਖ ਸ਼ਾਂਤੀਆਂ ਪਾਣ ਲਈ, ਹੈ ਪੈਣਾਂ ਹੁਕਮ ਨੂੰ ਸੀਸ ਝੁਕਾਣਾਂ॥
ਹੈ ਰੱਬੀ ਭਾਣਾ ਮੰਨਣਾਂ ਪੈਣਾ, 'ਅਰਸ਼ੀ' ਭਾਣਾਂ ਪਵੇ ਹੰਡਾਣਾਂ॥

* * *

## ਇਹ ਜਿੰਦਗੀ ਇੱਕ ਸਫਰ ਹੈ (ਗਜ਼ਲ)

ਇਹ ਜਿੰਦਗੀ ਇੱਕ ਸਫਰ ਹੈ, ਪਰ ਰਸਤਾ ਹੈ ਅਸਲੋਂ ਅਣਜਾਣਾਂ॥
ਮਗਰ ਬੇਖਬਰ ਹੈ ਮੁਸਾਫਰ, ਨਹੀਂ ਕੋਈ ਪਤਾ ਹੈ ਕਿੱਧਰ ਜਾਣਾਂ॥

ਕੋਈ ਨਹੀਂ ਹੈ ਪੱਕਾ ਸੰਗੀ ਸਾਥੀ, ਹਰ ਬੰਦਾ ਹੈ ਕੱਲ ਮੁਕੱਲਾ;
ਆਇਆ ਵੀ ਤਾਂ ਸੀ ਕਲਿਆਂ ਹੀ, ਹੈ ਪੈਣਾਂ ਵੀ ਕਲਿਆਂ ਹੀ ਜਾਣਾਂ॥

ਜੋ ਦਿੱਸਦੇ ਹਨ ਨਾਲ ਦੇ ਸਾਥੀ, ਹਨ ਇਹ ਵੀ ਤਾਂ ਸਾਰੇ ਹੀ ਯਾਤਰੀ;
ਇਹ ਘਰ ਬਸਤੀਆਂ ਪਿੰਡ ਨਗਰ ਸਭ, ਹਨ ਸਾਰੇ ਵਾਂਗ ਮੁਸਾਫਰ ਖਾਨਾਂ॥

ਅਸਲ 'ਚ ਸਾਰਾ ਜਗਤ ਹੀ ਲੱਗਦਾ, ਹੈ ਬਣਿਆਂ ਹੋਇਆ ਰੈਣ ਬਸੇਰਾ;
ਕੱਟਣੀ ਜੀਵਨ ਰਾਤ ਹੈ ਏਥੇ, ਆਖਰ ਸਭਨਾਂ ਹੈ, ਤੁਰ ਜਾਣਾਂ॥

ਹੈ ਕੱਚਾ ਪਰਮਟ ਮਿਲਿਆ ਹੋਇਆ, ਕੁੱਝ ਸਮਾਂ ਗੁਜਾਰਨ ਦੇ ਲਈ ਏਥੇ,
ਕਿਸੇ ਨਹੀਂ ਬੈਠੇ ਰਹਿਣਾਂ ਏਥੇ, ਨਹੀਂ ਪੱਕਾ ਡੇਰਾ ਕਿਸੇ ਨੇ ਲਾਣਾਂ॥

ਜੋ ਜੋ ਕਰਮ ਤੇ ਕਾਰੇ ਕਰਨੀਆਂ, ਹਨ ਇਸ ਠਹਿਰ ਵਿੱਚ ਕੀਤੇ ਜਾਣੇ;
ਇੱਕ ਇੱਕ ਦਾ ਲੇਖਾ ਜੋਖਾ, ਹੈ ਆਖਰ 'ਅਰਸ਼ੀ' ਕੀਤਾ ਜਾਣਾਂ॥

ਫਿਰ ਪੈਣੇ ਵੀ ਹਨ ਫਲ ਭੁਗਤਣੇ, ਇਹਨਾਂ ਕਰਮਾਂ ਕਾਰਿਆਂ ਦੇ;
ਜੀਵਨ ਸਫਰ ਦੀ ਅਗਲੀ ਡੰਡੀ, ਹੈ ਏਹਨਾਂ ਹੀ ਆਖਰ ਬਣ ਜਾਣਾਂ॥

ਹਰ ਜੀਵਨ ਕਰਮ ਕਰਨ ਤੋਂ ਪਹਿਲਾਂ, ਜਿਹੜੇ ਸੋਚ ਵਿਚਾਰ ਲੈਂਦੇ ਨੇ;
ਨਹੀਂ ਓਹਨਾਂ ਨੂੰ ਫਿਰ ਪੈਂਦਾ ਹੈ, ਪਿੱਛੋਂ ਮੁੜ ਮੁੜਕੇ ਪਛਤਾਣਾਂ॥

ਅਜੇ ਵੀ ਹੋਇਆ ਨਹੀਂ ਕਵੇਲਾ, ਹੈ ਅਜੇ ਵੀ ਵੇਲਾ ਕੁੱਝ ਸੰਭਲਣ ਦਾ,
ਇਸ ਗੁਜਰੀ ਜਾਂਦੀ ਜਿੰਦਗਾਨੀ ਨੂੰ, ਕਰ ਲਈਏ ਜੇ ਕੁੱਝ, ਸੁਹਾਣਾਂ॥

ਨਹੀਂ ਫੇਰ ਕੋਈ ਮੌਕਾ ਮਿਲਣਾਂ, ਸੁਧਰਣ ਜਾਂ ਸੁਧਾਰਣ ਦੇ ਲਈ;
ਹੈ ਪੈ ਜਾਣੀ ਗਲ ਚੁਰਾਸੀ, ਫਿਰ ਪੈਂਡਾ ਲੰਬਾ ਹੋਂਦਾ ਜਾਣਾ॥

* * *

## ਪਿਛਲੇ ਜਨਮ ਦੇ ਸੰਸਕਾਰ

''ਜਿਤ ਕੋ ਲਾਇਆ ਤਿਤਕੋ ਲਗਨਾ॥
ਨਾਨਕ ਕਰਤੇ ਕੀ ਜਾਨੇ ਕਰਤਾ ਰਚਨਾ॥''

ਹੋਂਦੇ ਜਿਹੋ ਜਿਹੇ ਪਿਛਲੇ ਸੰਸਕਾਰ ਨੇ, ਹੈ ਬੰਦਾ ਤਿਹੋ ਜਿਹੇ ਰਹਿੰਦਾ ਕਰਮ ਕਮਾਂਦਾ॥
ਜਿਹੋ ਜਹੀ ਸੁਰਤੀ ਬਣੀ ਹੈ ਹੋਂਦੀ, ਹੈ ਤਿਹੋ ਜਿਹਾ ਹੀ ਬਣਦਾ ਜਾਂਦਾ॥

ਪਿਛਲੇ ਜਨਮਾਂ ਦੀਆਂ ਆਦਤਾਂ, ਨਹੀਂ ਬਦਲਦੀਆਂ, ਨਹੀਂ ਜਾਂਦੀਆਂ॥
ਨਹੀਂ ਭੁੱਲਦੀਆਂ ਪਿਛਲੀਆਂ ਵਾਦੀਆਂ, ਨਾਲ ਰਹਿੰਦੀਆਂ ਜੁੜ ਹੀ ਜਾਂਦੀਆਂ॥

ਹਨ ਓਹੀ ਸੰਸਕਾਰ ਬਣਦੀਆਂ, ਖਹਿੜਾ ਛੇਤੀ ਨਹੀਂ ਛੱਡਦੀਆਂ॥
ਭਾਵੇਂ ਜਨਮ ਬਦਲ ਹੈ ਜਾਂਦਾ, ਐਪਰ ਵਾਦੀਆਂ ਰਹਿਣ ਵੱਢਦੀਆਂ॥

ਜੋ ਪਾਪ ਕਮਾਂਦਾ ਪਾਪੀ ਬਣਦਾ, ਹੈ ਫਿਰ ਪਾਪੀ ਹੀ ਅਖਵਾਂਦਾ॥
ਪਰ ਜੇ ਪਏ ਜਾਏ ਰਾਹੇ ਰੂਹਾਨੀ, ਫਿਰ ਬੰਦਾ ਧਰਮੀ ਕਹਿਲਾਂਦਾ॥

ਹੈ ਕੋਈ ਜੈਸਾ ਕਰਦਾ ਵੈਸਾ ਬਣਦਾ, ਹੈ ਕਰਨੀ ਹੀ ਸ਼ੋਹਰਤ ਬਣ ਜਾਂਦੀ॥
ਸ਼ੋਹਰਤ ਤੇ ਸੋਹਬਤ ਹੀ ਬੰਦੇ ਦੀ, ਹੈ ਮਾਨਵ ਜੀਵਨ ਨੂੰ ਪ੍ਰਗਟਾਂਦੀ॥

ਆਪੇ ਬੀਜਕੇ ਖਾਣਾਂ ਪੈਂਦਾ, ਹੈ ਤਾਂ ਹੀ ਬਾਬੇ ਨਾਨਕ ਆਖਿਆ॥
ਕੋਈ ਹੋਰ ਸ਼ਰੀਕ ਨਹੀਂ ਕਰਨੀ ਦਾ, ਹੈ ਏਹੀ ਦੱਸਿਆ ਏਹੀ ਭਾਖਿਆ॥

ਜੋ ਮੈਂ ਕੀਤਾ, ਸੋ ਮੈਂ ਹੀ ਪਾਣਾਂ, ਮੈਂ ਆਪਣੇ ਕੀਤੇ ਲਈ ਜਿੰਮੇਵਾਰ ਹਾਂ॥
ਮੈਂ ਆਪਣੇ ਕਰਮ ਹੀ ਭੋਗ ਰਿਹਾ ਹਾਂ, ਨਿਜ ਕਰਨੀ ਦਾ ਹੀ ਕਰਜਦਾਰ ਹਾਂ॥

ਇਹ ਮਾਨਵ ਜੂਨੀ ਕਰਮ ਜੂਨੀ ਹੈ, ਜੋ ਕੀਤਾ ਪੈਂਦਾ ਹੈ ਭੁਗਤਨਾਂ॥
ਹਨ ਹੋਂਦੇ ਦੁੱਖ ਸੁੱਖ ਫਲ ਕਰਮਾਂ ਦੇ, ਹੈ ਚਾਹੀਦਾ ਨਿਜ ਕਰਨੀ ਨੂੰ ਜੁਗਤਨਾਂ॥

ਹਰ ਬੰਦਾ ਆਪਣੇ ਕਰਮਾਂ ਮੂਜਬ, ਹੈ ਕਰਨੀ ਵਿੱਚ ਰੁੱਝਿਆ ਹੋਇਆ॥
ਆਪਣੀ ਸੋਝੀ ਸੂਝ ਮੁਤਾਬਕ, ਹੈ ਕਰਮਾਂ ਅੰਦਰ ਖੁਭਿਆ ਹੋਇਆ॥

ਜਿਨੀ ਸਮਝ ਹੈ ਦਿੱਤੀ ਮਾਲਕ ਨੇ, ਹਰ ਬੰਦਾ ਕਰਮ ਕਮਾਈ ਜਾਂਦਾ॥
ਹੈ ਕਰਦਾ ਰਹਿੰਦਾ ਮਨ ਮਰਜੀਆਂ, ਆਪਣੀ ਡਗਰ ਵਧਾਈ ਜਾਂਦਾ॥

ਮਾਲਕ ਨੇ ਜੋ ਪਾਇਆ ਹੈ ਭਾਂਡੇ ਵਿੱਚ, ਹੈ ਭਾਂਡੇ ਵਿਚੋਂ ਉਹੀ ਨਿਕਲਦਾ॥
ਉਂਜ ਭਾਂਡਾ ਕੁੱਝ ਨਹੀਂ ਕਰ ਸਕਦਾ, ਭਾਵੇਂ ਕਿਨਾਂ ਰਹੇ ਚਿਲਕਦਾ॥

ਹੈ ਕਰ ਸਕਦਾ ਕੇਵਲ ਅਰਜੋਈਆਂ, ਤਰਲੇ ਮਿਨਤਾਂ ਕਰ ਸਕਦਾ ਹੈ॥
ਜੈਸੀ ਨੀਯਤ ਮੁਰਾਦ ਹੈ ਮਿਲਣੀ, ਹੈ ਡੁਬ ਵੀ ਸਕਦਾ ਤਰ ਸਕਦਾ ਹੈ॥

**"ਅਗੋ ਦੇ ਜੇ ਚੇਤੀਐ, ਤਾਂ ਕਾਇਤ ਮਿਲੈ ਸਜਾਏ॥"**
**ਹਰ ਕਰਮ ਚੌਕੰਨੇ ਹੋਕੇ ਕਰੀਏ, ਕਿਤੇ ਪਿਛੋਂ ਪੈਣਾਂ ਨਾ ਪਛਤਾਏ॥**

ਸੋਚ ਸਮਝ ਕੇ ਕਰਮ ਕਮਾਈਏ, ਹੈ ਲੇਖਾ ਵੀ ਦੇਣਾਂ ਨਾਂ ਭੁੱਲੀਏ॥
ਹੈ 'ਅਰਸ਼ੀ' ਜੀਵਨ ਤਿਲਕਣ ਬਾਜੀ, ਕਿਤੇ ਗਿਰਕੇ ਪੈਰਾਂ ਵਿੱਚ ਨਾਂ ਰੁਲੀਏ॥

**"ਕਰਣੀ ਕਾਗਦੁ ਮਨੁ ਮਸਵਾਣੀ ਬੁਰਾ ਭਲਾ ਦੁਇ ਲੇਖ ਪਏ॥**
**ਜਿਉਂ ਜਿਉਂ ਕਿਰਤੁ ਚਲਾਏ ਤਿਉ ਚਲੀਐ, ਤਉ ਗੁਣ ਨਾਹੀ ਅੰਤ ਹਰੇ॥**
**ਚਿਤ ਚੇਤਸਿ ਕੀ ਨਹੀਂ ਬਾਵਰਿਆ॥ ਹਰਿ ਬਿਸਰਤ ਤੇਰੇ ਗੁਣ ਗਲਿਆ॥"**
**(ਪੰਨਾ 990 ਗੁ: ਗ੍ਰੰ: ਸਾ:)**

ਜੋ ਜੈਸਾ ਕਰਦਾ ਵੈਸਾ ਬਣਦਾ ਹੈ, ਜਿਹੋ ਜਿਹੇ ਰਹਿੰਦਾ ਕਰਮ ਕਮਾਂਦਾ॥
ਧਰਮ ਕਮਾਵੇ ਧਰਮੀ ਬਣਦਾ, ਪਾਪ ਕਮਾਵੇ ਪਾਪੀ ਅਖਵਾਂਦਾ॥

**"ਪੁੰਨੀ ਪਾਪੀ ਆਖਣ ਨਾਹਿ, ਕਰਿ ਕਰਿ ਕਰਣਾ ਲਿਖਿ ਲੈ ਜਾਹੁ॥**
**ਆਪੇ ਬੀਜਿ ਆਪੇ ਹੀ ਖਾਹੁ, ਨਾਨਕ ਹੁਕਮੀ ਆਵਹੁ ਜਾਹੁ॥"**
**(ਗੁਰੂ ਨਾਨਕ)**

* * *

## ਮਾਨਵੀ ਜੀਵਨ

ਆਪਣੀ ਹੀ ਜੋਤਿ-ਜਾਤ ਤੋਂ ਕਰਤੇ ਨੇ, ਸੀ ਆਦਮ ਤਾਂਈ ਬਣਾਇਆ॥
ਆਪਣਾਂ ਅੰਸ਼ ਤੇ ਗੁਣ ਸੀ ਦਿੱਤੇ, ਸਭ ਜੂਨਾਂ ਦਾ ਸਰਦਾਰ ਸਜਾਇਆ॥

ਬਾਕੀ ਸਭ ਹਨ ਭੋਗ ਜੂਨੀਆਂ, ਹੈ ਮਿਲਿਆ ਜੀਵਨ ਕੱਟਨਾਂ ਪੈਂਦਾ॥
ਗਲ ਪਿਆ ਢੋਲ ਵਜਾਣਾਂ ਪੈਂਦਾ, ਜੋ ਵੀ ਮਿਲਦਾ ਚੱਟਨਾਂ ਪੈਂਦਾ॥

ਕੋਈ ਆਪਣੀ ਮਰਜੀ ਨਹੀਂ ਕਰ ਸਕਦਾ॥ ਹੈ ਆਹੀਂ ਹੌਕੇ ਹੀ ਭਰ ਸਕਦਾ॥
ਹੈ ਜੂਨੀ ਪੂਰੀ ਕਰਨੀ ਪੈਂਦੀ॥ ਬਸ ਜੀਅ ਹਜੂਰੀ ਕਰਨੀ ਪੈਂਦੀ॥

ਭੋਗ ਜੂਨੀ ਹੈ ਭੋਗਣੀ ਪੈਂਦੀ, ਕਿਸੇ ਸੋਚ ਸਮਝ ਦੀ ਸ਼ਕਤੀ ਹੀ ਨਹੀਂ॥
ਪਸ਼ੂ ਪੰਛੀਆਂ ਤ੍ਰਿਗਦ ਜੂਨਾਂ ਵਿੱਚ, ਕੁੱਝ ਕਰ ਸੱਕਣ ਦੀ ਹਸਤੀ ਹੀ ਨਹੀਂ।।

ਹੈ ਹੀ ਆਪਣੇ ਹੱਥ ਵਿੱਚ ਕੁੱਝ ਨਹੀਂ॥ ਹੈ ਹੀ ਆਪਣੇ ਵੱਸ ਵਿੱਚ ਕੁੱਝ ਨਹੀਂ॥
ਬੱਸ ਭੋਗਕੇ ਪੂਰੀ ਕਰਨੀ ਜੂਨੀ॥ ਹੈ ਜੂਨੀ ਹੀ ਬਣ ਗਈ ਜਨੂੰਨੀ॥

ਐਪਰ ਬੰਦੇ ਦੀ ਤਾਂ ਕਰਮ ਜੂਨੀ ਹੈ, ਜਿਸ ਵਿਚ ਕਰਨੀ ਹੀ ਪ੍ਰਧਾਨ ਹੈ॥
ਜੈਸੀ ਕਰਨੀ ਵੈਸੀ ਭਰਨੀ, ਬਣ ਗਈ ਕਰਨੀ ਹੀ ਪਹਿਚਾਨ ਹੈ॥

ਇਹ ਖਾਸ ਖਾਸੀਅਤ ਹੈ ਮਾਨਵ ਨੂੰ, ਉਹ ਸੋਚ ਸਕਦਾ ਹੈ ਕਰ ਸਕਦਾ ਹੈ॥
ਹੈ ਉਸਦਾ ਜੀਵਨ ਉਸਦੇ ਹੱਥ ਵਿੱਚ, ਉਹ ਡੁੱਬ ਸਕਦਾ ਹੈ ਤਰ ਸਕਦਾ ਹੈ॥

ਪਰ ਭੁੱਲ ਗਿਆ ਲੱਗਦਾ ਹੈ ਮੂਲ ਨੂੰ, ਆਪਣਾਂ ਵਿਰਸਾ ਲੱਗੇ ਭੁਲਾਇਆ॥
ਮਾਇਆ ਤੇ ਚੁੰਗਲਾਂ ਵਿੱਚ ਫੱਸਕੇ, ਮਾਇਆ ਕਾਰਨ ਜਨਮ ਗਵਾਇਆ॥

ਹੈ ਸਾਕਤ ਬਣ ਗਿਆ ਮਾਇਆ ਖਾਤਰ, ਜਾਏ ਪਦਾਰਥ ਕੱਠੇ ਕਰਦਾ॥
ਹਉਮੈਂ ਤਿਸਨਾ ਲੋਭ ਵੱਧ ਗਿਆ, ਬਣ ਗਿਆ ਮੰਗਤਾ ਹੈ ਦਰ ਦਰਦਾ॥

**''ਪਾਪਾਂ ਬਾਝਹੁ ਹੋਵੈ ਨਾਹੀਂ, ਮੋਇਆ ਸਾਥਿ ਨਾ ਜਾਈ॥**
**ਜਿਸ ਨੋ ਆਪਿ ਖੁਆਇ ਕਰਤਾ, ਖੁਸਿ ਲਏ ਚੰਗਿਆਈ॥''**

ਪਾਪ ਤੇ ਪਾਪ ਕਮਾਈ ਜਾਂਦਾ॥ ਦੌਲਤਾਂ ਢੇਰ ਲਗਾਈ ਜਾਂਦਾ॥
ਭੁੱਲ ਗਏ ਸਾਰੇ ਗੁਣ ਕਰਤਾਰੀ॥ ਹੈ ਰੁਲਦਾ ਜਾਂਦਾ ਬਣ ਸੰਸਾਰੀ॥

ਚੇਲਾ ਬਣ ਗਿਆ ਹੈ ਸ਼ੈਤਾਨ ਦਾ, ਜੀਵਨ ਬਣਦਾ ਜਾਏ ਵਿਕਾਰੀ॥
ਹੁਣ ਆਦਮ ਨਹੀਂ ਰਿਹ ਗਿਆ ਆਦਮ, ਹੈ ਬਣਦਾ ਜਾ ਰਿਹਾ ਦੁਰਾਚਾਰੀ॥

**''ਰੰਨਾ ਹੋਈਆਂ ਬੋਧੀਆਂ, ਪੁਰਸ਼ ਹੋਏ ਸਈਆਦ॥**
**ਸੀਲੁ ਸੰਜਮੁ ਸੁਚ ਭੰਨੀ ਖਾਣਾ ਖਾਜ ਅਹਾਜ॥**
**ਸ਼ਰਮ ਗਇਆ ਘਰਿ ਆਪਣੈ, ਪਤਿ ਉਠਿ ਚਲੀ ਨਾਲਿ॥**
**ਨਾਨਕ ਸਚਾ ਏਕੁ ਹੈ, ਅਉਰੁ ਨਾ ਸਚਾ ਭਾਲਿ॥''**

ਜਦ ਕਰਮ ਤੇ ਕਰਨੀ ਹੀ ਨਹੀਂ ਚੰਗੇ, ਫਿਰ ਫਲ ਵੀ ਓਦਾਂ ਦਾ ਹੀ ਮਿਲਣਾਂ॥
ਜਦ ਸੋਚ ਤੇ ਨੀਯਤ ਹੀ ਹੈ ਮਾੜੀ, ਫਿਰ ਗੁੱਲ ਵੀ ਓਵੇਂ ਦਾ ਹੀ ਖਿਲਣਾਂ॥

ਜੋ ਆਪਣੇ ਸੋਮੇ ਨੂੰ ਭੁੱਲ ਜਾਂਦਾ, ਉਹ ਦਰਿਆ ਹੈ ਆਪੇ ਸੁੱਕ ਜਾਂਦਾ॥
ਜੋ ਜੜਾਂ ਤੋਂ ਬੂਟਾ ਪੁੱਟਿਆ ਜਾਂਦਾ, ਉਹ ਸੁੱਕਦਾ ਸੁੱਕਦਾ ਹੈ ਸੁੱਕ ਜਾਂਦਾ॥

ਹੁਣ ਆਦਮ ਦਾ ਵੀ ਏਹੀ ਹਾਲ ਹੈ॥ ਜੋ ਹੋਂਦਾ ਜਾਂਦਾ ਹਾਲੋਂ ਬੇਹਾਲ ਹੈ॥
ਭੁਗਤ ਰਿਹਾ ਹੈ ਫਲ ਦੁਸ਼ ਕਰਮਾਂ ਦੇ॥ ਭੱਟਕ ਰਿਹਾ ਹੈ ਵਿੱਚ ਭਰਮਾਂ ਦੇ॥

ਅਜ ਬੰਦਾ ਡਾਢਾ ਹੀ ਬੇਚੈਨ ਹੈ, ਅਜ ਬੰਦਾ ਬਹੁਤਾ ਹੀ ਦੁਖਿਆਰ ਹੈ॥
ਤੜਪ ਰਿਹਾ ਹੈ ਚਿੰਤਾਵਾਂ ਵਿੱਚ, ਭਟੱਕ ਰਿਹਾ ਸਾਰਾ ਸੰਸਾਰ ਹੈ॥

ਕੱਥਨੀ ਕਰਨੀ ਵਿਗੜ ਗਈ ਹੈ, ਹਨ ਕਹਿੰਦੇ ਘੋਰ ਕਲਜੁਗ ਹੈ ਆ ਗਿਆ॥
ਬੰਦਾ ਹੁਣ ਬੰਦਾ ਨਹੀਂ ਰਹਿ ਗਿਆ, ਹੈ ਹਰ ਪਾਸੇ ਪਦਾਰਥ ਹੀ ਛਾ ਗਿਆ॥

ਕਹਿੰਦਾ ਹੋਰ ਪਿਆ ਕਰਦਾ ਹੋਰ ਹੈ॥ ਬਾਹਰੋਂ ਸਾਧ ਪਰ ਅੰਦਰੋਂ ਚੋਰ ਹੈ॥
ਧੋਖੇ ਠੱਗੀਆਂ ਲੁੱਟਾਂ ਮਾਰਾਂ॥ ਹਨ ਬੰਦੇ ਦੀਆਂ ਬਣੀਆਂ ਨਿੱਤ ਕਾਰਾਂ॥

ਲੱਗਦਾ ਖ਼ੂਨ ਹੀ ਚਿੱਟਾ ਹੋ ਗਿਆ, ਪਿਆਰ ਮੁਹੱਬਤ ਰਿਹਾ ਉੱਕਾ ਨਹੀਂ॥
ਬਣ ਗਿਆ ਬੰਦੇ ਦਾ ਬੰਦਾ ਹੀ ਵੈਰੀ, ਕੋਈ ਮਾਨ ਸਤਕਾਰ ਰਿਹਾ ਉੱਕਾ ਨਹੀਂ॥

ਹੈ ਸਾੜੀ ਜਾਂਦਾ ਸਵਰਗ ਆਪੇ ਹੀ, ਘਰ ਸਾੜ ਤਮਾਸ਼ਾ ਵੇਖੀ ਜਾਂਦਾ॥
ਹੈ ਪਾੜੀ ਜਾਂਦਾ ਆਪਣੀ ਪੱਤਰੀ, ਹੋ ਲੋਹੇ ਲਾਖਾ ਵੇਖੀ ਜਾਂਦਾ॥

ਆਦਮ-ਬੋ ਆਦਮ-ਬੋ ਹੋ ਰਹੀ, ਹਰ ਪਾਸੇ ਹੀ ਦਿੱਸਣ ਬਰਬਾਦੀਆਂ॥
ਅਤੰਕਵਾਦ ਹੀ ਛਾ ਗਿਆ ਸਾਰੇ, ਪਏ ਭਾਲਣ ਸਾਰੇ ਹੀ ਆਜਾਦੀਆਂ॥

ਜੰਗਲ ਰਾਜ ਹੈ ਬਣਦਾ ਜਾਂਦਾ, ਹੈ ਬੰਦੇ ਆਪਣਾ ਅਕਸ ਗਵਾ ਲਿਆ॥
ਹੋਂਦੇ ਹੋਇਆਂ ਰੱਬੀ ਅੰਸ਼ ਵੀ, ਹੈ ਸ਼ੈਤਾਨ ਦਾ ਚੋਗਾ ਪਾ ਲਿਆ॥

ਹੁਣ ਤਾਂ ਰੱਬ ਹੀ ਬਖਸ਼ੇ ਮੱਤ ਬੰਦੇ ਨੂੰ, ਹੈ ਰੱਬ ਹੀ ਕੇਵਲ ਹੁਣ ਰਖਵਾਲਾ॥
ਸ਼ਾਲਾ ਸਮਝੇ ਆਪਣੇ ਮੂਲ ਨੂੰ, ਬਣ ਜਾਵੇ 'ਅਰਸ਼ੀ' ਮਤਵਾਲਾ॥

* * *

## ਮਾਦਕ ਰੁਚੀਆਂ (ਗਜ਼ਲ)

ਕਿੰਜ ਬਦਲਿਆ ਹੈ ਬਣ ਗਿਆ, ਹੁਣ ਇਹ ਕੈਸਾ ਨਵਾਂ ਜਮਾਨਾਂ॥
ਆਪਣਾਂ ਵੀ ਹੁਣ ਲੱਗਦਾ ਪਿਆ, ਹੈ ਹੋਂਦਾ ਜਾਂਦਾ ਜਿਵੇਂ ਬੇਗਾਨਾ॥

ਖ਼ੁਦਗਰਜੀਆਂ ਮਨਮਰਜੀਆਂ, ਦਾ ਹੜ ਹੀ ਜਾਪੇ ਹੈ ਆ ਗਿਆ,
ਹਰ ਕੋਈ ਹੀ ਲੱਗਦਾ ਹੈ ਗਾ ਰਿਹਾ, ਆਪਣਾਂ ਹੀ ਵੱਖਰਾ ਨਵਾਂ ਤਰਾਨਾਂ॥

ਵੱਖ ਵਾਦੀਆਂ ਪੱਖ ਵਾਦੀਆਂ, ਹਨ ਰੁਚੀਆਂ ਬਣਦੀਆਂ ਜਾਂਦੀਆਂ,
ਆਪ ਹੁਦਰਾਪਣ ਹੈ ਵਧ ਰਿਹਾ, ਨਿਤ ਘੜ ਘੜ ਨਵਾਂ ਬਹਾਨਾਂ॥

ਕੋਈ ਪਿਆਰ ਮੁਹੱਬਤ ਰਿਹਾ ਨਹੀਂ, ਲੱਗਦਾ ਖ਼ੂਨ ਹੀ ਚਿੱਟਾ ਹੋ ਗਿਆ,
ਮਾਨਵੀ ਜੀਵਨ ਹੈ ਬਣਦਾ ਜਾ ਰਿਹਾ, ਓਪਰਾ ਰੁਖਾ ਜਿਹਾ ਵਿਰਾਨਾਂ॥

ਚੱਸਕਾ ਇੰਦਰੀ ਤੇ ਜੀਭ ਦਾ, ਹੈ ਦਿਨੋਂ ਦਿਨ ਵਧਦਾ ਜਾ ਰਿਹਾ,
ਹੈ ਬੰਦਾ ਬਣਦਾ ਜਾ ਰਿਹਾ, ਪਾਗਲ ਮਜਨੂੰ ਵਾਂਗ ਦੀਵਾਨਾਂ॥

ਮਾਦਕਤਾ ਅਸ਼ਲੀਲਤਾ ਵਿੱਚ, ਹੀ ਹੈ ਲਿਬੜਦਾ ਜਾ ਰਿਹਾ,
ਇਸ ਤੋਂ ਬਿਨਾਂ ਚੰਗਾ ਨਹੀਂ ਲੱਗਦਾ, ਇਸਨੂੰ ਹੋਰ ਕੁੱਝ ਸੁਨਣਾਂ ਸੁਨਾਣਾਂ॥

ਥੋਥੀਆਂ ਫੋਕੀਆਂ ਬੇਮਤਲਬ, ਹਨ ਗਲਾਂ ਚੰਗੀਆਂ ਲੱਗਦੀਆਂ,
ਹੈ ਸੋਚ ਸਮਝ ਹੀ ਵਿਗੜ ਗਈ, ਪੈ ਗਿਆ ਚਸਕਾ ਭੁੱਸ ਵੈਸ਼ਿਆਨਾਂ॥

ਪਰ ਫਿਰ ਵੀ ਅੰਦਰੋਂ ਉਚਾਟ ਹੈ, ਮਨ ਉੱਡਦਾ ਉੱਡਦਾ ਆਖਦਾ,
ਨਹੀਂ ਦਿਲ ਟਿੱਕਦਾ ਪਿਆ ਨਹੀਂ ਠਹਿਰਦਾ, ਨਹੀਂ ਲੱਭਦਾ ਕੋਈ ਟਿਕਾਣਾਂ॥

ਪਿਆ ਭਾਲੇ ਵਿਚੋਂ ਪਦਾਰਥਾਂ, ਮਨ ਸ਼ਾਂਤੀਆਂ ਸੰਤੁਸ਼ਟੀਆਂ,
ਹੈ ਮੂਤ ’ਚੋਂ ਮੱਛੀਆਂ ਭਾਲਦਾ, ਹੋ ਬਹਿਬਲ ਅਤੇ ਨਿਤਾਣਾਂ॥

ਰੱਬ ਮੌਤ ਨੂੰ ‘ਅਰਸ਼ੀ’ ਭੁੱਲ ਗਿਆ, ਮਦ ਮਾਇਆ ਵਿੱਚ ਹੀ ਰੁਲ ਗਿਆ,
ਬਣ ਚੇਲਾ ਕਿਸੇ ਸ਼ੈਤਾਨ ਦਾ, ਚਾਹੁੰਦਾ ਭਰਨੀਆਂ ਉੱਚ ਉਡਾਨਾਂ॥

* * *

# ਇੱਕ ਸਾਦਕੀ ਸੂਫੀਆਨਾ ਜੋਦੜੀ

ਐਸੀ ਕਿਰਪਾ ਕਰੋ ਮੇਰੇ ਦਾਤਾ, ਮੈਂ ਨਿਮਰ ਨਿਮਾਣਾਂ ਹੀ ਬਣਿਆ ਰਹਾਂ॥
ਮਨ ਵਿਚ ਕੋਈ ਹੈਕੜ ਨਾਂ ਉਪਜੇ, ਮੈ ਸਦਾ ਨਿਤਾਣਾਂ ਹੀ ਬਣਿਆ ਰਹਾਂ॥

ਗੁਰੂ ਮੇਰੇ ਸੰਗ ਸਦਾ ਹੈ ਨਾਲ ਹੀ, ਇਹ ਪੱਕਾ ਨਿਸ਼ਠਾ ਬਣਿਆ ਰਹੇ॥
ਸਿਰ ਤੇ ਮਿਹਰਾਂ ਦਾ ਹੱਥ ਰੱਖੋ, ਮੇਰਾ ਸਿਦਕ ਭਰੋਸਾ ਬਣਿਆ ਰਹੇ॥

ਸਤਿਗੁਰ ਦੇ ਸਨਮੁਖ ਬਹਿ ਸੱਕਾਂ, ਗੁਰ ਚਰਨਾਂ ਨਾਲ ਜੁੜਿਆ ਰਹਾਂ॥
ਬਣ ਸੱਕਾਂ ਇੱਕ ਸਿੱਖ ਨਿਮਾਣਾਂ, ਗੁਰ ਸਿਜਦੇ ਅੰਦਰ ਉੜਿਆ ਰਹਾਂ॥

ਵਿੱਸਰ ਜਾਏ ਸਭ ਤਾਤ ਪਰਾਈ, ਖਲੱਕਤ ਵਿੱਚੋਂ ਖਾਲਕ ਨੂੰ ਵੇਖਾਂ॥
ਹੋ ਜਾਏ ਹਿਰਦਾ ਅਸਲੋਂ ਨਿਰਮਲ, ਹਰ ਜ਼ਰੇ-ਜ਼ਰੇ ਵਿੱਚ ਪਾਲਕ ਨੂੰ ਵੇਖਾ॥

ਲੀਣ ਹੋ ਜਾਵਾਂ ਆਪਣੇ ਮੂਲ ਵਿੱਚ, ਅਸਲੋਂ ਹੀ ਮਸਕੀਨ ਹੋ ਜਾਵਾਂ॥
ਭੁੱਲ ਹੀ ਜਾਵਾਂ ਪਰਵਿਰਤੀ ਨੂੰ, ਨਿਰਵਿਰਤੀ ਵਿੱਚ ਵਲੀਣ ਹੋ ਜਾਵਾਂ॥

ਰਹਾਂ ਪੜਦਾ ਸਦਾ ਧੁਰ ਕੀ ਬਾਣੀ, ਆਤਮ ਚਿੰਤਨ ਕਰਦਾ ਰਹਾਂ॥
ਰਾਹੇ ਰੂਹਾਨੀ ਤੁਰਦਾ ਜਾਵਾਂ, ਇਸ ਭਵਸਾਗਰ ਨੂੰ ਤਰਦਾ ਰਹਾਂ॥

ਸ਼ਬਦ ਗੁਰੂ ਵੱਸ ਜਾਏ ਹਿਰਦੇ ਵਿੱਚ, ਮੇਰੀ ਸੁਰਤੀ ਬਿਰਤੀ ਟਿੱਕ ਜਾਵੇ॥
ਲਿਵ ਦੀ ਰਾਹੀ ਲੀਣ ਹੋ ਜਾਵਾਂ, ਸਭ ਧਾਤ ਭੱਟਕਣਾ ਮੁੱਕ ਜਾਵੇ॥

ਚੜਦਾ ਜਾਵਾਂ ਸੱਚ ਦੀ ਪਉੜੀ, ਉੱਚ ਟੀਚੇ ਤੀਕਰ ਪੁੱਜ ਜਾਵਾਂ॥
ਰਾਹ ਵਿੱਚ ਕੋਈ ਅਟੱਕਣ ਨਾਂ ਆਵੇ, ਮਨ ਆਸ਼ੇ ਵਿੱਚ ਹੀ ਰੁੱਝ ਜਾਵਾਂ॥

ਹੈ ਸੱਚ ਦਾ ਮੰਡਲ ਮੰਜ਼ਿਲ ਮੇਰੀ, ਜਿੱਥੇ ਵੱਸਦਾ ਉਹ ਨਿਰੰਕਾਰ ਹੈ॥
ਮੈਂ ਓਸੇ ਦੀ ਹੀ ਅੰਸ ਵੰਸ ਹਾਂ, ਓਹੀ ਮੇਰਾ ਸਿਰਜਨਹਾਰ ਹੈ॥

ਮੈਂ ਰਲਣਾਂ ਹੈ ਆਪਣੇ ਮੂਲ ਵਿੱਚ, ਜਿਵੇਂ ਹੈ ਬੂੰਦ ਸਾਗਰ ਵਿੱਚ ਰਲਦੀ॥
'ਅਰਸ਼ੀ' ਮਾਲਕ ਨੂੰ ਹੈ ਮਿਲਣਾਂ, ਮੈਂ ਵੀ ਬੂੰਦ ਹਾਂ ਉਸੇ ਜਲਦੀ॥

**''ਧਾਤੁ ਮਿਲੈ ਫੁਨਿ ਧਾਤੁ ਕਉ, ਲਿਵ ਲਿਵੈ ਕਉ ਧਾਵੈ॥**
**ਗੁਰ ਪਰਸਾਦੀ ਜਾਣੀਐ, ਤਉ ਅਨਭਉ ਪਾਵੈ॥''**
**(ਪੰਨਾ 724 ਗੁ: ਗ੍ਰੰ: ਸਾ:)**

* * *

## ਅਚਣ ਅਚੇਤੀ ਚੁੱਪ ਚੁਪੀਤੇ

ਅਚਣ ਅਚੇਤੀ ਚੁੱਪ ਚੁਪੀਤੇ, ਕੋਈ ਅਜਬ ਨਜ਼ਾਰਾ ਵੇਖ ਲਿਆ॥
ਵਿੰਹਦੇਸਾਰ ਹੋ ਗਏ ਵਿਸਮਾਦੀ, ਜਦ ਕੋਈ ਝਲਕਾਰਾ ਵੇਖ ਲਿਆ॥

ਭਿੰਨੀ ਭਿੰਨੀ ਮਹਿਕ ਸੁਗੰਧੀ, ਜਾਪੇ ਜਿਦਾਂ ਕਿਸੇ ਖਲਾਰੀ॥
ਮਿੱਠੀ ਮਿੱਠੀ ਖੁਸ਼ਬੋਈ ਦੀ, ਖੋਹਲ ਹੈ ਦਿੱਤੀ ਜਿਵੇਂ ਪਟਾਰੀ॥

ਸੁੰਘਦੇਸਾਰ ਹੀ ਚੜ੍ਹੀ ਖੁਮਾਰੀ, ਮਨ ਮਤਵਾਲਾ ਹੋ ਗਿਆ॥
ਮੌਜ ਮਸਤਿਆ ਤੇ ਅਲਮਸਤਿਆ, ਅੰਦਰ ਬਾਹਰ ਉਜਾਲਾ ਹੋ ਗਿਆ॥

ਇੰਜ ਜਾਪਿਆ ਜਿਵੇਂ ਅਚਾਨਕ, ਪਈਆਂ ਹੋਵਣ ਜਾਗ ਨਸੀਬਾਂ॥
ਇੰਜ ਭਾਸਿਆ ਜਿਵੇਂ ਹੁਣੇ ਹੀ, ਉਮੜ ਪਈਆਂ ਹਨ ਉਮੀਦਾਂ॥

ਇਹ ਕੋਈ ਨਹੀਂ ਸੀ ਸੁਪਨਾਂ ਆਇਆ, ਇਹ ਤਾਂ ਕੋਈ ਚਮਤਕਾਰਸੀ॥
ਨਹੀਂ ਸੀ ਇਹ ਕੋਈ ਕਵੀ ਕਲਪਣਾਂ, ਇਹ ਤਾਂ ਅਣਡਿੱਠਾ ਸੰਸਾਰਸੀ॥

ਐਸਾ ਮਨ ਵਿਸਮਾਦੀ ਹੋਇਆ, ਝਲਕੀ ਵਿੱਚ ਹੀ ਲੀਣ ਹੋ ਗਿਆ॥
ਸੁਰਤ ਮੰਡਲ ਵਿੱਚ ਐਸਾ ਖੁੱਭਿਆ, ਸੋਚਾਂ ਵਿੱਚ ਵਲੀਣ ਹੋ ਗਿਆ॥

ਜਦ ਵੱਸ ਜਾਂਦਾ ਕੁੱਝ ਮਨ ਅੰਦਰ, ਹੈ ਬਿਰਤੀ ਓਧਰ ਹੀ ਝੁੱਕ ਜਾਂਦੀ॥
ਹੈ ਭਰ ਜਾਂਦਾ ਜੋ ਸੁਰਤੀ ਵਿੱਚ, ਹੈ ਸੁਰਤੀ ਓਵੇ ਹੀ ਬਣ ਜਾਂਦੀ॥

ਲੱਗ ਹੈ ਜਾਂਦੀ ਲਗਣ ਜਦ ਕੋਈ, ਫੇਰ ਤਾਂ ਹੋਰ ਕੁੱਝ ਵੀ ਨਹੀਂ ਸੁੱਝਦਾ॥
ਮਨ ਹੋ ਜਾਂਦਾ ਲੀਣ ਵਲੀਣ ਹੀ, ਹੋਰ ਕਿਤੇ ਫਿਰ ਨਹੀਂ ਮਨ ਰੁੱਝਦਾ॥

ਹੈ ਬਣ ਜਾਂਦੀ ਰੁਚੀ ਓਵੇਂ ਹੀ, ਮਨ ਓਸੇ ਵਿੱਚ ਗਲਤਾਨ ਹੋ ਜਾਂਦਾ॥
ਹੈ ਜਿੱਧਰ ਦਾ ਪੈ ਜਾਂਦਾ ਚੱਸਕਾ, ਹੈ ਓਧਰ ਹੀ ਚਾਹਵਾਨ ਹੋ ਜਾਂਦਾ॥

ਪਏ ਗਿਆ ਚੱਸਕਾ ਜੇ ਦੁਨੀਆਂ ਦਾ, ਬਣ ਜਾਂਦਾ ਪੱਕਾ ਸੰਸਾਰੀ॥
ਫਿਰ ਏਥੇ ਹੀ ਰਹੇ ਭਟੱਕਦਾ, ਹੈ ਕਰਦਾ ਰਹਿੰਦਾ ਦੁਨੀਆਂਦਾਰੀ॥

ਪਰ ਜੇ ਲੱਗ ਜਾਏ ਲਗਣ ਇਲਾਹੀ, ਪੈ ਜਾਵੇ ਜੇ ਰਾਹ ਰੂਹਾਨੀ॥
ਉਗਮ ਪਵੇ ਜੇ ਚਾਹਤ ਅੰਦਰ, ਦੇਖਣ ਦੀ ਭੁੱਖ ਨੂਰ ਨੂਰਾਨੀ॥

ਆਪਣਾਂ ਮੂਲ ਪਛਾਣ ਲਵੇ ਜੇ, ਅੰਦਰ ਝਾਤੀ ਮਾਰ ਲਵੇ ਜੇ॥
ਤਾਂਘ ਉਠੇ ਆਤਮ ਚਿੰਤਨ ਦੀ, ਆਪਣੀ ਹਉਮੈ ਮਾਰ ਲਵੇ ਜੇ॥

ਜੰਮਣ ਮਰਨ ਦਾ ਭੇਦ ਪਾਣ ਲਈ, ਉਗਮ ਪਵੇ ਜੇ ਮਨ ਜਗਿਆਸਾ॥
ਇਸ ਗੋਰਖ ਧੰਧੇ ਨੂੰ ਜਾਨਣ ਲਈ, ਜਾਗ ਪਵੇ ਜੇ ਮਨ ਵਿੱਚ ਆਸਾ॥

ਹੋ ਜਾਵੇ ਜੇ ਰਹਿਮਤ ਰੱਬਦੀ, ਹੈ ਫੇਰ ਹੀ ਐਸਾ ਫੁਰਨਾਂ ਫੁਰਦਾ॥
ਪੂਰਬ ਕਰਮ ਜਦੋਂ ਹਨ ਜਾਗਦੇ, ਹੈ ਫੇਰ ਹੀ ਪੱਥਰ ਦਿਲ ਇਹ ਖੁਰਦਾ॥

ਜੋ ਹੋਈ ਝੱਲਕੀ ਰੂਪਮਾਨ ਸੀ, ਉਹ ਛੁੱਪੀ ਹੋਈ ਸੀ ਚਾਹਤ ਮਨ ਦੀ॥
ਸੀ ਦ੍ਰਿਸ਼ ਦਿਖਾਇਆ ਜੋ ਕਰਤੇ ਨੇ, ਵਿੱਚ ਲੁੱਕੀ ਹੋਈ ਖਾਹਸ਼ ਸੀ ਮਨ ਦੀ॥

ਸੀ ਆਸ਼ਾ ਪੂਰੀ ਹੋ ਗਈ ਮਨ ਦੀ, ਜਦ ਨਵੀਂ ਅਨੋਖੀ ਵੇਖੀ ਝਾਕੀ॥
ਸੀ ਅਣਡਿੱਠੀ ਦੁਨੀਆਂ ਵੇਖ ਲਈ, ਜੋ ਅਤਿ ਸੂਖਸ਼ਮ ਤੇ ਸੀ ਇਖਲਾਕੀ॥

ਇਹ ਤਾਂ ਕੋਈ ਕਰਤੇ ਦਾ ਖੇਲਸੀ॥ ਇਹ ਤਾਂ ਕੋਈ ਅਗੰਮੀ ਭੇਦ ਸੀ॥
ਕੋਈ ਲੀਲਾ ਸੀ ਇਹ ਤਾਂ ਮਾਲਕ ਦੀ॥ ਕੋਈ ਦਇਆ ਦਿਆਲੀ ਸੀ ਪਾਲਕ ਦੀ॥

ਜੋ ਦਿੱਸਿਆ ਦੱਸਿਆ ਨਹੀਂ ਜਾਂਦਾ, ਕਹਿਣ ਵਾਸਤੇ ਸ਼ਬਦ ਕੋਈ ਨਹੀਂ॥
ਗੁੰਗੇ ਦੇ ਗੁੜ ਖਾਣ ਵਾਂਗਰਾਂ, ਦੱਸ ਸਕਣ ਲਈ ਸ਼ਬਦ ਕੋਈ ਨਹੀਂ।।

ਪਰ ਲੱਗ ਗਈ ਤਲਬ ਹੈ ਮੁੜ ਵੇਖਣ ਦੀ, ਕਿਵੇਂ ਦੁਬਾਰਾ ਉਸਨੂੰ ਵੇਖਾਂ॥
ਹੈ ਅੰਦਰ ਖਿੱਚ ਅਨੋਖੀ ਤਣ ਗਈ, ਕਿਵੇਂ ਨਜ਼ਾਰਾ ਫਿਰ ਉਹ ਵੇਖਾਂ॥

**ਜੇਹੀ ਸੁਰਤਿ ਤੇਹਾ ਤਿਨ ਰਾਹੁ॥ ਲੇਖਾ ਇਕੋ ਆਵਹੁ ਜਾਹੋ,**
**ਕਾਹੇ ਜੀਅ ਕਰਹਿ ਚਤਰਾਈ॥ ਲੇਵੈ ਦੇਵੈ ਢਿਲਨ ਪਾਈ॥**

ਜਿਨਾਂ ਖਿੱਚ ਬਿਰਹੋਂ ਦੀ ਖਾਧੀ, ਉਹ ਫਿਰ ਕਰ ਅਰਾਮ ਨਹੀਂ ਬਹਿੰਦੇ॥
ਨਿਹੁੰ ਵਾਲੇ ਨੈਣਾਂ ਕੀ ਨੀਦਰ, ਪਏ ਦਿਨੇ ਰਾਤ ਹੀ ਵਹਿੰਦੇ॥

ਬਣ ਜਾਂਦੀ ਹੈ ਸਿੱਕ ਜਦ ਅੰਦਰ, ਹੈ ਹੋ ਜਾਂਦਾ ਫਿਰ ਮਨ ਦੀਵਾਨਾਂ॥
ਲੱਗ ਹੈ ਜਾਂਦੀ ਲਿਵ ਜਦ ਅੰਦਰ, ਹੈ ਬਣ ਜਾਂਦਾ ਸਾਦਕ ਪਰਵਾਨਾਂ॥

ਹੋ ਜਾਂਦਾ ਹੈ ਜਨਮ ਸੁਹੇਲਾ, ਜਦ ਬੂੰਦ ਸਾਗਰ ਵਿੱਚ ਹੈ ਜਾ ਮਿਲਦੀ॥
ਫਿਰ ਜੰਮਨਾਂ ਮਰਨਾਂ ਹੈ ਮੁੱਕ ਜਾਂਦਾ, 'ਅਰਸ਼ੀ' ਜੀਵਨ ਮੁਕਤੀ ਮਿਲਦੀ॥

**'ਸਤ ਸੰਤੋਖ ਹੋਵੈ ਅਰਦਾਸ॥ ਤਾਂ ਸੁਣ ਸਦ ਬਹਾਲੇ ਪਾਸ॥'**
ਫੇਰ ਨਹੀਂ ਲਗਦੀ ਦੇਰੀ ਰਾਈ ਦੀ॥ ਫੇਰ ਹੈ ਜੀਵਨ ਪਦਵੀ ਪਾਈ ਦੀ॥

* * *

## ਸਾਦਕ ਤੇ ਸਾਕਤ ਸੰਵਾਦ (ਗਜ਼ਲ)

ਤੇਰੀ ਆਪਣੀ ਪਸੰਦ ਹੈ, ਹੈ ਮੇਰੀ ਵੀ ਆਪਣੀ ਹੀ ਪਸੰਦ॥
ਤੈਨੂੰ ਤਾਂ ਖੁਦੀ ਪਸੰਦ ਹੈ, ਪਰ ਮੈਨੂੰ ਤਾਂ ਹੈ ਖੁਦਾ ਪਸੰਦ॥

ਤੇਰੀ ਆਪਣੀ ਹੀ ਸੋਚ ਹੈ, ਹੈ ਮੇਰੀ ਵੀ ਸੋਚਾ ਆਪਣੀ;
ਲੋਚਾ ਹੈ ਤੇਰੀ ਵੱਖਰੀ, ਹੈ ਮੇਰੀ ਵੀ ਆਪਣੀ ਉਮੰਗ॥

ਤੂੰ ਹੋਰ ਹੀ ਮਨ ਵਿੱਚ ਧਾਰਿਆ, ਮੈਂ ਹੋਰ ਹਾਂ ਬਣਦਾ ਜਾ ਰਿਹਾ;
ਹੈ ਤੈਨੂੰ ਫਿਕਰਾਂ ਨੇ ਖਾ ਲਿਆ, ਪਰ ਮੈਂ ਤਾਂ ਮਸਤ ਹਾਂ ਮਲੰਗ॥

ਤੂੰ ਬਣ ਗਿਆ ਨਿਰਾ ਸਵਾਰਥੀ, ਹੈ ਲੋਚਾ ਹੀ ਤੇਰੀ ਪਦਾਰਥੀ;
ਭਰੀ ਜਾਵੇਂ ਤੂੰ ਤਿਜੋਰੀਆਂ, ਪਰ ਮੈਂ ਤ੍ਰਿਪਤ ਹਾਂ ਅਨੰਦ॥

ਤੂੰ ਮਾਇਆ ਪੁਜਾਰੀ ਹੈਂ ਬਣ ਗਿਆ, ਪਿਆ ਕਰਦਾ ਲੋਕਾਚਾਰੀਆਂ;
ਪੱਕਾ ਵਪਾਰੀ ਹੀ ਬਣ ਗਿਆ, ਹੈ ਚੜ ਗਿਆ ਪੱਕਾ ਰੰਗ॥

ਤੈਨੂੰ ਭੁੱਲ ਗਿਆ ਆਪਣਾਂ ਮੂਲ ਹੀ, ਵਿਰਸਾ ਹੀ ਲੱਗੇ ਵਿਸਾਰਿਆ,
ਕੋਈ ਦੀਨ ਧਰਮ ਨਹੀਂ ਪਾਲਿਆ, ਉੱਕਾ ਹੋ ਗਿਆ ਅਪੰਗ॥

ਮੈਂ ਰਸਤਾ ਰੂਹਾਨੀ ਫੜ ਲਿਆ, ਹਾਂ ਸਾਦਕ ਤੇ ਸਾਧੂ ਬਣ ਗਿਆ;
ਹੈ ਇਕੋ ਇਰਾਦਾ ਹੀ ਕਰ ਲਿਆ, ਹੈ ਜਿਤਨੀ ਜੀਵਨ ਜੰਗ॥

ਪਈ ਕਿਰਦੀ ਹੈ ਜਾਂਦੀ ਜ਼ਿੰਦਗੀ, ਤਿੜਕੇ ਘੜੇ ਦੇ ਪਾਣੀ ਵਾਂਗੂੰ;
ਹੈ ਮੁੱਕ ਜਾਣੀ ਜੀਵਨ ਕਹਾਣੀ, ਜਿੰਦ ਲੱਗਦੀ ਕੱਚੀ ਵੰਗ॥

ਹੈਂ 'ਅਰਸ਼ੀ' ਨੂੰ ਚਿੰਤਾ ਖਾ ਰਹੀ, ਜਿੰਦੜੀ ਹੈ ਗੁਜਰਦੀ ਜਾ ਰਹੀ;
ਪਰ ਜੇਕਰ ਹਾਲੇ ਵੀ ਸੰਭਲੇ ਨਾਂ, ਹੈ ਸੁੱਕ ਜਾਣੀ ਜੀਵਨ ਰੰਗ॥

**''ਬੰਦੇ ਖੋਜ ਦਿਲ ਹਰ ਰੋਜ, ਨਾਂ ਫਿਰਿ ਪਰੇਸ਼ਾਨੀ ਮਾਹਿ॥
ਇਹ ਜੋ ਦੁਨੀਆ ਸਿਹਰ ਮੇਲਾ, ਦਸਤਗੀਰੀ ਨਾਹਿ॥''**

* * *

## ਅਗੋਂ ਦੇ ਜੇ ਚੇਤੀਐ

ਆਪਣੀਆਂ ਕਰਨੀਆਂ ਤਾਂ, ਪੈਂਦੀਆਂ ਹੀ ਭਰਨੀਆਂ ਨੇ,
ਕੀਤੇ ਗਏ ਕਰਮਾਂ ਦੇ, ਹਨ ਫਲ ਪੈਂਦੇ ਖਾਣੇ॥
ਆਪੇ ਜੋ ਬੀਜਿਆ ਸੀ, ਉਹ ਪਵੇ ਵੱਢਣਾਂ ਵੀ,
ਜੋ ਕੀਤੇ ਗਏ ਕਰਮ ਕਾਰੇ, ਹਨ ਪੈਂਦੇ ਹੰਢਾਣੇ॥

ਜੂਨੀ ਮਾਨੁੱਖ ਦੀ ਨੂੰ, ਕਰਮ ਜੂਨੀ ਆਖਦੇ ਨੇ,
ਹਨ ਏਥੇ ਕਰਮਾਂ ਤੇ ਹੀ, ਹੋਂਦੇ ਸਾਰੇ ਨਿਬੇੜੇ॥
ਇਹ ਦੁੱਖ ਸੁੱਖ ਤੇ ਜਨਮ ਮਰਨ, ਹਨ ਹੋਂਦੇ ਕਰਮਾਂ ਦੇ ਕਾਰਨ,
ਹਨ ਏਹਨਾਂ ਹੀ ਕਾਰਨ, ਵੱਖ ਵੱਖ ਜੂਨਾਂ ਦੇ ਗੇੜੇ॥

ਐਪਰ ਇਕੋ ਹੀ ਕੇਵਲ, ਹੈ ਜੂਨੀ ਮਨੁੱਖ ਦੀ ਹੀ,
ਜੋ ਆਪਣੇ ਕਰਮਾਂ ਨੂੰ, ਹੈ ਆਪ ਘੜ ਸਕਦੀ॥
ਬਾਕੀ ਤਾਂ ਸਾਰੀਆਂ ਹੀ, ਹਨ ਭੋਗ ਜੂਨੀਆਂ ਹੀ,
ਨਹੀਂ ਕੋਈ ਵੀ ਭੁਗਤਣ ਵੇਲੇ, ਰਤਾ ਅੜ ਸਕਦੀ॥

ਪਰ ਚੰਗੇ ਕਰਮਾਂ ਦੇ ਬਲਬੂਤੇ, ਕੁੱਝ ਥੋੜੇ ਮਾਨਵ ਹੀ,
ਹਨ ਆਪਣੇ ਮੂਲ ਤੇ ਵਿਰਸੇ ਨੂੰ ਪਛਾਣਦੇ॥
ਬਹੁਤੇ ਤਾਂ ਪਸ਼ੂਆਂ ਵਾਂਗਰ, ਜੂਨ ਹੀ ਕੱਟਦੇ ਨੇ,
ਨਹੀਂ ਅੰਦਰ ਝਾਕਦੇ, ਨਹੀਂ ਆਪੇ ਨੂੰ ਜਾਣਦੇ॥

ਹਨ ਬਾਹਰਮੁਖੀ ਹੁੰਦੇ ਜਿਹੜੇ, ਉਹ ਹੋਰਾਂ ਨੂੰ ਟੋਕਦੇ ਨੇ,
ਆਪ ਨਹੀਂ ਸੋਚਦੇ, ਉਹ ਆਪ ਨਹੀਂ ਸੁਧਰਦੇ॥
ਕਰ ਕਰਕੇ ਆਪਣੀ ਮਰਜੀ, ਸੋਚ-ਸੋਚ ਐਵੇਂ ਹੀ ਫਰਜੀ,
ਲੇਟ-ਲੇਟ ਗੰਦ ਵਿੱਚ, ਹਨ ਹੋਰ ਜਾਂਦੇ ਲਿਬੜਦੇ॥

ਪਰ ਉਹ ਵੀ ਕੀ ਕਰਨ ਵਿਚਾਰੇ, ਹਨ ਭਾਗ ਹੀ ਧੁਰ ਤੋਂ ਮਾੜੇ,
ਜੋ ਕੀਤੇ ਗਏ ਕਾਲੇ ਕਾਰੇ, ਉਹ ਪੈਂਦੇ ਨੇ ਭੁੱਗਤਣੇ॥
ਦੁੱਖ ਸੁੱਖ ਤਾਂ ਫਲ ਹੁੰਦੇ ਨੇ, ਭੋਗੇ ਬਿਨ ਭੱਜ ਨਹੀਂ ਸਕਦੇ,
ਦਿੱਤੇ ਗਏ ਦੰਡ ਖੁਦਾਈ, ਪੈਣ ਸਭਨਾਂ ਨੂੰ ਭੁੱਗਤਣੇ॥

ਜਿਨ੍ਹਾਂ ਦੇ ਭਾਗ ਚੰਗੇਰੇ, ਸੁੱਤੇ ਕਰਮ ਜਾਗ ਪੈਂਦੇ ਨੇ,
ਰੱਬ ਜੀ ਦੀ ਰਹਿਮਤ ਸਦਕਾ, ਗਿਆਨ ਹੈ ਪ੍ਰਕਾਸ਼ ਦਾ॥
ਸੋਝੀ ਦੀ ਗੰਢ ਖੁੱਲ ਜਾਂਦੀ, ਬਣ ਜਾਂਦਾ ਗਿਆਨ ਗੁਰੂ ਹੀ,
ਟਿੱਕ ਜਾਂਦੀ ਸੁਰਤੀ ਬਿਰਤੀ, ਫਿਰ ਧਿਆਨ ਵੀ ਵਿਗਾਸਦਾ॥

ਹੈ ਸਮਝ ਵਿੱਚ ਆਉਂਦਾ ਤਾਂ ਹੀ, ਜੇ ਧਿਆਨ ਨਾਲ ਸੁਣਿਆ ਹੋਵੇ,
ਸੁਨਣਾਂ ਤਾਂ ਕਲਾ ਹੈ ਹੁੰਦੀ, ਹਰ ਕੋਈ ਨਹੀਂ ਸਮਝਦਾ॥
ਜਿਸ ਪੂਰਾ ਸੁਣਿਆਂ ਹੀ ਨਹੀਂ, ਉਹ ਰਹਿੰਦਾ ਭਟੱਕਦਾ ਹੈ,
ਨਹੀਂ ਮਾਸਾ ਵੀ ਸਮਝਦਾ, ਹੈ ਮਤਲਬ ਕੀ ਰਮਜ਼ ਦਾ॥

ਹਨ ਜੀਵਨ ਦੇ ਦੋ ਹੀ ਰਸਤੇ, ਜੀਵਨ ਗੁਜਾਰਨ ਦੇ ਲਈ,
ਇੱਕ ਹੈ ਨਿਰਵਿਰਤੀ ਮਾਰਗ, ਤੇ ਦੂਜੇ ਨੂੰ ਆਖਣ ਪਰਵਿਰਤੀ॥
ਨਿਰਵਿਰਤੀ ਹੈ ਰਸਤਾ ਨਿਰੰਕਾਰੀ, ਜੋ ਹੋਂਦਾ ਕਲਿਆਣਕਾਰੀ,
ਇਸ ਵਿੱਚ ਚੌਕੰਨੀ ਕਰਨੀ, ਪੈਂਦੀ ਹੈ ਸੁਰਤੀ ਬਿਰਤੀ॥

**''ਪਰਵਿਰਤਿ ਮਾਰਗੁ ਜੇਤਾ ਕਿਛੁ ਹੋਈਐ, ਤੇਤਾ ਲੋਗ ਪਚਾਰਾ॥**
**ਜਉ ਲਉ ਰਿਦੈ ਨਹੀਂ ਪਰਗਾਸਾ, ਤਉ ਲਉ ਅੰਧ ਅੰਧਾਰਾ॥''**

ਪਰਵਿਰਤੀ ਹੈ ਦੁਨੀਆਂਦਾਰੀ, ਧੋਖੇ ਠੱਗੀਆਂ ਲੋਕਾਚਾਰੀ,
ਹੈ ਅੰਦਰ ਲੁਕਿਆ ਹੋਇਆ ਹੋਂਦਾ, ਮਾਯਾਵੀ ਝੂਠਾ ਕੂੜ ਕਬਾੜਾ॥
ਜੋ ਹੁੰਦਾ ਅਗਿਆਨ ਹਨੇਰਾ, ਕਾਲਾ ਕੋਝਾ ਚਾਰ ਚੁਫੇਰਾ,
ਕਾਲੀਆਂ ਸੋਚਾਂ ਕਾਲੇ ਕਾਰੇ, ਹੈ ਹੋਂਦਾ ਹਸ਼ਰ ਜਿਨ੍ਹਾਂ ਦਾ ਮਾੜਾ॥

ਭਟਕਨਾਵਾਂ ਹਨ ਵੱਧੀ ਜਾਂਦੀਆਂ, ਹਨ ਵੱਧੀ ਜਾਂਦੀਆਂ ਪਰੇਸ਼ਾਨੀਆਂ,
ਕਿੱਧਰੇ ਮਨ ਨੂੰ ਚੈਨ ਨਹੀਂ ਮਿਲਦੀ, ਕਿਤੇ ਨਹੀਂ ਮਲਿਦੀਆਂ ਸੁੱਖ ਸ਼ਾਂਤੀਆਂ॥
ਹਨ ਵੱਧੀ ਜਾਂਦੀਆਂ ਬਦਮਗਜ਼ੀਆਂ, ਫਿਕਰਾਂ ਚਿੰਤਾਵਾਂ ਖੁਦਗਰਜ਼ੀਆਂ,
ਪਈਆਂ ਮੁੱਕਣ ਵਿੱਚ ਹੀ ਨਹੀਂ ਆਂਦੀਆਂ, ਇਸ ਲੋਭੀ ਮਨ ਦੀਆਂ ਭਰਮ ਭ੍ਰਾਂਤੀਆਂ॥

ਹੈ ਇਹ ਤਾਂ ਬੰਦੇ ਨੇ ਹੀ ਸੋਚਣਾਂ, ਹੈ ਕਿਹੜਾ ਰਸਤਾ ਉਸਨੇ ਚੁਨਣਾਂ,
ਹੈ ਫੱਸਿਆ ਰਹਿਣਾਂ ਵਿੱਚ ਪਰਵਿਰਤੀ, ਜਾਂ ਇਸ ਤੋਂ ਹੈ ਛੁਟਕਾਰਾ ਪਾਣਾਂ॥
ਰਾਹ ਰੂਹਾਨੀ ਨੂੰ ਹੈ ਫੜਨਾਂ, ਜਾਂ ਹੈ ਕਰਨੀ ਦੁਨੀਆਂਦਾਰੀ,
ਹੈ ਇਕੋ ਪਾਸੇ ਪੈਣਾਂ ਜਾਣਾਂ, ਆਪੇ ਖੱਟਕੇ ਆਪੇ ਖਾਣਾਂ॥

ਹੈ ਚੁਨਣਾਂ ਪੈਣਾਂ ਹੁਣੇ ਹੀ ਰਸਤਾ, ਰਿਹਾ ਸਮਾਂ ਨਹੀਂ ਹੁਣ ਸੋਚਣ ਦਾ,
ਆਖ਼ਰੀ ਵੇਲੇ ਕੁੱਝ ਨਹੀਂ ਹੋਣਾਂ, ਜੋ ਕਰਨਾਂ ਹੈ ਹੁਣੇ ਹੀ ਕਰਨਾਂ॥
ਕੋਈ ਨਹੀਂ ਭਰੋਸਾ ਜਿੰਦਗਾਨੀ ਦਾ, ਇਹ ਤਾਂ ਪਾਣੀ ਵਿਚ ਪਤਾਸਾ,
ਪੈਣਾਂ 'ਅਰਸ਼ੀ' ਹੁਣੇ ਸੰਭਲਣਾਂ, ਹੈ ਹੁਣੇ ਹੀ ਕਰਨਾਂ ਪੈਣਾ ਨਿਰਨਾਂ॥

**'ਅਗੋਂ ਦੇ ਜੇ ਚੇਤੀਐ, ਤਾਂ ਕਾਇਤ ਮਿਲੈ ਸਜਾਇ॥'**
ਐਸੀ ਜੀਵਨ ਸ਼ੈਲੀ ਘੜੀਏ ਪਿਛੋਂ ਪੈਣਾਂ ਨਾਂ ਪਛਤਾਇ॥
**ਆਪੁ ਸਵਾਰੈ ਮੈ ਮਿਲਹਿ, ਮੈਂ ਮਿਲਆਂ ਸੁਖ ਹੋਇ।**
ਆਪਣਾਂ ਆਪ ਸਵਾਰ ਲਈਏ ਜੇ, ਫਿਰ ਜੀਵਨ ਵਿੱਚ ਦੁੱਖ ਨਹੀਂ ਕੋਇ॥

* * *

## ਜਿਸਨੂੰ ਤੇਰੀ ਮਿਹਰ ਸੋ ਤੇਰੀ ਬੰਦਗੀ (ਸੂਫ਼ੀ ਗੀਤ)

ਅੱਠੇ ਪਹਿਰ ਹੀ ਹਰਸ਼ ਖੁਮਾਰੀਆਂ, ਹਨ ਮਿਹਰਾਂ ਵਾਲੇ ਨੇ ਬਖਸ਼ੀਆਂ॥
ਮਨ ਵੱਸ ਗਈਆਂ ਯਾਦਾਂ ਪਿਆਰੀਆਂ, ਬਣ ਗਈਆਂ ਆਤਮ ਮਸਤੀਆਂ॥

ਸ਼ੁਕਰ ਸ਼ੁਕਰ ਹਾਂ ਰਹਿੰਦਾ ਕਰਦਾ, ਪਈਆਂ ਅੱਖੀਆਂ ਜਾਵਣ ਮੀਚੀਆਂ॥
ਪਏ ਜੁੜਦੇ ਜਾਂਦੇ ਹੱਥ ਆਪੇ ਹੀ, ਹਨ ਰਹਿਮਤਾਂ ਵੱਡੀਆਂ ਕੀਤੀਆਂ॥

**'ਘਰ ਸੁਖ ਵਸਿਆ ਬਾਹਰ ਸੁਖ ਪਾਇਆ'**, ਹੋ ਗਈਆਂ ਮਿਹਰਾਂ ਗੁਰਾਂ ਦੀਆਂ॥
ਆਪਣੀ ਚਰਨੀ ਆਪੇ ਲਾ ਲਿਆ, ਜਾਗੀਆਂ ਲਿਖੀਆਂ ਧੁਰਾਂ ਦੀਆਂ॥

ਹੋ ਗਏ ਤਨ ਮਨ ਹਲਕੇ ਹੌਲੇ, ਹਨ ਮਿਲ ਗਈਆਂ ਤੰਦਰੁਸਤੀਆਂ॥
ਫੁੱਲਾਂ ਵਾਂਗਰ ਮਹਿਕੇ ਟਹਿਕੇ, ਨੱਚੇ ਚਾਅ ਬਣ ਚੁਸਤੀਆਂ॥

**''ਜਿਸ ਨੋ ਤੂੰ ਪ੍ਰਭ ਵਲਿ, ਤਿਸ ਕਿਆ ਮੁਹਛੰਦਗੀ॥**
**ਜਿਸਨੂੰ ਤੇਰੀ ਮਿਹਰ, ਸੋ ਤੇਰੀ ਬੰਦਗੀ॥''**
**(ਪੰਨਾ 961 ਗੁ. ਗ੍ਰੰ. ਸਾ:)**

ਨਹੀਂ ਬੰਦੇ ਦੇ ਕੁੱਝ ਵੀ ਵੱਸ ਵਿੱਚ, ਸਭ ਕੁੱਝ ਮਾਲਕ ਵੱਸ ਹੈ॥
ਹੈ ਸਭ ਕਰਤੇ ਦੇ ਹੱਥ ਵੱਸ ਵਿੱਚ, ਨਹੀਂ ਬੰਦੇ ਦੇ ਕੁੱਝ ਹੱਥ ਹੈ॥

ਹਨ ਦਾਤੇ ਦੇ ਹੱਥ ਵਡਿਆਈਆਂ, ਉਹ ਜਿਸਨੂੰ ਚਾਹੇ ਹੈ ਬਖਸ਼ਦਾ॥
ਹੈ ਨਦਰੋ ਨਦਰ ਨਿਹਾਲ ਕਰ ਦੇਂਦਾ, ਜਿਨ੍ਹਾਂ ਤੇ ਉਹ ਬਰਸਦਾ॥

ਕੋਈ ਹੋ ਜਾਂਦਾ ਉਸਦੇ ਨੇੜੇ, ਤੇ ਕੋਈ ਹੈ ਦੂਰ ਹੋ ਜਾਂਦਾ॥
ਪਿਆ ਕੋਈ ਵਿਛੜੇ ਤੇ ਕੋਈ ਮਿਲਦਾ, ਇਹ ਉਸਦਾ ਦਸਤੂਰ ਹੋ ਜਾਂਦਾ॥

ਹੈ ਹੁੰਦਾ ਜਿਸ ਤੇ ਆਪ ਦਿਆਲੂ, ਲੜ ਆਪਣੇ ਹੀ ਲਾ ਲੈਂਦਾ॥
ਮੱਦ ਮਾਇਆ ਚੋਂ ਕੱਢ ਹੈ ਦਿੰਦਾ, ਰਾਹ ਆਪਣੇ ਹੀ ਪਾ ਦੇਂਦਾ॥

**''ਜਾ ਕਉ ਬਏ ਕਿਰਪਾਲ ਪ੍ਰਭ, ਹਰਿ ਹਰਿ ਸੇਈ ਜਪਾਤ॥**
**ਨਾਨਕ ਪ੍ਰੀਤਿ ਲਗੀ ਤਿਨ ਰਾਮ ਸਿਉ, ਭੇਟਤ ਸਾਧ ਸੰਗਤ॥''**

ਜਦ ਬੂੰਦ ਹੈ ਸਾਗਰ ਵਿੱਚ ਮਿਲ ਜਾਂਦੀ, ਹੈ ਸਾਗਰ ਦਾ ਹੀ ਰੂਪ ਵਟਾਂਦੀ॥
ਨਹੀਂ ਫਿਰ ਰਹਿੰਦਾ ਕੋਈ ਵਖਰੇਵਾਂ, ਫਿਰ ਸਾਗਰ ਹੀ ਪਈ ਅਖਵਾਂਦੀ॥

ਆਪਣੇ ਮੂਲ ਚ ਰਲਕੇ 'ਅਰਸ਼ੀ', ਹੈ ਆਤਮ ਵੀ ਪਰਮਾਤਮ ਹੋ ਜਾਂਦਾ॥
ਆਤਮ ਪਰਮਾਤਮ ਹੈ ਇਕੋ ਹੀ, ਨਹੀਂ ਕੋਈ ਵੀ ਭਿੰਨ ਭੇਦ ਰਹਿ ਜਾਂਦਾ॥

* * *

# ਹੇ ਅਰਸ਼ੀ ਪ੍ਰੀਤਮਾਂ ਬਾਬਾ ਨਾਨਕਾ !

ਹੇ ਅਰਸ਼ੀ ਪ੍ਰੀਤਮਾਂ ਬਾਬਾ ਨਾਨਕਾ! ਭੁੱਲਿਆਂ ਨੂੰ ਰਾਹੇ ਪਾਵਣ ਵਾਲਿਆ!!
ਕਿਦਾਂ ਕਿੰਞ ਕਰਾਂ ਸ਼ੁਕਰਾਨੇ, ਮਨ ਅੰਦਰ ਜੋਤ ਜਗਾਵਣ ਵਾਲਿਆ!!
ਸਮਝ ਸੋਝੀਆਂ ਬਖਸ਼ਣ ਵਾਲਿਆ! ਧੌਂਸ ਹੈਂਕੜਾਂ ਢਾਹਵਣ ਵਾਲਿਆ!!
ਡਿੱਗੇ ਗਲੇ ਲਗਾਵਣ ਵਾਲਿਆ! ਨੀਚੋਂ ਊਚ ਬਨਾਵਣ ਵਾਲਿਆ!!

ਹੋ ਜਾਵਣ ਜੇ ਮਿਹਰਾਂ ਤੇਰੀਆਂ, ਹੈ ਤਿਨਕਾ ਵੀ ਕੋਹਿਤੂਰ ਹੋ ਜਾਂਦਾ॥
ਤੇਰੀਆਂ ਰਹਿਮਤਾਂ ਹੋ ਜਾਵਣ ਜੇ, ਹੈ ਕਿਨਕਾਂ ਕੋਹਿਨੂਰ ਹੋ ਜਾਂਦਾ॥
**ਜੈਸਾ ਸਤਿਗੁਰ ਸੁਣੀਦਾ, ਤੈਸੋ ਹੀ ਮੈਂ ਡੀਠੁ॥**
**ਵਿਛੁੜਿਆਂ ਮੇਲੇ ਪ੍ਰਭੂ, ਹਰਿ ਦਰਗਹ ਕਾ ਬਸੀਠੁ॥**
**(ਪੰਨਾ 957 ਗੁ: ਗ੍ਰੰ: ਸਾ:)**

ਤੇਰੀ ਨਜਰ ਸਵੱਲੀ ਹੋ ਗਈ, ਹੈ ਬਦਲ ਗਈ ਮੇਰੀ ਸੁਰਤ ਸੋਚਣੀ।।
ਵੱਸ ਹਨ ਗਈਆਂ ਮਨ ਸੰਤੁਸ਼ਟੀਆਂ, ਹੈ ਸੁੱਕ ਗਈ ਥੋਥੀ ਲੋਚ ਲੋਚਣੀ॥
ਹੈ ਬਣ ਗਈ ਸੁਰਤੀ ਕਮਲ ਵਾਂਗਰਾਂ, ਰੱਚ ਗਈ ਹੈ ਬਿਰਤੀ ਵਿੱਚ ਗੁਰਬਾਣੀ;
ਜਿਸ ਜੀਵਨ ਕਾਇਆ ਪਲਟ ਹੈ ਦਿੱਤੀ, ਹੈ ਬਣ ਗਈ ਬਾਣੀ ਸੰਕਟ ਮੋਚਣੀ॥

ਹੁਣ ਜੀਵਨ ਦੀਆਂ ਅਮੋਲਕ ਘੜੀਆਂ, ਸੁੱਖ ਸ਼ਾਂਤੀ ਵਿੱਚ ਗੁਜ਼ਾਰ ਰਿਹਾ ਹਾਂ॥
ਸ਼ੁਕਰ ਸ਼ੁਕਰ ਨਹੀਂ ਕਰਦਾ ਰੱਝਦਾ, ਲੋਕ ਪਰਲੋਕ ਸਵਾਰ ਰਿਹਾ ਹਾਂ॥
ਹੈ ਜਨਮ ਸੁਹੇਲਾ ਹੋ ਗਿਆ ਜਾਪਦਾ, ਗੁਰ ਨਜ਼ਰ ਸਵੱਲੀ ਲੱਗਦੀ ਹੋਈ;
ਹੁਣ ਅੱਠੇ ਪਹਿਰ ਦਿਨੇ ਤੇ ਰਾਤਾਂ, ਗੁਰ ਚਰਨਾਂ ਵਿੱਚ ਗੁਜਾਰ ਰਿਹਾ ਹਾਂ॥

ਹੈ ਬਣ ਗਿਆ ਵਾਤਾਵਰਣ ਸੁਹਾਵਣਾ, ਚਾਰ ਚੁਫੇਰੇ ਖੇੜਾ ਖੇੜਾ॥
ਸੱਜਣ ਸਾਥੀ ਸਤਿਗੁਰ ਬਣ ਗਿਆ, ਕੋਈ ਰਹਿਣ ਨਹੀਂ ਦਿੱਤਾ ਭਰਮ ਹਨੇਰਾ॥
ਹੁਣ ਬਾਣੀ ਹੀ ਬਣ ਗਈ ਹੈ ਬੰਦਗੀ, ਬਾਣੀ ਬਿਨਾਂ ਨਹੀਂ ਹੁਣ ਜ਼ਿੰਦਗੀ;
ਹੈ ਹਿਰਦੇ ਅੰਦਰ ਵੱਸ ਗਈ ਬਾਣੀ, ਗੁਰ ਚਰਨਾਂ ਵਿੱਚ ਹੀ ਲਾ ਲਿਆ ਡੇਰਾ॥

ਸਫਲ ਕਰਨ ਲਈ ਜੀਵਨ ਯਾਤਰਾ, ਹੈ ਫੜ ਲਿਆ ਪੱਲਾ ਸ਼ਬਦ ਗੁਰੂ ਦਾ॥
ਜੰਮਣ ਮਰਨ ਤੋਂ ਮੁਕਤੀ ਪਾਣ ਲਈ, ਹੈ ਫੜ ਲਿਆ ਪੱਲਾ ਸ਼ਬਦ ਗੁਰੂ ਦਾ॥
ਹੁਣ ਗੁਰੂ ਮੇਰੇ ਸੰਗ ਸਦਾ ਹੈ ਨਾਲੇ, ਹਰ ਦਮ ਗੁਰਾਂ ਨੂੰ ਰਹਾਂ ਚਿਤਾਰਦਾ;
ਪੂਰਾ ਚੇਤਨ ਹੋ ਚੌਕੰਨਾ, ਹਾਂ ਕਰਦਾ ਰਹਿੰਦਾ ਅਦਬ ਗੁਰੂ ਦਾ॥

ਹੈ ਰਾਹ ਰੂਹਾਨੀ ਜਦ ਤੋਂ ਫੜਿਆ, ਹੈ ਜੀਵਨ ਦਾ ਅਨੰਦ ਹੀ ਆ ਗਿਆ॥
ਜਦ ਤੋਂ ਗੁਰਾਂ ਦਾ ਪੱਲਾ ਫੜ ਲਿਆ, ਆਤਮ ਰਸ ਹੈ ਅੰਦਰ ਛਾ ਗਿਆ॥
ਆਤਮ ਚਿੰਤਨ ਕਰਦੇ ਕਰਦੇ, ਮੈਂ ਆਪਣਾ ਮੂਲ ਪਛਾਣ ਲਿਆ ਹੈ;
ਆਤਮ ਪਰਮਾਤਮ ਹੈ ਇਕੋ ਹੀ, ਹੈ ਗੁੱਝਾ ਭੇਦ ਸਮਝ ਵਿੱਚ ਆ ਗਿਆ॥

ਹੁਣ ਕੋਈ ਦੁਨਿਆਵੀ ਲੋੜ ਰਹੀ ਨਹੀਂ, ਹਨ ਸਾਰੇ ਕਾਰਜ ਹੋ ਗਏ ਪੂਰੇ॥
ਹੁਣ ਮੰਗਣ ਦੀ ਵੀ ਲੋੜ ਰਹੀ ਨਹੀਂ, ਹੈ ਐਸਾ ਕਰ ਦਿੱਤਾ ਭਰਪੂਰੇ॥
**'ਆਪੁ ਸਵਾਰਹਿ ਮੈਂ ਮਿਲਹਿ, ਮੈਂ ਮਿਲਿਆ ਸੁਖ ਹੋਇ;**
ਹੋ ਜਾਈਏ ਜੇ ਉਸ ਸਮਰਪਣ, ਹੈ ਕਰ ਦੇਂਦਾ ਉਹ ਨੂਰੇ-ਨੂਰੇ॥

ਹੁਣ ਮੈਂ ਨਹੀਂ, ਹੈ ਗੁਰੂ ਹੀ ਮੇਰਾ, ਮੈਂ ਆਪਣੀ ਹਉ ਨੂੰ ਮਾਰ ਲਿਆ ਹੈ॥
ਹੁਣ ਮੈਂ ਕੇਵਲ ਕੱਠਪੁਤਲੀ ਹਾਂ, ਏਹੀ ਮਨ ਵਿੱਚ ਧਾਰ ਲਿਆ ਹੈ॥
ਜੋ ਗੁਰ ਆਖੇ ਓਹੀ ਕਰਨਾਂ, ਗੁਰ ਆਸ਼ੇ ਤੋਂ ਬਾਹਰ ਨਹੀਂ ਹੋਣਾਂ;
'ਅਰਸ਼ੀ' ਬਣ ਕੇ ਸਿੱਖ ਨਾਨਕ ਦਾ, ਮੈਂ ਲੋਕ ਪਰਲੋਕ ਸਵਾਰ ਲਿਆ ਹੈ॥

**"ਸੋ ਸਿਖੁ ਸਖਾ ਬੰਧਪੁ ਹੈ ਭਾਈ, ਜਿ ਗੁਰ ਕੇ ਭਾਣੇ ਵਿਚਿ ਆਵੈ॥
ਆਪਣੈ ਭਾਣੈ ਜੋ ਚਲੈ ਭਾਈ, ਵਿਛੁੜਿ ਚੋਟਾ ਖਾਵੈ॥
ਬਿਨੁ ਸਤਿਗੁਰ ਸੁਖ ਕਦੇ ਨਾ ਪਾਵੈ ਭਾਈ, ਫਿਰਿ ਫਿਰਿ ਪਛੋਤਾਵੈ॥
ਏ ਮਨ! ਮਤ ਜਾਣਹਿ ਹਰਿ ਦੂਰਿ ਹੈ, ਸਦਾ ਵੇਖੁ ਹਦੂਰਿ॥
ਸਦ ਸੁਣਦਾ ਸਦ ਵੇਖਦਾ, ਸਬਦਿ ਰਹਿਆ ਭਰਪੂਰਿ॥"
(ਪੰਨਾ 429 ਗੁ. ਗ੍ਰ. ਸਾ.)**

* * *

# ਇਕ ਆਦਰਸ਼ਕ ਰਹਿਣੀ ਬਹਿਣੀ

ਰੱਬੀ ਰਜ਼ਾ ਵਿੱਚ ਰਹਿਣ ਦੀਆਂ, ਪਏ ਜਾਣ ਬੰਦੇ ਨੂੰ ਜੇ ਆਦਤਾਂ,
ਕੁਦਰਤੀ ਢੰਗ ਨਾਲ ਜੀਣਦੀਆਂ, ਬਣ ਜਾਣ ਜੇਕਰ ਵਾਦੀਆਂ॥
''**ਜੋ ਹੋਆ ਹੋਵਤ ਸੋ ਜਾਨੈ॥ ਪ੍ਰਭ ਅਪਨੇ ਕਾ ਹੁਕਮੁ ਪਛਾਨੈ॥**''
ਫਿਰ ਕੋਈ ਚਿੰਤਾ ਰੋਗ ਨਹੀਂ ਕੋਈ, ਫਿਰ ਹਰ ਪਾਸੇ ਖੁਸ਼ੀਆਂ ਸ਼ਾਦੀਆਂ॥

ਇਹ ਮਾਨਵ ਜੀਵਨ ਹੈ ਦਾਤ ਅਮੋਲਕ, ਇਹ ਤਾਂ ਇਕ ਵਰਦਾਨ ਹੈ॥
ਹੈ ਇਹ ਰਹਿਮਤ ਉਸ ਕਰਤੇ ਦੀ, ਇਹ ਬਖਸ਼ਿਸ਼ ਬੜੀ ਮਹਾਨ ਹੈ॥
ਭੁਗਤ ਭੁਗਤ ਤੇ ਤ੍ਰਿਗਦ ਜੂਨੀਆਂ, ਮਸਾਂ ਹੈ ਮਿਲਿਆ ਮਾਨਵ ਜੀਵਨ;
ਹੁਣ ਨਹੀਂ ਐਵੇ ਰੋਲ ਹੀ ਦੇਣਾਂ, ਬਨਣਾ ਚੰਗਾ ਨੇਕ ਇਨਸਾਨ ਹੈ॥

ਹਰ ਜੀਵਨ ਵਿੱਚ ਜੋਤ ਹੈ ਰੱਬ ਦੀ, '**ਸਭ ਮਹਿ ਜੋਤਿ ਜੋਤਿ ਹੈ ਸੋਇ॥**'
ਜੋ ਰੁਮਕ ਰਹੀ ਹੈ ਹਰ ਹਿਰਦੇ ਵਿੱਚ, '**ਤਿਸਦੈ ਚਾਨਣਿ ਸਭ ਮਹਿ ਚਾਨਣੁ ਹੋਇ॥**'
ਨਹੀਂ ਇਸ ਸੱਚ ਨੂੰ ਕਦੇ ਭੁਲਾਣਾਂ, ਉਸ ਤੋਂ ਬਿਨਾਂ ਏਥੇ ਹੋਰ ਕੋਈ ਨਹੀਂ॥
ਪਿਆ ਹਰ ਹਿਰਦੇ ਵਿੱਚ ਉਹੀ ਧਮਕਦਾ, ਹਨ ਸਾਰੇ ਆਪਣੇ ਹੋਰ ਕੋਈ ਨਹੀਂ॥

ਹਨ ਸਾਰੇ ਏਥੇ ਕੇਵਲ ਯਾਤਰੀ, ਹੈ ਇਹ ਜਗਤ ਮੁਸਾਫਰ ਖਾਨਾਂ॥
ਹੈ ਏਥੇ ਕੱਟਣੀ ਸਭਨੇ ਰਾਤਰੀ, ਨਹੀਂ ਬੈਠੇ ਏਥੇ ਕਿਸੇ ਰਹੇ ਜਾਣਾਂ॥
ਫਿਰ ਕਾਹਦੇ ਲਈ ਇਹ ਧੋਖੇਧੜੀਆਂ, ਹਨ ਕਾਹਨੂੰ ਫਿਰ ਇਹ ਲੁੱਟਾਂ ਮਾਰਾਂ;
ਹਨ ਕਿਉਂ ਮੁਸਾਫਰ ਹੀ ਪਏ ਲੜਦੇ, ਹਨ ਕਿਉਂ ਹਰ ਪਾਸੇ ਹਾਹਾਕਾਰਾਂ॥

'**ਏਕੁ ਪਿਤਾ ਏਕਸ ਕੇ ਹਮ ਬਾਰਿਕ**', ਹਨ ਸਾਰੇ ਏਥੇ ਭੈਣਾਂ ਭਾਈ॥
ਇਕੋ ਹੀ ਪਰਿਵਾਰ ਹੈ ਸਾਰਾ, ਹੈ ਇਕੋ ਹੀ ਦਾਇਰਾ ਤੇ ਦਾਈ॥
ਇਹ ਨਸਲਾਂ ਕੌਮਾਂ ਮਜਬਾਂ ਦੇ ਵਿਤਕਰੇ, ਹਨ ਸ਼ੈਤਾਨੀ ਪਾੜੇ ਸਾਰੇ;
ਹੈ ਸਾਰੀ ਹੀ ਖੁਦਾਈ ਇਕੋ ਹੀ, ਹੈ ਸਾਂਝੀ ਸਾਰੀ ਮਾਨਵਤਾਈ॥

ਫਿਰ ਕਿਉਂ ਨਹੀਂ ਪਏ ਮਿਲ ਜੁਲ ਕੇ ਰਹਿੰਦੇ, ਕਿਉਂ ਨਹੀਂ ਸੁਖ ਸ਼ਾਂਤੀ ਨਾਲ ਵੱਸਦੈ॥
ਕਿਉਂ ਹੋਰਾਂ ਨੂੰ ਰਹਿਣ ਸਤਾਉਂਦੇ, ਕਿਉਂ ਦੂਜਿਆਂ ਨੂੰ ਪਏ ਧੌਂਸਾ ਦੱਸਦੇ॥
ਹੈ ਛੋਟੀ ਜਿਹੀ ਇਹ ਮਾਨਵ ਜਿੰਦਗੀ, ਜੋ ਰਲ ਮਿਲਕੇ ਹੈ ਚਾਹੀਦੀ ਮਾਨਣੀ;
ਮੁੜ ਮੁੜ ਕੇ ਨਹੀਂ ਮਿਲਣੀ ਫੇਰ ਇਹ, ਇਹ ਹਕੀਕਤ ਕਿਉਂ ਨਹੀਂ ਲੱਖਦੇ॥

ਆਓ ਜੀਵਨ ਨੂੰ ਨਿਸ਼ਕਪਟ ਬਣਾਈਏ, ਮਾਨਵਤਾਈ ਸਾਂਝਾਂ ਨੂੰ ਪਾਲੀਏ,
ਜਿੰਦੜੀ ਨੂੰ ਨਿਸ਼ਚਿੰਤ ਕਰਨ ਲਈ, ਆਪਣੀਆਂ ਖੁਦਗਰਜ਼ੀਆਂ ਛੱਡੀਏ॥
ਆਪਣੇ ਮਾਨਵੀ ਫਰਜ ਪਾਲੀਏ, ਜੀਓ ਤੇ ਜੀਵਨ ਦਿਓ ਨਾਂ ਭੁਲੀਏ;
ਜੀਵਨ ਅਲਮਸਤੀ ਵਿੱਚ ਜੀਣ ਲਈ, ਕੋਝੀਆਂ ਸੋਚਾਂ ਮਨੋ ਕੱਢੀਏ॥

ਨੇਕ ਨਾਮੀਆਂ ਤੇ ਚੰਗਿਆਈਆਂ, ਹੀ ਹਨ ਆਖਰ ਨਾਲ ਜਾਣੀਆਂ॥
ਬੱਦ ਕਲਾਮੀਆਂ ਤੇ ਬਦਨਾਮੀਆਂ, ਹਨ ਏਥੇ ਹੀ ਪਿੱਛੇ ਰਹਿ ਜਾਣੀਆਂ॥
ਹੈ ਜੀਵਨ ਮਿਲਿਆ ਸੁਧਰਨ ਦੇ ਲਈ, ਕੋਈ ਜੀਵਨ ਮਰਤਬਾ ਪਾਵਨ ਖਾਤਰ;
ਪਰ ਜੇ ਹਾਲੇ ਵੀ ਨਾਂ ਸੰਭਲੇ, ਹਨ ਫਿਰ ਚੌਰਾਸੀਆਂ ਪੈ ਗਲ ਜਾਣੀਆਂ॥

ਆਓ ਆਪਣੇ ਅੰਦਰ ਝਾਕੀਏ, ਆਪਣਾਂ ਜੀਵਨ ਘੋਖ ਵੀਚਾਰੀਏ॥
ਨਾਂਹਵਾਚਕ ਰੁਚੀਆਂ ਨੂੰ ਤਿਆਗੀਏ, ਆਪਣਾਂ ਅੱਗਾ ਆਪ ਸੰਵਾਰੀਏ॥
ਪਿਆਰ ਸਦਭਾਵਨਾਂ ਨਾਲ ਰਹਿਣ ਲਈ, ਸਾਂਝੀਵਾਲਤਾ ਪੱਟੀਆਂ ਪੜ੍ਹੀਏ॥
ਆਪਣਾਂ ਜੀਵਨ ਨਿਰਮਲ ਕਰੀਏ, ਤਾਂ ਜੋ ਸੁਰਖਰੂ ਹੋ ਕੇ ਮੁੜੀਏ॥

**"ਪਰ ਕਾ ਬੁਰਾ ਨਾ ਰਾਖੋ ਚੀਤ॥ ਤੁਮ ਕਉ ਦੁਖੁ ਨਹੀਂ ਭਾਈ ਮੀਤ॥"**
ਸਭਨਾਂ ਦਾ ਹੀ ਭਲਾ ਮੰਗੀਏ॥ ਜੀਵਨ ਗੁਰ ਸਿੱਖੀ ਵਿੱਚ ਰੰਗੀਏ॥
ਐਵੇਂ ਭੇਖੀ ਨਾਂ ਆਖਵਾਈਏ॥ 'ਅਰਸ਼ੀ' ਸੱਚੇ ਸਿੱਖ ਬਣ ਜਾਈਏ॥
ਕੋਈ ਭੇਦ ਵਿਤਕਰਾ ਜਰਾ ਨਾ ਰੱਖੀਏ॥ ਆਪਣਾਂ ਜੀਵਨ ਆਪੇ ਪਰਖੀਏ॥

* * *

## ਅਮਨ ਲਈ ਦੁਆਵਾਂ (ਗੀਤ)

ਸ਼ਾਲਾ ਬਣੀਆਂ ਰਹਿਣ ਸੁਖ ਸ਼ਾਂਤੀਆਂ, ਹਰ ਪਾਸੇ ਹੋਵਣ ਖੁਸ਼ਹਾਲੀਆਂ॥
ਰਹੇ ਬਨਿਆਂ ਅਮਨ ਸੰਸਾਰ ਵਿੱਚ, ਨਾਂ ਦਿੱਸਣ ਕਿਤੇ ਕੰਗਾਲੀਆਂ॥

ਹੈ ਕਾਮਨਾਂ ਮਨ ਦੀ ਭਾਵਨਾਂ, ਰਹੇ ਵਾਤਾਵਰਣ ਸੁਹਾਵਣਾਂ,
ਖਿੜਿਆ ਰਹੇ ਚਮਨ ਇਹ ਮਾਨਵੀ, ਚਰ ਜਾਣ ਨਾਂ ਭੇਡਾਂ ਕਾਲੀਆਂ॥

ਆਦਮ ਹੀ ਵੈਰੀ ਆਦਮ ਦਾ, ਮੱਦ ਹੋਸ਼ੀ ਵਿੱਚ ਨਾਂ ਬਨਿਆ ਰਹੇ,
ਭਾਈਆਂ ਨੂੰ ਭਾਈ ਮਾਰਨ ਨਾਂ, ਵਿੱਚ ਫੱਸ ਕੇ ਮੰਦੀਆਂ ਚਾਲੀਆਂ॥

ਬਾਂਦਰ ਹੱਥ ਮਾਚਸ ਆਵੇ ਨਾਂ, ਕਿਤੇ ਭਾਂਬੜ ਹੀ ਨਾਂ ਲਾ ਦੇਵੇ,
ਸੁਖ ਸਾਂਦੀ ਵੱਸਦੀ ਦੁਨੀਆਂ ਨੂੰ, ਨਾਂ ਕਰਦੇ ਡਾਲੀਆਂ ਡਾਲੀਆਂ।

ਬੰਦੇ ਨੂੰ ਸੋਝੀ ਆ ਜਾਵੇ, ਨਹੀਂ ਰਹਿਣਾਂ ਬੈਠੇ ਉਸ ਏਥੇ,
ਹੋਰ ਤੁਰ ਗਏ ਉਸ ਵੀ ਤੁਰ ਜਾਣਾਂ, ਫਿਰ ਕਾਹਨੂੰ ਘਾਲੀਆਂ ਮਾਲੀਆਂ॥

ਹੈ ਯਾਤਰੂ, ਯਾਤਰੂ ਬਨਿਆ ਰਹੇ, ਆਪਣੀ ਔਕਾਤ ਨੂੰ ਭੁੱਲੇ ਨਾਂ,
ਨਾਲ ਸਾਥੀਆਂ ਝਗੜਾ ਚੰਗਾ ਨਹੀਂ, ਨਹੀਂ ਸੋਂਹਦੇ ਸ਼ਿਕਵੇ ਗਾਲੀਆਂ॥

ਸੋਧ ਲਈਏ 'ਅਰਸ਼ੀ' ਖੁਦ ਨੂੰ ਜੇ, ਬੇਕਾਰ ਸੋਚਣਾਂ ਛੱਡ ਦੇਈਏ,
ਆਪਾ ਜੇ ਸਾਂਭ ਸੰਵਾਰ ਲਈਏ, ਹਰ ਰੋਜ ਹੀ ਫੇਰ ਦੀਵਾਲੀਆਂ॥

ਬਣ ਜਾਈਏ ਫੁੱਲਾਂ ਵਰਗੇ ਜੇ, ਵੰਡਦੇ ਰਹੀਏ ਖੁਸ਼ਬੋਈਆਂ ਹੀ,
ਜਨਤ ਬਣ ਜਾਏਗੀ ਧਰਤੀ ਇਹ, ਨਹੀਂ ਰਹਿਣਗੀਆਂ ਮੰਦਹਾਲੀਆਂ॥

ਮਨਮਰਜੀਆਂ ਖੁਦਗਰਜੀਆਂ, ਨੂੰ ਉਭਰਨ ਹੀ ਜੇ ਨਾ ਦੇਈਏ,
ਸੁਖ ਚੈਨ ਰਹੇਗਾ ਬਨਿਆ ਫਿਰ, ਪਲਰਨਗੀਆਂ ਨੇਕ ਖਿਆਲੀਆਂ॥

* * *

## ਹੇ ਅਰਸ਼ੀ ਦਾਤਾ ਵਰਦਾਨ ਦਿਓ !

ਹੇ ਅਰਸ਼ੀ ਦਾਤਾ ਸਤਿਗੁਰ ਨਾਨਕ! ਕਰੋ ਰਹਿਮਤ ਇਹ ਵਰਦਾਨ ਦਿਓ॥
ਨਾਂ ਭਟਕਾਂ ਰਾਹ ਰੂਹਾਨੀ ਤੋਂ ਮੈਂ, ਸਿਰ ਹੱਥ ਧਰੋ ਗੁਰ ਗਿਆਨ ਦਿਓ॥

ਮੈਂ ਨਿਮਰ ਨਿਮਾਣਾਂ ਹੀ ਬਣਿਆ ਰਹਾਂ, ਮੇਰੀ ਹਉਮੈ ਹੰਗਤਾ ਮਾਰ ਦਿਓ॥
ਮੱਦ ਮਾਇਆ ਜਾਲ ਚੋਂ ਕੱਢ ਦਿਓ, ਭਰ ਹਿਰਦੇ ਸੱਚਾ ਪਿਆਰ ਦਿਓ॥

ਮੈਂ ਦੁਨੀਆਂਦਾਰ ਨਾਂ ਬਣਿਆ ਰਹਾਂ, ਨਾਂ ਫੱਸਿਆ ਰਹਾਂ ਮੋਹ ਮਾਇਆ ਵਿੱਚ॥
ਆਪਣਾਂ ਇਹ ਜਨਮ ਸੰਵਾਰ ਸਕਾਂ, ਨਾਂ ਰਹਾਂ ਉਲਝਿਆ ਸਾਇਆ ਵਿੱਚ॥

ਮੈਂ ਆਪਣਾਂ ਮੂਲ ਪਛਾਣ ਲਵਾਂ, ਮਿਲ ਸਕਾਂ ਆਪਣੇ ਕਾਦਰ ਨੂੰ॥
ਵਿਛੜੀ ਹੋਈ ਬੂੰਦ ਨਿਮਾਣੀ ਮੈਂ, ਮਿਲ ਸੱਕਾਂ ਆਪਣੇ ਸਾਗਰ ਨੂੰ॥

ਗੁਰ ਸ਼ਬਦ ਦਾ ਪੱਲਾ ਛੁੱਟੇ ਨਾਂ, ਗੁਰ ਚਰਨਾਂ ਵਿੱਚ ਹੀ ਜੁੜਿਆਂ ਰਹਾਂ॥
ਬੱਸ ਵਾਹਿਗੁਰੂ ਵਾਹਿਗੁਰੂ ਕਰਦਾ ਰਹਾਂ, ਗੁਰ ਸਿਜਦੇ ਵਿੱਚ ਹੀ ਉੜਿਆ ਰਹਾਂ॥

ਵੱਸ ਜਾਵੇ ਬਾਣੀ ਮਨ ਅੰਦਰ, ਦਿਨ ਰਾਤ ਹੀ ਬਾਣੀ ਪੜ੍ਹਦਾ ਰਹਾਂ॥
ਬਾਣੀ ਹੀ ਬੰਦਗੀ ਬਣ ਜਾਵੇ, ਨਿਤ ਧਰਮ ਦੀ ਪਉੜੀ ਚੜ੍ਹਦਾ ਰਹਾਂ॥

ਤੇਰੀ ਸਿੱਖਿਆ ਨੂੰ ਆਪਣਾ ਸਕਾਂ, ਤੇਰਾ ਸੱਚਾ ਸਿੱਖ ਅਖਵਾ ਸਕਾਂ॥
ਗੁਰ ਆਪਣੇ ਸਨਮੁਖ ਬਹਿ ਸਕਾਂ, ਚਰਨਾਂ ਵਿੱਚ ਥਾਂ ਬਣਾ ਸਕਾਂ॥

ਮੁੱਕ ਜਾਵੇ ਜੰਮਣਾਂ ਮਰਨਾਂ ਇਹ, ਸੱਚ ਅੰਦਰ ਲੀਣ ਹੀ ਹੋ ਜਾਵਾਂ॥
ਇਹ ਸੱਚ ਹੀ ਤਾਂ ਪਰਮਾਤਮ ਹੈ, ਉਸ ਵਿੱਚ ਵਲੀਣ ਹੀ ਹੋ ਜਾਵਾਂ॥

ਮਿੱਟ ਜਾਣ ਭੱਟਕਣਾਂ ਸੰਸਾਰੀ, ਮੁੱਕ ਜਾਣ ਤ੍ਰਿਸ਼ਨਾਵਾਂ ਕਾਮਨਾਵਾਂ॥
ਤ੍ਰਿਪਤੀ ਸੰਤੁਸ਼ਟੀ ਬਣ ਜਾਵੇ, ਰੁੱਕ ਜਾਣ ਫੋਕੀਆਂ ਭਾਵਨਾਵਾਂ॥

ਚੜ੍ਹ ਜਾਵੇ ਨਾਮ ਖੁਮਾਰੀ ਹੀ, ਹੋ ਜਾਵਾਂ ਮਸਤ ਹੀ ਮਨ ਅੰਦਰ॥
ਰਹੇ 'ਅਰਸ਼ੀ' ਯਾਦਾਂ ਵਿੱਚ ਜੁੜਿਆ, ਬਣ ਜਾਵੇ 'ਅਰਸ਼ੀ' ਮਨ ਮੰਦਰ॥

ਕਰ ਸੱਕਾਂ ਸਫਲ ਇਸ ਫੇਰੀ ਨੂੰ, ਮਨ ਆਤਮ ਸੁਰਖੁਰੂ ਹੋ ਸੱਕਾਂ॥
ਕੋਈ ਰਾਹ ਵਿੱਚ ਰੇ ਰੇ ਆਖੇ ਨਾ, ਦਰਗਾਹ ਵਿੱਚ ਸੁਰਖਰੂ ਹੋ ਸੱਕਾਂ॥

ਕਰੋ ਕਿਰਪਾ ਲਵੋ ਕਰ ਆਪਣਾਂ ਹੀ, 'ਅਰਸ਼ੀ' ਨੂੰ ਇਹ ਵਰਦਾਨ ਦਿਓ॥
ਰਹੇ ਮਿਲਦੀ ਛੋਹ ਗੁਰ ਚਰਨਾਂ ਦੀ, ਸਿਰ ਹੱਥ ਮਿਹਰਾਂ ਦਾ ਤਾਣ ਦਿਓ॥

**''ਕਿਰਪਾ ਕਰਹੁ ਦੀਨ ਕੇ ਦਾਤੇ, ਮੇਰਾ ਗੁਣ ਆਵਗੁਣ ਨਾ ਬਿਚਾਰੋ ਕੋਈ॥**
**ਮਾਟੀ ਕਾ ਕਿਆ ਧੋਪੈ ਸੁਆਮੀ, ਮਾਨਸ ਕੀ ਗਤਿ ਏਹੀ॥''**

* * *

## ਮਿਹਰਬਾਨ ਸਾਹਿਬ ਮਿਹਰਬਾਨ

ਧਰਣਿ ਸੁਵੰਨੀ ਖੜ ਰਤਨ ਜੜਾਵੀ ਹਰਿ ਪ੍ਰੇਮ ਪੁਰਖੁ ਮਨਿ ਵੁਠਾ॥
ਸਭੇ ਕਾਜ ਸੁਹੇਲੜੇ ਥੀਏ ਗੁਰੁ ਨਾਨਕ ਸਤਿਗੁਰੁ ਤੁਠਾ॥
(ਅੰਗ 322 ਗੁ. ਗ੍ਰੰ. ਸਾ:)

ਭੂਲੇ ਮਾਰਗ ਜਿਨਹਿ ਬਤਾਇਆ॥ ਐਸਾ ਗੁਰੁ ਵਡਭਾਗੀ ਪਾਇਆ॥
ਅਗਨਿ ਸਾਗਰ ਬੂਡਤ ਸੰਸਾਰਾ॥ ਨਾਨਕ ਬਾਂਹ ਪਕਰਿ ਸਤਿਗੁਰਿ ਨਿਸਤਾਰਾ॥
(ਅੰਗ 803 ਗੁ. ਗ੍ਰੰ. ਸਾ:)

ਖਾਤ ਪੀਤ ਖੇਲਤ ਹਸਤ ਭਰਮੇ ਜਨਮ ਅਨੇਕ॥
ਭਵਜਲ ਤੇ ਕਾਢਹੁ ਪ੍ਰਭੂ ਨਾਨਕ ਤੇਰੀ ਟੇਕ॥
ਤੁਧੁ ਭਾਵੈ ਤਾ ਬਖਸਿ ਲੈਹਿ ਖੋਟੇ ਸੰਗਿ ਖਰੇ॥
ਨਾਨਕ ਭਾਵੈ ਪਾਰਬ੍ਰਹਮ ਪਾਹਨ ਨੀਰਿ ਤਰੇ॥

(ਪੰਨਾ 261 ਗੁ. ਗ੍ਰੰ. ਸਾ:)

ਸਤਿਗੁਰ ਮੇਰਾ ਸਦਾ ਦਿਆਲਾ, ਮੋਹਿ ਦੀਨ ਕਉ ਰਾਖਿ ਲੀਆ॥
ਕਾਟਿਆ ਰੋਗੁ ਮਹਾਂ ਸੁਖ ਪਾਇਆ, ਹਰਿ ਅੰਮ੍ਰਿਤੁ ਮੁਖਿ ਨਾਮੁਦੀਆ॥
(ਅੰਗ 383 ਗੁ. ਗ੍ਰੰ. ਸਾ:)

ਕਚਹੁ ਕੰਚਨੁ ਭਇਅਓ ਸਬਦੁ ਗੁਰ ਸ੍ਰਵਣਹਿ ਸੁਣਿਓ॥
ਬਿਖੁ ਤੇ ਅੰਮ੍ਰਿਤ ਹੁਯਉ ਨਾਮੁ ਸਤਿਗੁਰ ਮੁਖਿ ਭਣਿਅਓ॥
ਲੋਹਉ ਹੋਯਉਂ ਲਾਲੁ ਨਦਰਿ ਸਤਿਗੁਰ ਜਦਿ ਧਾਰੈ॥
ਪਾਹਣ ਮਾਣਕ ਕਰੈ ਗਿਆਨੁ ਗੁਰ ਕਹਿਅਉ ਬੀਚਾਰੈ॥
ਕਾਠਹੁ ਸ੍ਰੀ ਖੰਡ ਸਤਿਗੁਰਿ ਕੀਅਉ ਦੁਖ ਦਰਿਦ੍ਰ ਤਿਨ ਕੇ ਗਇਆ॥
ਸਤਿਗੁਰ ਚਰਨ ਜਿਨ ਪਰਸਿਆ ਸੇ ਪਸੁ ਪਰੇਤ ਸੁਰਿ ਨਰ ਭਇਆ॥
(ਅੰਗ 1399 ਗੁ. ਗ੍ਰੰ. ਸਾ:)

ਸੋ ਸਤਿਗੁਰੁ ਧੰਨੁ ਧੰਨੁ ਜਿਨਿ ਭਰਮ ਗੜੁ ਤੋੜਿਆ।।
ਸੋ ਸਤਿਗੁਰ ਵਾਹੁ ਵਾਹੁ ਜਿਨਿ ਹਰਿ ਸਿਉ ਜੋੜਿਆ॥
(ਅੰਗ 522 ਗੁ. ਗ੍ਰੰ. ਸਾ:)

ਮਹਿਮਾ ਕਹੀ ਨ ਜਾਇ ਗੁਰ ਸਮਰਥ ਦੇਵ ॥
ਗੁਰ ਪਾਰਬ੍ਰਹਮ ਪਰਮੇਸ਼ਰ ਅਪਰੰਪਾਰ ਅਲਖ ਅਭੇਦ ॥
(ਅੰਗ 522 ਗੁ. ਗ੍ਰੰ. ਸਾ:)

## ................ ਆਭਾਰੀ ਹਾਂ-ਧੰਨਵਾਦੀ ਹਾਂ ................

ਹੋ ਗਈਆਂ ਮਿਹਰਾਂ ਮਿਹਰ ਬਾਨੀਆਂ,
ਹੋ ਗਈਆਂ ਆਸਾਂ ਪੂਰੀਆਂ ॥
ਮਨ ਦੀਆਂ ਰੀਝਾਂ ਹਨ ਸੰਤੁਸ਼ਟੀਆਂ,
ਘੱਟ ਗਈਆਂ ਜਾਪਣ ਦੂਰੀਆਂ ॥

ਤੁਰਦੇ ਤੁਰਦੇ ਰਾਹ ਰੂਹਾਨੀ,
ਆ ਮੰਜਲ ਨੇੜੇ ਪੁੱਜੇ ॥
ਮਿਹਰ ਗੁਰਾਂ ਦੀ ਕਿਰਪਾ ਸਦਕਾ,
ਨਿਰਵਿਰਤੀ ਵਿੱਚ ਪੂਰੇ ਰੁੱਝੇ ॥

ਮਨ ਬਚਨ ਤੇ ਕਰਮਾਂ ਕਰਕੇ,
ਆਪਣੇ ਸਤਿਗੁਰ ਨੂੰ ਸ਼ੁਕਰਾਵਾਂ ॥
ਪੁਸਤਕ ਛੇਵੀਂ ਹੋਈ ਸੰਪੂਰਨ,
'ਅਰਸ਼ੀ' ਮੁੜ ਮੁੜ ਸੀਸ ਝੁਕਾਵਾਂ ॥

ਇਹ ਰਹਿਮਤ ਕਰਮ ਕਮਾਲਸ ਹੈ ਤੇਰਾ ॥
ਸਮਝ, ਸੋਝੀ, ਸੂਝ, ਖਿਆਲ ਹੈ ਤੇਰਾ ॥
ਨਹੀਂ ਸੀ ਮੇਰੀ ਕੋਈ ਸਮਰਥਾ,
ਇਹ ਸਾਰਾ ਇਕਬਾਲ ਹੈ ਤੇਰਾ ॥

**ਤ੍ਰਿਲੋਕ ਸਿੰਘ 'ਅਰਸ਼ੀ'**

❑ ❑ ❑